Space for Advertisement

13ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -14 ISSUE - 15

July 16, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Space for Advertisement

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ

## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਡਾ. ਨਛੱਤਰ ਪਾਲ (ਐਮ.ਐਲ.ਏ. ਨਵਾਂਸ਼ਹਿਰ) ਹੋਏ ਨਤਮਸਤਕ








(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11-12 'ਤੇ)

# ਭਾਰਤ, ਚੀਨ ਤੇ ਬ੍ਰਾਜ਼ੀਲ ਵਿਰੁੱਧ ਅਮਰੀਕਾ ਤੇ ਨਾਟੋ ਇਕੱਠੇ



ਵਾਸ਼ਿੰਗਟਨ (ਬਿਊਰੋ)- ਨਾਟੋ ਦੇ ਸਕੱਤਰ ਜਨਰਲ ਮਾਰਕ ਰੂਟੇ ਨੇ ਬੁੱਧਵਾਰ ਨੂੰ ਚੇਤਾਵਨੀ ਦਿੱਤੀ ਕਿ ਭਾਰਤ, ਬ੍ਰਾਜ਼ੀਲ ਤੇ ਚੀਨ ਵਰਗੇ ਮੁਲਕ ਜੇਕਰ ਰੂਸ ਨਾਲ ਕਾਰੋਬਾਰ ਜਾਰੀ ਰੱਖਦੇ ਹਨ ਤਾਂ ਉਨ੍ਹਾਂ ਨੂੰ ਸਖ਼ਤ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰੂਟੇ ਨੇ 'ਬ੍ਰਿਕਸ' ਸਮੂਹ 'ਚ ਸ਼ਾਮਲ ਇਨ੍ਹਾਂ ਮੁਲਕਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਪੂਤਿਨ ਨੂੰ ਸ਼ਾਂਤੀ ਵਾਰਤਾ ਲਈ ਸੰਜੀਦਾ ਹੋਣ ਵਾਸਤੇ ਕਹਿਣ ਜਾਂ ਫਿਰ ਰੂਸ ਸਖ਼ਤ ਪਾਬੰਦੀਆਂ ਲਈ ਤਿਆਰ ਰਹੇ।

ਰੂਟੇ ਨੇ ਇਹ ਟਿੱਪਣੀ ਅਮਰੀਕੀ ਕਾਂਗਰਸ ਵਿੱਚ ਸੈਨੇਟਰਾਂ ਨਾਲ ਮੁਲਾਕਾਤ ਦੌਰਾਨ ਕੀਤੀ ਜਦੋਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਯੂਕਰੇਨ ਲਈ ਨਵੇਂ ਹਥਿਆਰਾਂ ਦਾ ਐਲਾਨ ਕੀਤਾ ਅਤੇ 50 ਦਿਨਾਂ ਵਿੱਚ ਸ਼ਾਂਤੀ ਸਮਝੌਤਾ ਨਾ ਹੋਣ 'ਤੇ ਰੂਸੀ ਬਰਾਮਦਾਂ ਦੇ ਖਰੀਦਦਾਰਾਂ 'ਤੇ 100 ਫੀਸਦ ਸੈਕੰਡਰੀ ਟੈਰਿਫ ਲਾਉਣ ਦੀ ਧਮਕੀ ਦਿੱਤੀ।

ਰੂਟੇ ਨੇ ਪੱਤਰਕਾਰਾਂ ਨੂੰ ਕਿਹਾ, ''ਇਨ੍ਹਾਂ ਤਿੰਨਾਂ ਦੇਸ਼ਾਂ ਨੂੰ ਮੇਰੀ ਸਲਾਹ ਹੈ, ਖਾਸ ਕਰਕੇ, ਜੇਕਰ ਤੁਸੀਂ ਹੁਣ ਬੀਜਿੰਗ ਵਿੱਚ ਰਹਿੰਦੇ ਹੋ, ਜਾਂ ਦਿੱਲੀ ਵਿੱਚ, ਜਾਂ ਤੁਸੀਂ ਬ੍ਰਾਜ਼ੀਲ ਦੇ ਰਾਸ਼ਟਰਪਤੀ ਹੋ, ਤਾਂ ਤੁਸੀਂ ਇਸ 'ਤੇ ਇੱਕ ਨਜ਼ਰ ਮਾਰਨਾ ਚਾਹੋਗੇ, ਕਿਉਂਕਿ ਇਹ ਤੁਹਾਨੂੰ ਅਸਰਅੰਦਾਜ਼ ਕਰ ਸਕਦਾ ਹੈ।''

ਰੂਟੇ ਨੇ ਸੋਮਵਾਰ ਨੂੰ ਟਰੰਪ ਨਾਲ ਮੁਲਾਕਾਤ ਕੀਤੀ ਅਤੇ ਟੈਰਿਫ ਨੂੰ ਲੈ ਕੇ ਨਵੀਂ ਪੇਸ਼ਕਦਮੀ 'ਤੇ ਸਹਿਮਤੀ ਪ੍ਰਗਟਾਈ। ਰੂਟੇ ਨੇ ਕਿਹਾ, ''ਇਸ ਲਈ ਕ੍ਰਿਪਾ ਕਰਕੇ ਪੂਤਿਨ ਨੂੰ ਫੋਨ ਕਰੋ ਤੇ ਦੱਸੋ ਕਿ ਉਨ੍ਹਾਂ ਨੂੰ ਸ਼ਾਂਤੀ ਵਾਰਤਾ ਬਾਰੇ ਸੰਜੀਦਾ ਹੋਣਾ ਹੋਵੇਗਾ, ਜੇ ਅਜਿਹਾ ਨਹੀਂ ਹੁੰਦਾ ਤਾਂ ਭਾਰਤ, ਬ੍ਰਾਜ਼ੀਲ ਤੇ ਚੀਨ 'ਤੇ ਇਸ ਦਾ ਵਿਆਪਕ ਅਸਰ ਪਏਗਾ।''

# ਟਰੰਪ ਨੇ ਪੁਤਿਨ ਨਾਲ ਪ੍ਰਗਟਾਈ ਨਾਰਾਜ਼ਗੀ, ਵਧੇਗੀ ਯੂਕਰੇਨ ਜੰਗ



**ਨਿਊ ਜਰਸੀ-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਐਲਾਨ ਕੀਤਾ ਕਿ ਉਹ ਯੂਕਰੇਨ ਨੂੰ ਪੈਟ੍ਰਿਅਟ ਏਅਰ ਡਿਫੈਂਸ ਸਿਸਟਮ ਭੇਜਣਗੇ ਅਤੇ ਰੂਸ 'ਤੇ ਨਵੀਆਂ ਪਾਬੰਦੀਆਂ ਲਗਾਉਣ ਦਾ ਸੰਕੇਤ ਦਿੱਤਾ। ਟਰੰਪ ਨੇ ਇੱਕ ਵਾਰ ਫਿਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਯੂਕਰੇਨ ਵਿੱਚ ਯੁੱਧ 'ਤੇ ਨਾਰਾਜ਼ਗੀ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਉਹ ਮਿੱਠਾ ਬੋਲਦੇ ਹਨ ਪਰ ਫਿਰ ਬੰਬ ਸੁੱਟਦੇ ਹਨ। ਯੂਕਰੇਨ ਅਤੇ ਰੂਸ ਵਿਚਕਾਰ ਯੁੱਧ ਨੂੰ ਤਿੰਨ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਟਰੰਪ ਨੇ ਕਿਹਾ, "ਅਸੀਂ ਯੂਕਰੇਨ ਨੂੰ ਪੈਟ੍ਰਿਅਟ ਸਿਸਟਮ ਭੇਜਾਂਗੇ, ਜਿਸਦੀ ਉਨ੍ਹਾਂ ਨੂੰ ਸਖ਼ਤ ਜ਼ਰੂਰਤ ਹੈ।" ਹਾਲਾਂਕਿ, ਉਨ੍ਹਾਂ ਇਹ ਨਹੀਂ ਦੱਸਿਆ ਕਿ ਕਿੰਨੇ ਹਥਿਆਰ ਭੇਜੇ ਜਾਣਗੇ।

ਨਿਊ ਜਰਸੀ ਵਿੱਚ ਫੀਫਾ ਕਲੱਬ ਵਿਸ਼ਵ ਕੱਪ ਫਾਈਨਲ ਦੇਖਣ ਤੋਂ ਬਾਅਦ ਟਰੰਪ ਨੇ ਜੁਆਇੰਟ ਬੇਸ ਐਂਡਰਿਊਜ਼ ਵਿਖੇ ਪੱਤਰਕਾਰਾਂ ਨੂੰ ਕਿਹਾ, "ਮੈਂ ਅਜੇ ਹਥਿਆਰਾਂ ਦੀ ਗਿਣਤੀ ਦਾ ਫੈਸਲਾ ਨਹੀਂ ਕੀਤਾ ਹੈ, ਪਰ ਯੂਕਰੇਨ ਨੂੰ ਸੁਰੱਖਿਆ ਲਈ ਜ਼ਰੂਰ ਕੁਝ ਮਿਲੇਗਾ।"

ਇਸ ਦੇ ਨਾਲ, ਵ੍ਹਾਈਟ ਹਾਊਸ ਨੇ ਪਹਿਲਾਂ ਕੀਤੇ ਐਲਾਨ ਨੂੰ ਉਲਟਾ ਦਿੱਤਾ, ਜਿਸ ਵਿੱਚ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਰੋਕਣ ਦੀ ਗੱਲ ਕੀਤੀ ਗਈ ਸੀ। ਹੁਣ ਨਵੀਂ ਯੋਜਨਾ ਇਹ ਹੈ ਕਿ ਨਾਟੋ ਹਥਿਆਰਾਂ ਲਈ ਅਮਰੀਕਾ ਨੂੰ ਪੂਰੀ ਰਕਮ ਅਦਾ ਕਰੇਗਾ।

**ਮੈਕਸੀਕੋ ਦੇ ਟਮਾਟਰਾਂ 'ਤੇ ਟੈਕਸ**

ਅਮਰੀਕਾ ਨੇ ਮੈਕਸੀਕੋ ਤੋਂ ਆਯਾਤ ਕੀਤੇ ਜਾਣ ਵਾਲੇ ਤਾਜ਼ੇ ਟਮਾਟਰਾਂ 'ਤੇ 17.09 ਪ੍ਰਤੀਸ਼ਤ ਦੀ ਭਾਰੀ ਐਂਟੀ-ਡੰਪਿੰਗ ਡਿਊਟੀ ਲਗਾਈ ਹੈ। ਅਮਰੀਕੀ ਵਣਜ ਵਿਭਾਗ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਇਹ ਕਾਰਵਾਈ ਮੈਕਸੀਕੋ ਵੱਲੋਂ ਕਥਿਤ ਤੌਰ 'ਤੇ ਅਨੁਚਿਤ ਵਪਾਰ ਕਾਰਨ ਕੀਤੀ ਗਈ ਹੈ। ਇਹ ਫੈਸਲਾ 2019 ਵਿੱਚ ਉਸ ਸਮਝੌਤੇ ਦੀ ਸਮਾਪਤੀ ਤੋਂ ਬਾਅਦ ਆਇਆ। ਇਸ ਸਮਝੌਤੇ ਦੇ ਕਾਰਨ, ਅਜਿਹੇ ਦੋਸ਼ਾਂ ਦੀ ਮਨਾਹੀ ਸੀ। ਮੈਕਸੀਕੋ ਅਮਰੀਕਾ ਨੂੰ ਤਾਜ਼ੇ ਟਮਾਟਰਾਂ ਦਾ ਸਭ ਤੋਂ ਵੱਡਾ ਸਪਲਾਇਰ ਹੈ ਅਤੇ ਇਹ ਨਵੀਂ ਡਿਊਟੀ ਦੋਵਾਂ ਦੇਸ਼ਾਂ ਦੇ ਵਪਾਰਕ ਸਬੰਧਾਂ ਵਿੱਚ ਤਣਾਅ ਵਧਾ ਸਕਦੀ ਹੈ। ਅਮਰੀਕਾ ਦੇ ਵਣਜ ਸਕੱਤਰ ਹਾਵਰਡ ਲੁਟਨਿਕ ਨੇ ਕਿਹਾ, "ਮੈਕਸੀਕੋ ਸਾਡਾ ਬਹੁਤ ਵਧੀਆ ਦੋਸਤ ਹੈ, ਪਰ ਸਾਡੇ ਕਿਸਾਨ ਲੰਬੇ ਸਮੇਂ ਤੋਂ ਅਨੁਚਿਤ ਵਪਾਰ ਕਾਰਨ ਦੁਖੀ ਹਨ। ਟਮਾਟਰਾਂ ਦੀਆਂ ਕੀਮਤਾਂ ਘਟਾਉਣ ਨਾਲ ਸਾਡੇ ਬਾਜ਼ਾਰ ਨੂੰ ਨੁਕਸਾਨ ਪਹੁੰਚਿਆ ਹੈ। ਹੁਣ ਇਹ ਰੁਝਾਨ ਰੁਕ ਜਾਵੇਗਾ।" ਉਨ੍ਹਾਂ ਇਹ ਵੀ ਕਿਹਾ ਕਿ ਇਹ ਕਦਮ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵਪਾਰ ਨੀਤੀਆਂ ਦੇ ਅਨੁਸਾਰ ਹੈ।



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY
Ram Saroay
Broker/Realtor
Commercial Properties
Business License 031035
ramsaroay@hotmail.com



Cell (510) 368-3983



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823


ਐਸਾ ਚਾਹੂੰ ਰਾਜ ਮੈ ਜਹਾ ਮਿਲੈ ਸਭਨ ਕੋ ਅੰਨ
ਛੋਟ ਬੜੇ ਸਭ ਸਮ ਬਸੈ ਰਵਿਦਾਸ ਰਹੈ ਪ੍ਰਸੰਨ
SATNAM WAHEGURU JI
ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਸਭਾ,
ਪਿਟਸਬਰਗ ਕੈਲੀਫੋਰਨੀਆ ਐਤਵਾਰ ਦੇ ਵਿਸ਼ੇਸ਼ ਦਿਵਾਨਾ ਵਿੱਚ
ਡਾ. ਨਛੱਤਰ ਪਾਲ
ਐੱਮ.ਐੱਲ.ਏ. ਨਵਾਂਸ਼ਹਿਰ, ਬਹੁਜਨ ਸਮਾਜ ਪਾਰਟੀ
ਇੰਚਾਰਜ ਬਸਪਾ ਪੰਜਾਬ
ਗੁਰੂਘਰ ਅਤੇ ਸੰਗਤਾ ਦੇ ਦਰਸ਼ਨਾ ਲਈ ਪਹੁੰਚ ਰਹੇ ਹਨ
ਸਾਰੀਆ ਸੰਗਤਾਂ ਨੂੰ ਪਰਿਵਾਰ ਸਮੇਤ ਪਹੁੰਚਣ ਦੀ ਬੇਨਤੀ ਹੈ
ਮਿਤੀ 20 ਜੁਲਾਈ ਐਤਵਾਰ
ਸੁਖਮਨੀ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ 11:30 AM
ADDRESS : 2150 CRESTVIEW DR,PITTSBURG, CA 94565
ਬੇਨਤੀ ਕਰਤਾ
ਸ਼੍ਰੀ ਗੁਰੂ ਰਵਿਦਾਸ ਸਭਾ ,ਪਿਟਸਬਰਗ ਕੈਲੀਫੋਰਨੀਆ

ੴ

ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਿਹ॥
ਬੋਲੇ ਸੋ ਨਿਰਭੈ, ਸਤਿਗੁਰੂ ਰਵਿਦਾਸ ਮਹਾਰਾਜ ਕੀ ਜੈ॥



ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਗੁਰੂ ਘਰ ਵਿਖੇ

ਬਹੁਜਨ ਸਮਾਜ ਪਾਰਟੀ ਦੇ ਡਾ. ਨਛੱਤਰ ਪਾਲ ਜੀ

ਐਮ.ਐਲ.ਏ. ਨਵਾਂਸ਼ਹਿਰ, ਬਸਪਾ ਪਾਰਟੀ ਇੰਚਾਰਜ ਪੰਜਾਬ

27 ਜੁਲਾਈ 2025 ਦਿਨ ਐਤਵਾਰ ਨੂੰ ਆਉਣਗੇ।



Dr. Nachhater Pal
MLA Nawanshahr
Bahujan Samaj Party
Incharge BSP Punjab

ਆਪ ਸਮੂੰਹ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਆਓ ਆਪਾਂ ਰਲ ਮਿਲ ਕੇ ਇਕੱਠੇ ਹੋ ਕੇ ਇਕ ਦੂਸਰੇ ਨਾਲ ਵਿਚਾਰਾਂ ਦੀ ਸਾਂਝ ਪਾਈਏ।

ਪ੍ਰੋਗਰਾਮ ਸਵੇਰੇ 9:00 ਵਜੇ ਆਸਾ ਦੀ ਵਾਰ ਦਾ ਕੀਰਤਨ ਉਪਰੰਤ ਸ੍ਰੀ ਸੁਖਮਨੀ ਸਾਹਿਬ ਦੇ ਜਾਪ
12:00 ਵਜੇ ਕੀਰਤਨ ਦਰਬਾਰ ਸਜਾਏ ਜਾਣਗੇ।

ਗੁਰੂ ਘਰ ਦੀ ਨਵੀਂ ਮੈਂਬਰਸ਼ਿਪ 3 ਅਗਸਤ 2025 ਦਿਨ ਐਤਵਾਰ ਤੋਂ ਭਰਨੀ ਆਰੰਭ ਹੋ ਜਾਵੇਗੀ, ਪੁਰਾਣੀ ਵੀ ਨਵਿਆਈ ਜਾਵੇਗੀ।
Shri Guru Ravidas Sabha of New York will start a new membership drive on August 3, 2025, and will also renewe old memberships

ਪਹੁੰਚ ਰਹੇ ਪ੍ਰਸਿੱਧ ਰਾਗੀ ਜਥੇ ਅਤੇ ਕਥਾਵਾਚਕ

ਗੁਰੂ ਘਰ ਦਾ ਜੱਥਾ



ਬਾਬਾ ਬ੍ਰਹਮ ਦਾਸ ਜੀ, ਭਾਈ ਰੂਪ ਸਿੰਘ, ਭਾਈ ਦਿਲਬਾਗ ਸਿੰਘ ਤੇ ਭਾਈ ਸਰਬਜੀਤ ਸਿੰਘ ਜੀ

ਵਿਸ਼ੇਸ਼ ਹਾਜ਼ਰੀ ਕਥਾ ਅਤੇ ਕੀਰਤਨ



ਸੰਤ ਜੀਤ ਦਾਸ ਜੀ ਮਾਹਲ ਗਹਿਲਾਂ ਵਾਲਿਆਂ ਦਾ ਜਥਾ

ਗੁਰੂ ਕੇ ਲੰਗਰ : ਠੰਡੇ ਤੇ ਮਿੱਠੇ ਦੁੱਧ ਸੋਡੇ ਦੀ ਛਬੀਲ ਲਗਾਈ ਜਾਵੇਗੀ। ਸਾਰਾ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।



PARAMJIT KAMAM
President
646-331-1206

VERY WARM WELCOME FROM MANAGEMENT COMMITTEE AND TRUST COMMITTEE MEMBERS
PRESIDENT: PARAMJIT KAMAM, CHAIRMAN: JASWINDER SINGH, SENIOR V. PRESIDENT: GURDYAL RAMVICE, PRESIDENT: PARAMJIT LAL GENERAL SECRETARY: CHARANJIT SINGH JHALLY, JOINT. SEC: BALVINDER BHAURA, PUB. REL. SEC : TAWINDER SINGH BAINS LANGAR SEC: GURNAM SINGH VIRDI, HEAD CASHIERS: KIRPAL SINGH, JOINT CASHIER: MANOHAR KALER

TRUSTEE COMMITTEE MEMBERS - SURAJ PARKASH, SATNAM SINGH, MOHINDER RAM, SUKHWINDER SINGH VIRDI, BALJINDER KUMAR, LAKHVIR KATARIA, BUTA RAM, AVTAR BHATIA, ASHWANI DADRA & RAMESH MAHEY.




JASWINDER SINGH BILLA
Chairman
917-459-4303

ਜਾਰੀ ਕਰਤਾ : ਸਮੂਹ ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ ਮੈਂਬਰ

SHRI GURU RAVIDAS SABHA OF NEW YORK INC.
YouTube Channel: @ShriGuruRavidasSabhaofNewYork
61-01 BROADWAY WOODSIDE NY 11377
PHONE: 929-462-0184, EMAIL : GURURAVIDASSSNYC@GMAIL.COM

Design : Walia Interprises # 98153-78692

# ਟੈਕਸਾਸ ਵਿੱਚ ਫਿਰ ਆਇਆ ਹੜ, ਬਚਾਅ ਕਾਰਜ ਜੰਗੀ ਪੱਧਰ 'ਤੇ, ਭਾਰੀ ਬਾਰਿਸ਼ ਦੀ ਚਿਤਾਵਨੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੁਝ ਦਿਨ ਪਹਿਲਾਂ ਕੇਂਦਰੀ ਟੈਕਸਾਸ ਵਿੱਚ ਆਏ ਭਿਆਨਕ ਹੜ ਦੀ ਯਾਦ ਅਜੇ ਤਾਜਾ ਹੀ ਹੈ ਕਿ ਹੋਈ ਭਾਰੀ ਬਾਰਿਸ਼ ਕਾਰਨ ਉਥੇ ਫਿਰ ਹੜ ਆ ਗਿਆ ਹੈ। ਟੈਕਸਾਸ ਦੇ ਗਵਰਨਰ ਗਰੇਗ ਅਬੋਟ ਨੇ ਕਿਹਾ ਹੈ ਕਿ ਸੈਨ ਸਾਬਾ, ਲੈਮਪਾਸਸ ਤੇ ਸ਼ਲੀਚੇਰ ਕਾਊਂਟੀਆਂ ਵਿੱਚ ਬਚਾਅ ਟੀਮਾਂ ਆਪਣਾ ਕੰਮ ਕਰ ਰਹੀਆਂ ਹਨ ਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਣ ਦੇ ਆਦੇਸ਼ ਦੇ ਦਿੱਤੇ ਗਏ ਹਨ। ਐਕਸ ਉਪਰ ਪਾਈ ਇਕ ਪੋਸਟ ਵਿੱਚ ਉਨਾਂ ਕਿਹਾ ਹੈ ਕਿ ਸਾਰੀਆਂ ਪ੍ਰਭਾਵਿਤ ਕਾਊਂਟੀਆਂ ਵਿੱਚ ਬਚਾਅ ਤੇ ਰਾਹਤ ਕਾਰਜ ਜਾਰੀ ਹਨ ਜਦ ਕਿ ਕੈਰਵਿਲੇ ਵਿੱਚ ਪਾਣੀ ਦਾ ਪੱਧਰ ਵਧ ਰਿਹਾ ਹੈ ਜਿਸ ਉਪਰ ਨਜਰ ਰੱਖੀ ਜਾ ਰਹੀ ਹੈ।

ਇਥੇ ਜਿਕਰਯੋਗ ਹੈ ਕਿ ਇਕ ਹਫਤੇ ਦੇ ਵਧ ਸਮੇ ਤੋਂ ਪਹਿਲਾਂ ਕੇਂਦਰੀ ਟੈਕਸਾਸ ਵਿੱਚ ਆਏ ਹੜ ਵਿੱਚ 120 ਤੋਂ ਵਧ ਮੌਤਾਂ ਹੋਈਆਂ ਸਨ ਤੇ ਗਰਮ ਰੁੱਤ ਦਾ ਲੱਗਾ ਛੋਟੀਆਂ ਬੱਚੀਆਂ ਦਾ ਕੈਂਪ ਬੁਰੀ ਤਰਾਂ ਪ੍ਰਭਾਵਿਤ ਹੋਇਆ ਸੀ। 30 ਤੋਂ ਵਧ ਬੱਚੀਆਂ ਮਾਰੀਆਂ ਗਈਆਂ ਸਨ ਜਦ ਕਿ ਅਜੇ ਕੁਝ ਲਾਪਤਾ ਹਨ ਜਿਨਾਂ ਦੇ ਬਚੇ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ।

ਇਸੇ ਦੌਰਾਨ ਕੌਮੀ ਮੌਸਮ ਸੇਵਾ ਨੇ ਭਾਰੀ ਬਾਰਿਸ਼ ਦੀ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ 2 ਤੋਂ 4 ਇੰਚ ਤੱਕ ਬਾਰਿਸ਼ ਹੋ ਸਕਦੀ ਹੈ ਜਦ ਕਿ ਕੁਝ ਚੋਣਵੇਂ ਖੇਤਰਾਂ ਵਿੱਚ 9 ਤੋਂ 12 ਇੰਚ ਤੱਕ ਬਾਰਿਸ਼ ਹੋਣ ਦੀ ਸੰਭਾਵਨਾ ਹੈ ਜਿਸ ਕਾਰਨ ਅਚਾਨਕ ਹੜ ਆ ਜਾਣ ਦਾ ਖਤਰਾ ਹੈ।

# ਕੈਲੀਫੋਰਨੀਆ ਵਿੱਚ ਪ੍ਰਵਾਸੀਆਂ ਦੀ ਫੜੋਫੜੀ 'ਤੇ ਜੱਜ ਨੇ ਲਾਈ ਆਰਜੀ ਰੋਕ

## ਸੰਘੀ ਅਧਿਕਾਰੀਆਂ ਨੂੰ ਛਾਪਾ ਮਾਰਨ ਤੋਂ ਪਹਿਲਾਂ ਜਾਇਜ਼ ਕਾਰਨ ਦੱਸਣ ਲਈ ਕਿਹਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਪੂਰੇ ਦੱਖਣੀ ਕੈਲੀਫੋਰਨੀਆ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਗੈਰ ਕਨੂੰਨੀ ਪ੍ਰਵਾਸੀਆਂ ਨੂੰ ਫੜਨ ਲਈ ਜਨਤਿਕ ਤੇ ਕੰਮ ਵਾਲੀਆਂ ਥਾਵਾਂ ਉਪਰ ਛਾਪੇ ਮਾਰਨ ਕਾਰਨ ਬਣੇ ਬੇਯਕੀਨੀ ਵਾਲੇ ਮਾਹੌਲ ਦੇ ਦਰਮਿਆਨ ਇਕ ਜੱਜ ਨੇ ਆਰਜੀ ਤੌਰ 'ਤੇ ਪ੍ਰਵਾਸੀਆਂ ਵਿਰੁੱਧ ਕਾਰਵਾਈ 'ਤੇ ਰੋਕ ਲਾ ਦਿੱਤੀ ਹੈ। ਜੱਜ ਨੇ ਦਾਇਰ ਇਕ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੰਘੀ ਅਧਿਕਾਰੀਆਂ ਨੂੰ ਕਿਹਾ ਹੈ ਕਿ ਲਾਸ ਏਂਜਲਸ ਸਮੇਤ ਕੈਲਫੋਰਨੀਆ ਦੇ ਕੇਂਦਰੀ ਜਿਲੇ ਵਿਚ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਤੋਂ ਪਹਿਲਾਂ ਇਸ ਸਬੰਧੀ ਉਚਿੱਤ ਕਾਰਨ ਦੱਸਿਆ ਜਾਵੇ। ਜੱਜ ਨੇ ਕਿਹਾ ਕਿ ਜਾਤ, ਨਸਲ , ਧਰਮ ਜਾਂ ਭਾਸ਼ਾ ਦੇ ਆਧਾਰ 'ਤੇ ਕਿਸੇ ਨੂੰ ਵੀ ਗ੍ਰਿਫਤਾਰ ਨਾ ਕੀਤਾ ਜਾਵੇ। ਜੱਜ ਦੇ ਇਹ ਆਦੇਸ਼ ਬੀਤੇ ਦਿਨ ਭੰਗ ਦੇ ਇਕ ਫਾਰਮ ਤੋਂ ਅੰਦਾਜਨ 200 ਪ੍ਰਵਾਸੀਆਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਆਏ ਹਨ। ਬਿਨਾਂ ਕੋਈ ਕਾਰਨ ਦੱਸੇ ਪ੍ਰਵਾਸੀਆਂ ਦੀ ਫੜੋਫੜੀ ਕਾਰਨ ਪ੍ਰਵਾਸੀ ਕਾਮਿਆਂ ਤੇ ਸੰਘੀ ਅਧਿਕਾਰੀਆਂ ਵਿਚਾਲੇ ਟਕਰਾਅ ਵਾਲੇ ਹਾਲਾਤ ਬਣ ਗਏ ਹਨ। ਛਾਪੇ ਦੌਰਾਨ ਸੰਘੀ ਏਜੰਟਾਂ ਉਪਰ ਹਮਲਾ ਹੋਣ ਦੀ ਵੀ ਖਬਰ ਹੈ। ਲਾਏ ਏਂਜਲਸ ਵਿੱਚ ਇਸ ਛਾਪੇਮਾਰੀ ਵਿਰੁੱਧ ਪਦਰਸ਼ਨ ਵੀ ਕੀਤਾ ਗਿਆ ਹੈ ਜਿਸ ਵਿੱਚ ਕਿਰਤੀਆਂ, ਧਾਰਮਿੱਕ ਆਗੂਆਂ ਤੇ ਪ੍ਰਵਾਸੀ ਹੱਕਾਂ ਦੇ ਅਲੰਬਰਦਾਰਾਂ ਨੇ ਟਰੰਪ ਪ੍ਰਸਾਸ਼ਨ ਦੀ ਕਰੜੀ ਨਿੰਦਾ ਕੀਤੀ ਹੈ। ਲਾਸ ਏਂਜਲਸ ਦੀ ਮੇਅਰ ਕਾਰੇਨ ਬਾਸ ਨੇ ਪ੍ਰਵਾਸੀ ਭਾਈਚਾਰਿਆਂ ਦੇ ਹੱਕਾਂ ਦੀ ਰਾਖੀ ਲਈ ਇਕ ਆਦੇਸ਼ ਉਪਰ ਦਸਤਖਤ ਕੀਤੇ ਹਨ। ਉਨਾਂ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਉਪਰ ਦੋਸ਼ ਲਾਇਆ ਕਿ ਉਹ ਧੱਕਾ ਕਰ ਰਹੇ ਹਨ ਤੇ ਉਹ ਗੁੰਡਿਆਂ ਵਾਂਗ ਵਿਵਹਾਰ ਕਰ ਰਹੇ ਹਨ।




# ਕੈਂਟੁਕੀ ਵਿੱਚ ਹੋਈ ਗੋਲੀਬਾਰੀ ਵਿੱਚ 2 ਔਰਤਾਂ ਦੀ ਮੌਤ ਤੇ 2 ਜ਼ਖਮੀ, ਮੁਕਾਬਲੇ ਵਿੱਚ ਹਮਲਾਵਰ ਵੀ ਮਾਰਿਆ ਗਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਲੈਕਸਿੰਗਟਨ, ਕੈਂਟੁਕੀ ਵਿੱਚ ਰਿਚਮੌਂਡ ਰੋਡ ਬੈਪਟਿਸਟ ਚਰਚ ਵਿੱਖੇ ਹੋਈ ਗੋਲੀਬਾਰੀ ਵਿੱਚ 2 ਔਰਤਾਂ ਦੀ ਮੌਤ ਹੋਣ ਤੇ 2 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਅਧਿਕਾਰੀਆਂ ਅਨੁਸਾਰ ਸ਼ਹਿਰ ਦੇ ਹਵਾਈ ਅੱਡੇ ਨੇੜੇ ਇੱਕ ਵਿਅਕਤੀ ਵੱਲੋਂ ਇੱਕ ਸੁਰੱਖਿਆ ਜਵਾਨ ਉਪਰ ਗੋਲੀਆਂ ਚਲਾਉਣ ਤੋਂ ਬਾਅਦ ਪੁਲਿਸ ਅਫਸਰਾਂ ਨੇ ਉਸ ਦਾ ਪਿੱਛਾ ਕੀਤਾ। ਲੈਕਸਿੰਗਟਨ ਪੁਲਿਸ ਮੁੱਖੀ ਲਾਰੈਂਸ ਵੈਦਰਜ ਨੇ ਜਾਰੀ ਇਕ ਬਿਆਨ ਵਿੱਚ ਕਿਹਾ ਹੈ ਕਿ ਰਿਚਮੌਂਡ ਰੋਡ ਬੈਪਟਿਸਟ ਚਰਚ ਵਿੱਖੇ ਪੁਲਿਸ ਦੀ ਜਵਾਬੀ ਕਾਰਵਾਈ ਵਿੱਚ ਹਮਲਾਵਰ ਮਾਰਿਆ ਗਿਆ ਜਦ ਕਿ ਮਰਨ ਤੋਂ ਪਹਿਲਾਂ ਉਸ ਵੱਲੋਂ ਕੀਤੀ ਗੋਲੀਬਾਰੀ ਵਿੱਚ 2 ਔਰਤਾਂ ਦੀ ਮੌਤ ਹੋ ਗਈ। ਹਮਲਾਵਰ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਮ੍ਰਿਤਕ ਔਰਤਾਂ ਦੀ ਪਛਾਣ ਕ੍ਰਿਸ਼ਟੀਨਾ ਕੋਮਬਸ (34) ਤੇ ਬੈਵਰਲੀ ਗੁਮ (72) ਵਜੋਂ ਹੋਈ ਹੈ। ਜ਼ਖਮੀਆਂ ਵਿੱਚੋਂ ਇਕ ਦੀ ਹਾਲਤ ਨਾਜ਼ੁਕ ਹੈ ਜਦ ਕਿ ਦੂਸਰੇ ਵਿਅਕਤੀ ਤੇ ਸੁਰੱਖਿਆ ਜਵਾਨ ਦੀ ਹਾਲਤ ਸਥਿੱਰ ਹੈ।

# ਭਗੌੜੀ ਭਾਰਤੀ ਮੋਨਿਕਾ ਕਪੂਰ ਨੂੰ ਕੀਤਾ ਭਾਰਤ ਹਵਾਲੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** 2002 ਵਿਚ ਦਰਾਮਦ-ਬਰਾਮਦ ਘੁਟਾਲੇ ਸਬੰਧੀ ਦਾਇਰ ਇਕ ਮਾਮਲੇ ਵਿੱਚ ਭਗੌੜੀ ਭਾਰਤੀ ਔਰਤ ਮੋਨਿਕਾ ਕਪੂਰ ਨੂੰ ਅਮਰੀਕਾ ਨੇ ਭਾਰਤ ਦੇ ਹਵਾਲੇ ਕਰ ਦਿੱਤਾ ਹੈ। ਮੈਸਰਜ ਮੋਨਿਕਾ ਵਰਸੀਜ ਦੀ ਮਾਲਕਣ ਮੋਨਿਕਾ ਕਪੂਰ ਨੂੰ ਸੀ ਬੀ ਆਈ ਦੇ ਸਪੁਰਦ ਕੀਤਾ ਗਿਆ। ਮੋਨਿਕਾ ਕਪੂਰ ਦੀ ਹਵਾਲਗੀ ਦੋ ਦਹਾਕਿਆਂ ਬਾਅਦ ਸੰਭਵ ਹੋਈ ਹੈ। ਸੀ ਬੀ ਆਈ ਅਨੁਸਾਰ 1998 ਵਿੱਚ ਮੋਨਿਕਾ ਕਪੂਰ ਨੇ ਆਪਣੇ ਭਰਾਵਾਂ ਰਾਜਨ ਖੰਨਾ ਤੇ ਰਾਜੀਵ ਖੰਨਾ ਨਾਲ ਮਿਲ ਕੇ ਫਰਜੀ ਬਰਾਮਦ ਦਸਤਾਵੇਜ਼ ਬਣਾਏ। ਬਣਾਏ ਗਏ ਫਰਜੀ ਦਸਤਾਵੇਜਾਂ ਵਿੱਚ ਸ਼ਿੱਪਿੰਗ ਬਿੱਲ, ਚਲਾਨ ਤੇ ਬੈਂਕ ਸਰਟੀਫਿਕੇਟ ਸ਼ਾਮਿਲ ਹਨ ਜਿਨਾਂ ਦੇ ਆਧਾਰ 'ਤੇ ਉਨਾਂ ਨੇ ਕਰ ਮੁੱਕਤ ਸੋਨੇ ਦੀ ਦਰਾਮਦ ਵਾਸਤੇ ਲਾਇਸੰਸ ਪ੍ਰਾਪਤ ਕੀਤਾ। ਸੀ ਬੀ ਆਈ ਅਨੁਸਾਰ ਇਨਾਂ ਨੇ ਇਹ ਲਾਇਸੰਸ ਮੈਸਰਜ ਦੀਪ ਐਕਸਪੋਰਟਸ ਅਹਿਮਦਾਬਾਦ ਨੂੰ ਵੇਚ ਦਿੱਤਾ। ਮੈਸਰਜ ਦੀਪ ਐਕਸਪੋਰਟਸ ਨੇ ਇਸ ਲਾਇਸੰਸ ਦੇ ਆਧਾਰ 'ਤੇ ਟੈਕਸ ਮੁਕਤ ਸੋਨਾ ਦਰਾਮਦ ਕੀਤਾ ਜਿਸ ਕਾਰਨ ਸਰਕਾਰੀ ਖਜ਼ਾਨੇ ਨੂੰ ਵੱਡਾ ਨੁਕਸਾਨ ਪੁੱਜਾ। ਮੋਨਿਕ ਵਿਰੁੱਧ 24 ਅਪ੍ਰੈਲ 2010 ਨੂੰ ਗੈਰ ਜਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ ਤੇ ਉਸ ਤੋਂ ਬਾਅਦ ਰੈਡ ਕਾਰਨਰ ਨੋਟਿਸ ਜਾਰੀ ਹੋਇਆ ਸੀ।




SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਵੱਲੋਂ ਬੱਚਿਆਂ ਦਾ ਗਿੱਧਾ-ਭੰਗੜਾ ਸਿਖਲਾਈ ਕੈਂਪ ਸੁਰੂ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਜੀ. ਐਚ. ਜੀ. ਅਕੈਡਮੀਂ ਫਰਿਜ਼ਨੋ ਵੱਲੋਂ ਹਰ ਸਾਲ ਦੀ ਤਰਾਂ ਬੱਚਿਆਂ ਨੂੰ ਛੁੱਟੀਆਂ ਦੌਰਾਨ ਸ਼ੋਸ਼ਲ ਮੀਡੀਏ ਤੋਂ ਕੁਝ ਸਮਾਂ ਦੂਰ ਰੱਖਣ ਅਤੇ ਘਰ ਦੀ ਚਾਰ ਦਿਵਾਰੀ ਤੋਂ ਬਾਹਰ ਕੱਢਦੇ ਹੋਏ ਸੱਭਿਆਚਾਰ ਵਿਰਸੇ ਨਾਲ ਜੋੜਨ ਦੇ ਉਪਰਾਲੇ ਕੀਤੇ ਜਾਂਦੇ ਹਨ। ਇਸੇ ਲੜੀ ਤਹਿਤ ਬੱਚਿਆਂ ਦੇ ਗਿੱਧੇ-ਭੰਗੜੇ ਦੇ ਕੈਂਪ ਦੀ ਸੁਰੂਆਤ ਫਰਿਜ਼ਨੋ ਦੇ ਹਾਲੈਂਡ ਪਾਰਕ ਵਿੱਚ ਹੋ ਚੁੱਕੀ ਹੈ। ਰੋਜਾਨਾਂ ਕੈਂਪ ਦੀ ਸੁਰੂਆਤ ਅਰਦਾਸ ਅਤੇ ਮੂਲ-ਮੰਤਰ ਜਾਪ ਕਰਨ ਉਪਰੰਤ ਕੀਤੀ ਜਾਂਦੀ ਹੈ। ਜਿੱਥੇ ਵੱਖ-ਵੱਖ ਗਰੁੱਪਾ ਵਿੱਚ ਪ੍ਰਬੰਧਕਾਂ ਅਨੁਸਾਰ 500 ਦੇ ਕਰੀਬ ਬੱਚੇ ਹਿੱਸਾ ਲੈ ਰਹੇ ਹਨ। ਬੱਚਿਆਂ ਨੂੰ ਇਹ ਸਿਖਲਾਈ ਮਾਹਰ ਕੋਚਾਂ ਦੁਆਰਾ ਦਿੱਤੀ ਜਾ ਰਹੀ ਹੈ।



ਇਸ ਕੈਂਪ ਦੀ ਇੱਕ ਖਾਸੀਅਤ ਇਹ ਵੀ ਹੈ ਕਿ ਇੱਥੇ ਬੱਚੇ ਜਿੱਥੇ ਗਿੱਧੇ-ਭੰਗੜੇ ਦੀ ਸਿਖਲਾਈ ਪ੍ਰਾਪਤ ਕਰਦੇ ਹਨ, ਉੱਥੇ ਰੋਜ਼ਾਨਾ ਉਨ੍ਹਾਂ ਦੀ ਚੰਗੀ ਕਸਰਤ ਵੀ ਹੋ ਜਾਂਦੀ ਹੈ। ਅਕੈਂਡਮੀਂ ਦਾ ਨਾਅਰਾ ਹੈ ਕਿ "ਨਸ਼ੇ ਛੱਡੋ, ਕੋਹੜ ਵੱਢੋ"। ਇਸ ਦੇ ਨਾਲ-ਨਾਲ ਉਨ੍ਹਾਂ ਵਿੱਚ ਆਪਸੀ ਇਕੱਠੇ ਰਹਿਣ ਕਰਕੇ ਭਾਈਚਾਰਿਕ ਸਾਂਝ ਵੀ ਵਧਦੀ ਹੈ ਅਤੇ ਸ਼ੋਸ਼ਲ ਮੀਡੀਏ ਵਰਗੀ ਆਦਤ ਤੋਂ ਕੁਝ ਸਮਾਂ ਦੂਰ ਰਹਿੰਦੇ ਹਨ। ਇਸੇ ਤਰ੍ਹਾਂ ਮਾਪੇ ਅਤੇ ਬਜ਼ੁਰਗ ਬੱਚਿਆਂ ਦੇ ਨਾਲ ਕੈਂਪ ਵਿੱਚ ਆਉਂਦੇ ਹਨ। ਅਜਿਹਾ ਕਰਨ ਨਾਲ ਜਿੱਥੇ ਬੱਚਿਆਂ ਅਤੇ ਬਜ਼ੁਰਗਾਂ ਵਿੱਚ ਨੇੜਤਾ ਵਧਦੀ ਹੈ, ਉੱਥੇ ਬਜੁਰਗ ਆਪਸੀ ਦੁੱਖ-ਸੁੱਖ ਸਾਂਝਾ ਕਰਦੇ ਹਨ। ਕੈਂਪ ਦੌਰਾਨ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਸਹੂਲਤ ਲਈ ਗਰਮੀ ਨੂੰ ਮੁੱਖ ਰੱਖਦੇ ਹੋਏ ਉਚੇਚੇ ਪ੍ਰਬੰਧ ਕੀਤੇ ਗਏ ਹਨ।

ਇਸ ਦੋ ਹਫ਼ਤਿਆਂ ਦੇ ਕੈਂਪ ਦੀ ਸਮਾਪਤੀ ਦੌਰਾਨ 26 ਜੁਲਾਈ, ਦਿਨ ਸ਼ਨੀਵਾਰ ਨੂੰ ਫਰਿਜ਼ਨੋ ਦੇ "ਵਿਲੀਅਮ ਸਰੋਏਨ ਥੀਏਟਰ" ਵਿੱਚ ਸਿਖਲਾਈ ਪ੍ਰਾਪਤ ਬੱਚੇ ਆਪਣੀ ਕਲਾ ਦਾ ਸਟੇਜ਼ ਤੋਂ ਪ੍ਰਦਰਸਨ ਕਰਨਗੇ। ਇਸੇ ਦੌਰਾਨ ਅਕੈਂਡਮੀ ਵੱਲੋਂ 16ਵਾਂ ਅੰਤਰ-ਰਾਸ਼ਟਰੀ ਪੱਧਰ ਦਾ ਗਿੱਧੇ-ਭੰਗੜੇ ਦਾ ਯੁਵਕ ਮੁਕਾਬਲਾ ਵੀ ਹੋਵੇਗਾ। ਇੰਨ੍ਹਾਂ ਪ੍ਰੋਗਰਾਮਾਂ ਦੀ ਸੁਰੂਆਤ ਬਾਅਦ ਦੁਪਿਹਰ 2 ਵਜ਼ੇ ਹੋਵੇਗੀ। ਜਿਸ ਦੀ ਕੋਈ ਦਾਖਲਾ ਫੀਸ ਨਹੀਂ ਹੈ। ਜਿਸ ਵਿੱਚ ਹਿੱਸਾ ਲੈਣ ਲਈ ਇਸ ਸਾਲ ਕੈਲੇਫੋਰਨੀਆਂ ਦੀਆਂ ਵੱਖ-ਵੱਖ ਸਟੇਟਾਂ ਤੋਂ ਇਲਾਵਾ ਕਨੇਡਾ ਤੋਂ ਵੀ ਟੀਮਾਂ ਪਹੁੰਚ ਰਹੀਆਂ ਹਨ। ਇਸ ਪ੍ਰੋਗਰਾਮ ਦੀ ਖਾਸੀਅਤ ਮਾਂਵਾਂ ਦਾ ਗਿੱਧਾ ਅਤੇ ਮਲਵਈ ਗਿੱਧਾ ਦੇਖਣਯੋਗ ਹੋਣਗੇ। ਸਮੁੱਚੇ ਪ੍ਰੋਗਰਾਮ ਦੌਰਾਨ ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ। ਅਕੈਡਮੀਂ ਦੇ ਪ੍ਰਬੰਧਕਾਂ ਵਿੱਚ ਪਰਮਜੀਤ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ ਅਤੇ ਗੁਰਦੀਪ ਸਿੰਘ ਸ਼ੇਰਗਿੱਲ ਵੱਲੋਂ ਸਮੂੰਹ ਭਾਈਚਾਰੇ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ।

# ਕਰਮਨ ਸ਼ਹਿਰ ਦੇ ਦੋਸਾਂਝ ਪਰਿਵਾਰ ਦਾ ਨਾਂ ਰੌਸ਼ਨ ਕੀਤਾ ਧੀਆਂ ਏਕਨੂਰ ਅਤੇ ਨਿਮਰਤ ਨੇ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੱਚਿਆਂ ਦੇ ਵਿਕਾਸ ਲਈ ਪੜਾਈ ਅਤੇ ਖੇਡਾਂ ਬਹੁਤ ਜ਼ਰੂਰੀ ਹਨ। ਇਹੀ ਕਾਰਨ ਹੈ ਕਿ ਦੁਨੀਆਂ ਭਰ ਦੇ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੱਲ ਵੀ ਪ੍ਰੇਰਿਤ ਕੀਤਾ ਜਾਂਦਾ ਹੈ। ਇਸੇ ਪ੍ਰੇਰਨਾ ਸਦਕਾ ਸੈਂਟਰਲ ਵੈਲੀ ਦੇ ਸ਼ਹਿਰ ਕਰਮਨ ਨਿਵਾਸੀ ਹਰਪਿੰਦਰ ਸਿੰਘ ਦੋਸਾਂਝ ਅਤੇ ਹਰਿੰਦਰ ਕੌਰ ਦੋਸਾਂਝ ਦੀਆਂ ਛੋਟੀ ਉਮਰੇ ਦੋਨੋ ਧੀਆਂ ਜਿੱਥੇ ਪੜਾਈ ਵਿੱਚ ਉੱਚੇ ਗਰੇਡ ਹਾਸਲ ਕਰ ਰਹੀਆਂ ਹਨ, ਉੱਥੇ ਖੇਡਾਂ ਵਿੱਚ ਵੀ ਅੱਵਲ ਦਰਜੇ ਦੀਆਂ ਖਿਡਾਰਨਾਂ ਹਨ। ਜਿੰਨ੍ਹਾਂ ਦੀ ਚੋਣ ਸਵੀਡਨ ਵਿੱਚ ਹੋਣ ਵਾਲੇ ਅੰਤਰਰਾਸ਼ਟਰੀ ਪੱਧਰ ਦੇ ਮੁਕਾਬ-ਲਿਆਂ ਲਈ ਹੋਈ ਹੈ। ਇਹ ਯੂਰਪ ਵਿੱਚ ਸੌਕਰ (ਫੁੱਟਬਾਲ) ਦੇ ਦੋ ਟੂਰਨਾਮੈਂਟ ਖੇਡਣਗੀਆਂ।





ਏਕਨੂਰ ਦੋਸਾਂਝ 13 ਸਾਲ ਦੀ ਹੈ। ਜੋ ਕਰਮਨ ਮਿਡਲ ਸਕੂਲ ਦੀ ਵਿਦਿਆਰਥਣ ਹੈ। ਉਹ ਇਸ ਤੋਂ ਪਹਿਲਾਂ ਵੀ ਮਿਡਲ ਸਕੂਲ ਲਈ ਆਪਣੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰ ਚੁੱਕੀ ਹੈ। ਜਦ ਕਿ ਨਿਮਰਤ ਦੋਸਾਂਝ ਦੀ ਉਮਰ 11 ਸਾਲ ਦੀ ਹੈ। ਉਹ ਦੋਵੇਂ ਧੀਆਂ ਫਰਿਜ਼ਨੋ ਵਿੱਚ ਇੱਕ ਕਲੱਬ ਲਈ ਖੇਡਦੀਆਂ ਹਨ। ਇਸ ਸਪੋਰਟਸ ਕਲੱਬ ਨੂੰ 'ਫਰਿਜ਼ਨੋ ਹੀਟ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਪਿਤਾ ਹਰਪਿੰਦਰ ਨੇ ਖੁਸ਼ੀ ਪ੍ਰਗਟ ਕਰਦੇ ਹੋਏ ਦੱਸਿਆ ਕਿ ਸਭ ਤੋਂ ਵੱਡੀ ਧੀ ਏਕਨੂਰ ਦੋਸਾਂਝ ਕਰਮਨ ਮਿਡਲ ਸਕੂਲ ਜਾਂਦੀ ਹੈ ਅਤੇ ਛੋਟੀ ਧੀ ਨਿਮਰਤ ਦੋਸਾਂਝ ਲਿਬਰਟੀ ਐਲੀਮੈਂਟਰੀ ਸਕੂਲ ਜਾਂਦੀ ਹੈ। ਸੈਨ ਫਰਾਂਸਿਸਕੋ ਵਿੱਚ ਟਰਾਈਆਉਟ ਦੁਆਰਾ ਰਾਸ਼ਟਰੀ ਸੌਕਰ (ਫੁੱਟਬਾਲ) ਅਕੈਡਮੀ ਲਈ ਚੁਣਿਆ ਗਿਆ। ਏਕਨੂਰ 13 ਸਾਲ ਅਤੇ ਅੰਡਰ ਟੀਮ ਵਿੱਚ ਖੇਡ ਰਹੀ ਹੈ ਅਤੇ ਨਿਮ੍ਰਿਤ 12 ਸਾਲ ਅਤੇ ਅੰਡਰ ਟੀਮ ਵਿੱਚ ਖੇਡ ਰਹੀ ਹੈ।

ਅੱਗੇ ਉਨਾਂ ਦੱਸਿਆ ਕਿ ਯੂਰਪ ਵਿੱਚ ਇੰਨਾਂ ਨੇ ਦੋ ਟੂਰਨਾਮੈਂਟ ਖੇਡਣੇ ਹਨ। ਸਵੀਡਨ ਵਿੱਚ 'ਗੋਥੀਆ ਕੱਪ' ਯੂਰਪ ਦੇ ਸਭ ਤੋਂ ਵੱਡੇ ਟੂਰਨਾਮੈਂਟਾਂ ਵਿੱਚੋਂ ਇੱਕ ਹੈ। ਜਿਸ ਵਿੱਚ 85 ਦੇਸ਼ਾਂ ਦੀਆਂ 1900 ਤੋਂ ਵੱਧ ਟੀਮਾਂ ਹਿੱਸਾ ਲੈ ਰਹੀਆਂ ਹਨ। ਇਸ ਤੋਂ ਇਲਾਵਾ ਡੈਨਮਾਰਕ ਵਿੱਚ 'ਡੋਨਾ ਕੱਪ' ਜਿਸ ਵਿੱਚ 1000 ਤੋਂ ਵੱਧ ਟੀਮਾਂ ਹਿੱਸਾ ਲੈ ਰਹੀਆਂ ਹਨ। ਇੰਨ੍ਹਾਂ ਦੋਨੋ ਟੂਰਨਾਮੈਂਟਾਂ ਵਿੱਚ 'ਨੈਸ਼ਨਲ ਸੌਕਰ ਅਕੈਡਮੀ' ਅਮਰੀਕਾ ਵੱਲੋਂ ਖੇਡਣਗੀਆਂ।

ਅਸੀਂ ਇਸ ਮਹੀਨੇ ਹੋਣ ਵਾਲੇ ਅੰਤਰਰਾਸ਼ਟਰੀ ਪੱਧਰ ਦੇ ਇੰਨਾਂ ਦੋਨਾਂ ਟੂਰਨਾਮੈਂਟਾਂ ਵਿੱਚ ਸ਼ਾਮਲ ਹੋਣ ਲਈ ਵਧਾਈ ਦਿੰਦੇ ਹਾਂ ਅਤੇ ਅਰਦਾਸ ਕਰਦੇ ਹਾਂ ਕਿ ਇਹ ਦੋਨੋ ਧੀਆਂ ਆਪਣੀ ਟੀਮ ਸਮੇਤ ਹਮੇਸ਼ਾ ਵਾਂਗ ਚੰਗੀ ਖੇਡ ਦਾ ਪ੍ਰਦਰਸ਼ਨ ਕਰਨਗੀਆਂ। ਜਿਸ ਨਾਲ ਦੋਸਾਂਝ ਪਰਿਵਾਰ ਦਾ ਮਾਣ ਵਧੇਗਾ ਅਤੇ ਅਮਰੀਕਾ ਦਾ ਝੰਡਾ ਬੁਲੰਦ ਹੋਵੇਗਾ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

## ਬਾਬੂ ਜਗਜੀਵਨ ਰਾਮ ਸਾਬਕਾ ਉਪ-ਪ੍ਰਧਾਨ ਮੰਤਰੀ ਇੱਕ ਸੱਚਾ ਲੋਕਤੰਤਰੀ ਅਤੇ ਦੱਬੇ-ਕੁਚਲੇ ਲੋਕਾਂ ਦਾ ਲੋਕਨੇਤਾ

ਬਾਬੂ ਜਗਜੀਵਨ ਰਾਮ (5 ਅਪ੍ਰੈਲ, 1908 – 6 ਜੁਲਾਈ, 1986) ਆਪਣੀ ਦੇਸ਼ ਭਗਤੀ, ਸਿੱਧੀ-ਸਾਦੀ ਅਤੇ ਗਰੀਬਾਂ ਦੀ ਚਿੰਤਾ ਲਈ ਜਾਣੇ ਜਾਂਦੇ ਸਨ। ਜਦੋਂ 1937 ਵਿੱਚ, ਅੰਗਰੇਜ਼ ਬਿਹਾਰ ਵਿੱਚ ਇੱਕ ਕਠਪੁਤਲੀ ਸਰਕਾਰ ਸਥਾਪਤ ਕਰਨਾ ਚਾਹੁੰਦੇ ਸਨ, ਤਾਂ ਬਾਬੂ ਜਗਜੀਵਨ ਰਾਮ ਜੀ ਨੂੰ ਉਨ੍ਹਾਂ ਨਾਲ ਹੱਥ ਮਿਲਾਉਣ ਲਈ ਵੱਡੀ ਰਕਮ ਅਤੇ ਮੰਤਰੀ ਅਹੁਦੇ ਅਤੇ ਹੋਰ ਬਹੁਤ ਸਾਰੇ ਲਾਭਾਂ ਦੀ ਪੇਸ਼ਕਸ਼ ਦੇ ਨਾਲ ਸੰਪਰਕ ਕੀਤਾ ਗਿਆ ਸੀ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਉਹ ਆਪਣੇ ਲੋਕਾਂ ਨਾਲ ਚਟਾਨ ਵਾਂਗ ਖੜ੍ਹੇ ਸੀ, ਜਿਨ੍ਹਾਂ ਨੇ ਮਾਤ ਭੂਮੀ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰਨ ਲਈ ਵਚਨਬੱਧ ਹੋਣਾ ਸੀ। ਉਸਨੇ ਆਪਣੀ ਦੇਸ਼ ਭਗਤੀ ਅਤੇ ਅਖੰਡਤਾ ਲਈ ਭਾਰਤੀ ਸੁਤੰਤਰਤਾ ਅੰਦੋਲਨ ਦੇ ਘੁਲਾਟੀਆਂ ਅਤੇ ਨੇਤਾਵਾਂ ਦਾ ਪਿਆਰ ਪ੍ਰਾਪਤ ਕੀਤਾ। ਬਾਬੂ ਜਗਜੀਵਨ ਰਾਮ ਜੀ ਦੀ ਆਪਣੇ ਲੋਕਾਂ ਦੇ ਨਾਲ ਬਣੇ ਰਹਿਣ ਲਈ ਉਨ੍ਹਾਂ ਦੇ ਦਲੇਰ ਸਟੈਂਡ ਦੀ ਪ੍ਰਸ਼ੰਸਾ ਕਰਦੇ ਹੋਏ, ਗਾਂਧੀ ਜੀ ਨੇ ਕਿਹਾ ਕਿ ਉਹ 'ਅੱਗ ਦੀ ਪਰੀਖਿਆ ਵਿਚ ਸੋਨੇ ਵਾਂਗ ਸ਼ੁੱਧ ਨਿਕਲਏ। ਬਾਬੂ ਜੀ ਜਨਮ ਤੋਂ ਹੀ ਅਗਾਂਹ ਵਧੂ ਸੋਚ, ਲੜਾਕੂ ਅਤੇ ਯੋਧੇ ਸਨ ।

### ਆਜ਼ਾਦੀ, ਮਾਣ ਅਤੇ ਸਮਾਜਿਕ ਨਿਆਂ

ਆਪਣੀ ਮਿਡਲ ਸਕੂਲ ਦੀ ਸਿੱਖਿਆ ਦੇ ਦੌਰਾਨ, ਉਨ੍ਹਾਂ ਨੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਵਜ਼ੀਫ਼ਾ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਨੂੰ ਖੁੱਲੇ ਮੁਕਾਬਲੇ ਵਿੱਚ ਸ਼ਾਮਲ ਕਰਕੇ ਅਤੇ ਆਪਣੀ ਹੋਣਹਾਰ ਅਕਾਦਮਿਕ ਕਾਰਗੁਜ਼ਾਰੀ ਦੇ ਅਧਾਰ 'ਤੇ ਸਫਲਤਾ ਪ੍ਰਾਪਤ ਕੀਤੀ। ਇਹ ਸਮਾਂ ਉਨ੍ਹਾਂ ਦੇ ਆਰਾ ਟਾਊਨ ਸਕੂਲ ਦੇ ਦਿਨਾਂ ਦੌਰਾਨ ਦਾ  ਸੀ ਜਦੋਂ ਉਨ੍ਹਾਂ ਨੇ ਦੋ ਵਾਰ ਕਰਕੇ ਦਿਖਾਇਆ  ਸੀ।

### ਵੱਖਰੇ ਘੜੇ ਦਾ ਮਤਲਬ

ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੀਣ ਵਾਲਾ ਪਾਣੀ ਘੜਾ ਸੀ ਅਤੇ ਸਕੂਲ ਦੇ ਅਹਾਤੇ ਵਿੱਚ ਵੱਖਰੇ ਪਾਣੀ ਦੇ ਪੱਖਪਾਤੀ ਪ੍ਰਬੰਧਕੀ  ਫੈਸਲੇ ਨੂੰ ਵਾਪਸ ਲੈਣ ਲਈ ਪ੍ਰਿੰਸੀਪਲ ਨੂੰ ਮਜਬੂਰ ਕੀਤਾ। ਉਨ੍ਹਾਂ ਦੇ ਘਰ ਵਿੱਚ ਗਰੀਬੀ ਦੇ ਬਾਵਜੂਦ ਪੜ੍ਹਾਈ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਆਪਣੀ ਬੇਮਿਸਾਲ ਪ੍ਰਤਿਭਾ ਦਾ ਸਬੂਤ ਦਿੱਤਾ ਕਿਉਂਕਿ ਆਪ ਜੀ ਦੇ  ਪਿਤਾ (ਸ਼੍ਰੀ ਸੋਭੀ ਰਾਮ) ਦਾ ਦੇਹਾਂਤ ਹੋ ਗਿਆ (1914) ਜਦੋਂ ਕਿ ਆਪ ਜੀ (ਬਾਬੂ ਜਗਜੀਵਨ ਰਾਮ) ਅਜੇ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਸਨ। ਉਹ ਅਤੇ ਉਹਨਾਂ ਦੀ ਮਾਤਾਜੀ (ਵਾਸੰਤੀ ਦੇਵੀ ਜੀ) ਨੇ ਚਾਰੇ ਪਾਸੇ ਗਰੀਬੀ ਅਤੇ ਸਮਾਜਿਕ ਬੇਦਖਲੀ ਦੇ ਵਿਰੁੱਧ ਦਲੇਰੀ ਨਾਲ ਲੜਾਈ ਲੜੀ।

ਅਜਿਹੇ ਦਮਨਕਾਰੀ ਸਮਾਜਿਕ ਮਾਹੌਲ ਅਤੇ ਘਰ ਵਿੱਚ ਮਾੜੀ ਆਰਥਿਕ ਸਥਿਤੀ ਦੇ ਬਾਵਜੂਦ, ਬਾਬ ਜੀ ਨੇ ਆਪਣੀ ਮੂਲ ਭਾਸ਼ਾ ਭੋਜਪੁਰੀ ਤੋਂ ਇਲਾਵਾ ਹਿੰਦੀ, ਬੰਗਾਲੀ, ਅੰਗਰੇਜ਼ੀ ਅਤੇ ਸੰਸਕ੍ਰਿਤ ਵਿੱਚ ਮੁਹਾਰਤ ਹਾਸਲ ਕੀਤੀ। ਹਿੰਦੀ ਅਤੇ ਅੰਗਰੇਜ਼ੀ ਉੱਤੇ ਆਪ ਜੀ ਦੀ ਪੂਰਨ ਕਮਾਂਡ ਸੀ ਜਿਸਨੇ ਪੰਡਿਤ ਮਦਨ ਮੋਹਨ ਮਾਲਵੀਆ ਜੀ ਦਾ ਧਿਆਨ ਖਿੱਚਿਆ। ਮਦਨ ਮੋਹਨ ਮਾਲਵੀਆ ਜੀ ਦੁਆਰਾ ਸੁਆਗਤੀ ਭਾਸ਼ਣ ਦੌਰਾਨ ਜੋ ਅੰਤ ਵਿੱਚ ਆਪ ਜੀ ਨੂੰ ਵੱਕਾਰੀ ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਪੜ੍ਹਨ ਲਈ ਲੈ ਗਏ। ਇਹ ਬਨਾਰਸ ਹਿੰਦੂ ਯੂਨੀਵਰਸਿਟੀ ਸੀ ਕਿ ਬਾਬੂ ਜੀ ਨੇ ਪਹਿਲੀ ਵਾਰ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਹੋਸਟਲ ਵਿੱਚ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਭੋਜਨ ਅਤੇ ਸਥਾਨਕ ਨਾਈ ਦੁਆਰਾ ਵਾਲ ਕੱਟਣ ਵਰਗੀਆਂ ਬੁਨਿਆਦੀ ਸੇਵਾਵਾਂ ਤੋਂ ਇਨਕਾਰ ਕਰਨ ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ। ਬੀ.ਐਚ.ਯੂ. ਵਿੱਚ ਆਪਣੀ ਇੰਟਰ ਸਾਇੰਸ ਇਮਤਿਹਾਨ ਦੀ ਯੋਗਤਾ ਪੂਰੀ ਕਰਨ ਤੋਂ ਬਾਅਦ, ਬਾਬੂ ਜੀ ਨੇ ਬੀ.ਐਚ.ਯੂ. ਛੱਡ ਦਿੱਤਾ ਅਤੇ ਬੀ।ਐ।.ਸੀ। ਦੀ 1931 ਵਿੱਚ ਕਲਕੱਤਾ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕੀਤੀ। ਕਲਕੱਤਾ ਯੂਨੀਵਰਸਿਟੀ ਵਿੱਚ ਆਪਣੇ ਕਾਰਜਕਾਲ ਦੌਰਾਨ, ਬਾਬੂ ਜੀ ਨੇ 1928 ਵਿੱਚ ਵੈਲੰਗਟਨ ਸਕੁਏਅਰ ਵਿਖੇ ਮਜ਼ਦੂਰ ਰੈਲੀ ਦਾ ਆਯੋਜਨ ਕੀਤਾ। ਇਸ ਵਿਸ਼ਾਲ ਰੈਲੀ ਜਿਸ ਵਿੱਚ ਲਗਭਗ 50,000 ਲੋਕਾਂ ਨੇ ਸ਼ਿਰਕਤ ਕੀਤੀ, ਬਾਬੂ ਜਗਜੀਵਨ ਰਾਮ ਜੀ ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਨੇੜੇ ਆਏ, ਜੋ ਉਨ੍ਹਾਂ ਦੇ ਜਥੇਬੰਦਕ ਹੁਨਰ ਅਤੇ ਰਾਜਨੀਤਿਕ ਹੁਨਰ ਦਾ ਕਾਇਲ ਹੋ ਗਏ ।

### ਕੁਸ਼ਲਤਾ

ਬਾਬੂ ਜਗਜੀਵਨ ਰਾਮ ਜੀ ਨੇ ਆਪਣਾ ਸਾਰਾ ਜੀਵਨ ਭਾਰਤ ਨੂੰ ਮਜ਼ਬੂਤ ਕਰਨ ਅਤੇ ਗਰੀਬਾਂ ਅਤੇ ਅਖੌਤੀ ਨੀਵੀਆਂ ਜਾਤਾਂ ਨੂੰ ਸਸ਼ਕਤ ਕਰਨ ਲਈ ਸਮਰਪਿਤ ਕੀਤਾ। ਉਹ ਜ਼ੁਲਮ ਦੇ ਵਿਰੁੱਧ ਲੋਕਾਂ ਦੇ ਇੱਕ ਮਹਾਨ ਪ੍ਰੇਰਕ ਅਤੇ ਜਥੇਬੰਦਕ ਸਨ। ਉਹ ਇੱਕ ਸ਼ਾਨਦਾਰ ਭਾਸ਼ਣਕਾਰ, ਇੱਕ ਉੱਘੇ 50 ਸਾਲ ਤੋਂ ਵੱਧ ਸੰਸਦ ਮੈਂਬਰ ਅਤੇ ਇੱਕ ਪ੍ਰਤਿਭਾਸ਼ਾਲੀ ਪ੍ਰਸ਼ਾਸਕ ਸਨ। ਆਪਣੇ ਸਕੂਲੀ ਦਿਨਾਂ ਤੋਂ ਲੈ ਕੇ ਅੱਧੀ ਰਾਤ ਨੂੰ ਆਜ਼ਾਦੀ ਦੇ ਜਸ਼ਨ ਤੱਕ, ਉਨ੍ਹਾਂ ਨੇ ਭਾਰਤ ਦੇ ਇਤਿਹਾਸਕ ਆਜ਼ਾਦੀ ਅੰਦੋਲਨ ਦੌਰਾਨ ਸ਼ੁਰੂ ਕੀਤੇ ਗਏ ਵੱਖ-ਵੱਖ ਸੰਘਰਸ਼ਾਂ (1930 ਵਿੱਚ ਸਿਵਲ ਨਾਫ਼ਰਮਾਨੀ ਅੰਦੋਲਨ ਅਤੇ 1942 ਵਿੱਚ ਭਾਰਤ ਛੱਡੋ ਅੰਦੋਲਨ ਸਮੇਤ) ਦੀ ਮੋਹਰੀ ਭੂਮਿਕਾ ਨਿਭਾਈ। ਰਾਸ਼ਟਰੀ ਰਾਜਨੀਤਿਕ ਮੰਚ ਉੱਤੇ ਉਨਾ ਨੇ ਆਪਣੇ ਆਪ ਨੂੰ ਅਖੌਤੀ ਨੀਵੀਆਂ ਜਾਤਾਂ ਅਤੇ ਗਰੀਬ ਲੋਕਾਂ ਦੇ ਲੋਕਨੇਤਾ ਵਜੋਂ ਸਥਾਪਿਤ ਕੀਤਾ। ਉਹ ਸਭ ਤੋਂ ਘੱਟ ਉਮਰ ਦੇ ਮੰਤਰੀ ਬਣੇ। 1946 ਵਿੱਚ ਜਵਾਹਰ ਲਾਲ ਨਹਿਰੂ ਦੀ ਅੰਤਰਿਮ ਸਰਕਾਰ, ਭਾਰਤ ਦੀ ਪਹਿਲੀ ਕੈਬਨਿਟ ਵਿੱਚ ਕਿਰਤ ਮੰਤਰੀ ਅਤੇ ਨਾਲ ਹੀ ਭਾਰਤ ਦੀ ਸੰਵਿਧਾਨ ਸਭਾ ਦੇ ਮੈਂਬਰ ਵੀ ਰਹੇ।

ਅਨੁਸੂਚਿਤ ਜਾਤੀਆਂ ਅਤੇ ਗਰੀਬ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਦੀ ਅਸੈਂਬਲੀ ਵਿਚ ਉਹਨਾਂ ਨੇ ਕੇਂਦਰ ਸਰਕਾਰ ਦੇ ਪੱਧਰ 'ਤੇ ਵੱਖ-ਵੱਖ ਵਿਭਾਗਾਂ ਦੇ ਮੰਤਰੀ ਵਜੋਂ ਕੰਮ ਕੀਤਾ। ਖਾਸ ਤੌਰ 'ਤੇ ਭਾਰਤੀ ਰਾਸ਼ਟਰੀ ਕਾਂਗਰਸ ਦੇ ਮੈਂਬਰ ਵਜੋਂ ਚਾਲੀ ਸਾਲਾਂ ਤੋਂ ਵੱਧ ਸਮਾਂ ਰਹੇ। 1977 ਵਿੱਚ ਉਹ ਜਨਤਾ ਪਾਰਟੀ ਗਠਜੋੜ ਵਿੱਚ ਸ਼ਾਮਲ ਹੋ ਗਏ। ਉਹਨਾਂ ਨੇ  ਭਾਰਤ ਦੇ ਉਪ ਪ੍ਰਧਾਨ ਮੰਤਰੀ (1977-79) ਵਜੋਂ  ਕੰਮ ਕੀਤਾ। 1981 ਵਿੱਚ ਬਾਬੂ ਜੀ ਨੇ ਕਾਂਗਰਸ (ਜੇ) ਬਣਾਈ। ਜੁਲਾਈ 6, 1986 ਵਿੱਚ ਆਪਣੇ ਦਿਹਾਂਤ ਤੱਕ ਉਹ ਦੇਸ਼ ਅਤੇ ਦੱਬੇ-ਕੁਚਲੇ ਲੋਕਾਂ ਦੀ ਸੇਵਾ ਵਿੱਚ ਸਰਗਰਮ ਰਹੇ।

"ਦੇਸ਼ ਦੁਆਬਾ" ਵੀਕਲੀ ਬਾਬੂ ਜੀ ਨੂੰ ਉਨ੍ਹਾਂ ਦੀ ਬਰਸੀ 'ਤੇ ਪਿਆਰ-ਸਤਿਕਾਰ ਨਾਲ ਯਾਦ ਕਰਦੇ ਹੋਏ, ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ ।

# ਪੇਟੈਂਟ ਅਤੇ ਨੈਸ਼ਨਲ ਇਨਵੈਂਟਰਸ ਕੌਂਸਲ ਵਿੱਚ ਭੂਮਿਕਾ

ਹਰਜਿੰਦਰ ਸਿੰਘ ਬਸਿਆਲਾ

ਡਾ. ਕਪਾਨੀ ਇੱਕ ਬਹੁਤ ਹੀ ਉਪਜਾਊ ਖੋਜਕਰਤਾ ਸਨ, ਜਿਨ੍ਹਾਂ ਕੋਲ ਫਾਈਬਰ ਆਪਟਿਕਸ ਅਤੇ ਹੋਰ ਤਕਨਾਲੋਜੀ ਖੇਤਰਾਂ ਵਿੱਚ 100 ਤੋਂ ਵੱਧ ਪੇਟੈਂਟ ਸਨ। ਕੁਝ ਸਰੋਤਾਂ ਅਨੁਸਾਰ, ਉਹਨਾਂ ਦੇ ਪੇਟੈਂਟਾਂ ਦੀ ਗਿਣਤੀ 120 ਤੋਂ ਵੱਧ ਸੀ। ਉਹਨਾਂ ਦੇ ਪ੍ਰਮੁੱਖ ਪੇਟੈਂਟਾਂ ਵਿੱਚੋਂ ਇੱਕ "Method and means for transmitting images through a bundle of transparent fibers" ਹੈ। ਇਹ ਪੇਟੈਂਟ 20 ਮਈ 1957 ਨੂੰ ਫਾਈਲ ਕੀਤਾ ਗਿਆ ਸੀ ਅਤੇ 16 ਜਨਵਰੀ 1962 ਨੂੰ ਪ੍ਰਕਾਸ਼ਿਤ ਹੋਇਆ ਸੀ। ਇਹ ਪੇਟੈਂਟ ਪਤਲੇ ਪਾਰਦਰਸ਼ੀ ਫਾਈਬਰਾਂ ਰਾਹੀਂ ਚਿੱਤਰਾਂ/ਜਾਣਕਾਰੀ ਨੂੰ ਪ੍ਰਸਾਰਿਤ ਕਰਨ ਲਈ ਕੁੱਲ ਅੰਦਰੂਨੀ ਪ੍ਰਤੀਬਿੰਬ ਦੀ ਯੋਗਤਾ 'ਤੇ ਅਧਾਰਤ ਹੈ।

ਉਨ੍ਹਾਂ ਦੇ ਕੁਝ ਪ੍ਰਮੁੱਖ ਪੇਟੈਂਟਾਂ ਵਿੱਚ ਸ਼ਾਮਲ ਹਨ:

ਫਾਈਬਰ ਆਪਟਿਕ ਆਈਸੋਲੇਟਰ ਅਤੇ ਐਂਪਲੀਫਾਇਰ (6iber optic isolater and amplifier) - ਪੇਟੈਂਟ ਨੰਬਰ: 5191467

ਫਾਈਬਰ ਆਪਟਿਕਸ ਕਮਿਊਨੀਕੇਸ਼ਨ ਮੋਡਿਊਲ  (6iber optics communication modules) - ਪੇਟੈਂਟ ਨੰਬਰ: 4993796, 4329017

ਹਾਈਬ੍ਰਿਡ ਐਕਟਿਵ ਡਿਵਾਈਸਾਂ ਜੋ ਗੋਲਾਕਾਰ ਰਿਫਲੈਕਟਰਾਂ ਰਾਹੀਂ ਫਾਈਬਰ ਨਾਲ ਜੁੜੀਆਂ ਹੋਈਆਂ ਹਨ (8ybrid active devices coupled to fiber via spherical reflectors) - ਪੇਟੈਂਟ ਨੰਬਰ: 4934784

ਉਹ ਨੈਸ਼ਨਲ ਇਨਵੈਂਟਰਸ ਕੌਂਸਲ ਦੇ ਇੱਕ ਸਰਗਰਮ ਮੈਂਬਰ ਸਨ। ਇਹ ਭੂਮਿਕਾ ਅਮਰੀਕਾ ਵਿੱਚ ਕਾਢਾਂ ਅਤੇ ਤਕਨੀਕੀ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਉਹਨਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਂਦੀ ਹੈ, ਜਿਸ ਨਾਲ ਉਹਨਾਂ ਨੇ ਸਿਰਫ਼ ਖੋਜ ਹੀ ਨਹੀਂ ਕੀਤੀ, ਬਲਕਿ ਨਵੀਨਤਾ ਦੇ ਇੱਕ ਵਿਆਪਕ ਵਾਤਾਵਰਣ ਪ੍ਰਣਾਲੀ ਵਿੱਚ ਵੀ ਯੋਗਦਾਨ ਪਾਇਆ।

### ਪਰਉਪਕਾਰ ਅਤੇ ਸਿੱਖ ਵਿਰਾਸਤ ਦਾ ਪ੍ਰਚਾਰ: ਅਮਰੀਕਾ ਵਿੱਚ ਇੱਕ ਸੱਭਿਆਚਾਰਕ ਪੁਲ

ਡਾ. ਨਰਿੰਦਰ ਸਿੰਘ ਕਪਾਨੀ ਦੀ ਵਿਰਾਸਤ ਸਿਰਫ਼ ਵਿਗਿਆਨ ਅਤੇ ਉੱਦਮਤਾ ਤੱਕ ਸੀਮਤ ਨਹੀਂ ਸੀ; ਉਹਨਾਂ ਦਾ ਪਰਉਪਕਾਰੀ ਕਾਰਜ, ਖਾਸ ਤੌਰ 'ਤੇ ਸਿੱਖ ਵਿਰਾਸਤ ਦੀ ਸੰਭਾਲ ਅਤੇ ਪ੍ਰਚਾਰ 'ਤੇ ਕੇਂਦਰਿਤ, ਉਹਨਾਂ ਦੀ ਸੱਭਿਆਚਾਰਕ ਜੜ੍ਹਾਂ ਪ੍ਰਤੀ ਡੂੰਘੀ ਪ੍ਰਤੀਬੱਧਤਾ ਅਤੇ ਉਹਨਾਂ ਦੇ ਭਾਰਤੀ ਵਿਰਸੇ ਅਤੇ ਉਹਨਾਂ ਦੇ ਗੋਦ ਲਏ ਅਮਰੀਕੀ ਘਰ ਵਿਚਕਾਰ ਪੁਲ ਬਣਾਉਣ ਦੀ ਇੱਛਾ ਨੂੰ ਦਰਸਾਉਂਦਾ ਹੈ।

### ਸਿੱਖ ਫਾਊਂਡੇਸ਼ਨ ਦੀ ਸਥਾਪਨਾ (1967) ਅਤੇ ਇਸਦੇ ਵਿਦਿਅਕ ਤੇ ਸੱਭਿਆਚਾਰਕ ਕਾਰਜ

ਡਾ. ਕਪਾਨੀ ਅਤੇ ਉਹਨਾਂ ਦੀ ਪਤਨੀ ਸਤਿੰਦਰ ਕੌਰ ਨੇ 29 ਦਸੰਬਰ 1967 ਨੂੰ ਕੈਲੀਫੋਰਨੀਆ ਵਿੱਚ ਸਿੱਖ ਫਾਊਂਡੇਸ਼ਨ ਦੀ ਸਥਾਪਨਾ ਕੀਤੀ। ਇਹ ਇੱਕ ਗੈਰ-ਲਾਭਕਾਰੀ ਅਤੇ ਗੈਰ-ਰਾਜਨੀਤਿਕ ਚੈਰੀਟੇਬਲ ਸੰਸਥਾ ਸੀ, ਜਿਸਦਾ ਮਿਸ਼ਨ ਸਿੱਖ ਵਿਰਾਸਤ, ਸੱਭਿਆਚਾਰ ਅਤੇ ਧਰਮ ਨੂੰ ਸੁਰੱਖਿਅਤ ਰੱਖਣਾ ਅਤੇ ਉਤਸ਼ਾਹਿਤ ਕਰਨਾ ਸੀ। ਫਾਊਂਡੇਸ਼ਨ ਨੇ ਪ੍ਰਕਾਸ਼ਨ, ਅਕਾਦਮਿਕ ਅਤੇ ਕਲਾ ਦੇ ਖੇਤਰਾਂ ਵਿੱਚ ਕਈ ਪ੍ਰੋਗਰਾਮ ਚਲਾਏ। ਇਸਨੇ 1972 ਵਿੱਚ 'ਦਿ ਸਿੱਖ ਸੰਸਾਰ' ਨਾਮਕ ਇੱਕ ਤਿਮਾਹੀ ਜਰਨਲ ਵੀ ਲਾਂਚ ਕੀਤਾ। ਸਿੱਖ ਫਾਊਂਡੇਸ਼ਨ ਨੇ ਅਮਰੀਕੀ ਅਦਾਰਿਆਂ ਵਿੱਚ ਸਿੱਖਾਂ ਅਤੇ ਉਹਨਾਂ ਦੀ ਵਿਰਾਸਤ ਨੂੰ ਸ਼ਾਮਲ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ, ਜਿਸ ਵਿੱਚ ਪ੍ਰਮੁੱਖ ਅਜਾਇਬ ਘਰ ਅਤੇ ਯੂਨੀਵਰਸਿਟੀਆਂ ਸ਼ਾਮਲ ਹਨ। ਇਸਨੇ ਅਮਰੀਕੀ ਜਨਤਾ ਅਤੇ ਸਿੱਖ ਭਾਈਚਾਰੇ ਵਿਚਕਾਰ ਜਾਗਰੂਕਤਾ ਅਤੇ ਸਬੰਧਾਂ ਨੂੰ ਵਧਾਉਣ ਲਈ ਕੰਮ ਕੀਤਾ। 1984 ਦੇ ਪੰਜਾਬ ਸੰਕਟ ਦੌਰਾਨ, ਫਾਊਂਡੇਸ਼ਨ ਨੇ ਸਿੱਖਾਂ ਬਾਰੇ ਜਨਤਾ ਨੂੰ ਜਾਗਰੂਕ ਕਰਨ ਲਈ ਅਮਰੀਕੀ ਅਖਬਾਰਾਂ ਵਿੱਚ ਪੂਰੇ ਪੰਨੇ ਦੇ ਇਸ਼ਤਿਹਾਰ ਵੀ ਪ੍ਰਕਾਸ਼ਿਤ ਕੀਤੇ। ਡਾ. ਕਪਾਨੀ ਨੇ ਖੁਦ 1984 ਵਿੱਚ ਵਾਸ਼ਿੰਗਟਨ ਡੀ.ਸੀ. ਵਿੱਚ ਯੂ।ਐਸ। ਸੈਨੇਟਰਾਂ ਨੂੰ ਵੀ ਸੰਬੋਧਨ ਕੀਤਾ, ਜੋ ਉਹਨਾਂ ਦੀ ਭਾਈਚਾਰਕ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।

### ਅਮਰੀਕੀ ਯੂਨੀਵਰਸਿਟੀਆਂ ਵਿੱਚ ਸਿੱਖ ਅਧਿਐਨ ਅਤੇ ਆਪਟੋ-ਇਲੈਕਟਰੋਨਿਕਸ ਚੇਅਰਜ਼ ਦੀ ਸਥਾਪਨਾ

ਡਾ. ਕਪਾਨੀ ਦੀ ਸਿੱਖਿਆ ਪ੍ਰਤੀ ਪ੍ਰਤੀਬੱਧਤਾ ਨੇ ਉਹਨਾਂ ਨੂੰ ਅਮਰੀਕੀ ਯੂਨੀਵਰਸਿਟੀਆਂ ਵਿੱਚ ਸਿੱਖ ਅਧਿਐਨ ਦੇ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਅਹਿਮ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਆਪਣੀ ਮਾਤਾ ਕੁੰਦਨ ਕੌਰ ਕਪਾਨੀ ਦੇ ਸਨਮਾਨ ਵਿੱਚ ਕੈਲੀਫੋਰਨੀਆ ਯੂਨੀਵਰਸਿਟੀ, ਸੈਂਟਾ ਬਾਰਬਰਾ ("3 Santa 2arbara) ਵਿੱਚ ਕੁੰਦਨ ਕੌਰ ਕਪਾਨੀ ਚੇਅਰ ਆਫ ਸਿੱਖ ਸਟੱਡੀਜ਼ ਦੀ ਸਥਾਪਨਾ ਕੀਤੀ। ਇਹ ਉੱਤਰੀ ਅਮਰੀਕਾ ਵਿੱਚ ਆਪਣੀ ਕਿਸਮ ਦੀ ਪਹਿਲੀ ਅਕਾਦਮਿਕ ਚੇਅਰ ਸੀ, ਜਿਸ ਨੇ ਹੋਰ ਅਜਿਹੀਆਂ ਪਹਿਲਕਦਮੀਆਂ ਲਈ ਰਾਹ ਪੱਧਰਾ ਕੀਤਾ।

ਇਸ ਤੋਂ ਇਲਾਵਾ, ਉਹਨਾਂ ਨੇ ਕੈਲੀਫੋਰਨੀਆ ਯੂਨੀਵਰਸਿਟੀ, ਸੈਂਟਾ ਕਰੂਜ਼ ("3 Santa 3ru) ਵਿੱਚ ਆਪਟੋ-ਇਲੈਕਟਰੋਨਿਕਸ ਦੀ ਇੱਕ ਚੇਅਰ ਅਤੇ ਉੱਦਮਤਾ ਦੀ ਇੱਕ ਪ੍ਰੋਫੈਸਰਸ਼ਿਪ ਵੀ ਸਥਾਪਿਤ ਕੀਤੀ। ਸਿੱਖ ਫਾਊਂਡੇਸ਼ਨ ਨੇ ਕੈਲੀਫੋਰਨੀਆ ਦੀਆਂ ਕਈ ਹੋਰ ਯੂਨੀਵਰਸਿਟੀਆਂ ("3 Santa 3ru  , Santa 2arbara, Riverside, 3alifornia State "niversity 5ast 2ay) ਵਿੱਚ ਸਿੱਖ ਅਧਿਐਨ ਲਈ ਚਾਰ ਹੋਰ ਚੇਅਰਜ਼ ਨੂੰ ਵੀ ਸਪਾਂਸਰ ਕੀਤਾ ਹੈ, ਅਤੇ ਕੋਲੰਬੀਆ, ਸਟੈਨਫੋਰਡ, ਅਤੇ 3 ਬਰਕਲੇ ਵਿੱਚ ਪੰਜਾਬੀ ਭਾਸ਼ਾ ਦੇ ਪ੍ਰੋਗਰਾਮਾਂ ਦਾ ਸਮਰਥਨ ਕੀਤਾ ਹੈ।

ਡਾ. ਕਪਾਨੀ ਦਾ ਇਹ ਪਰਉਪਕਾਰੀ ਕਾਰਜ ਸਿਰਫ਼ ਚੈਰਿਟੀ ਤੋਂ ਵੱਧ ਸੀ। ਇਹ ਅਮਰੀਕੀ ਬੌਧਿਕ ਅਤੇ ਸੱਭਿਆਚਾਰਕ ਢਾਂਚੇ ਦੇ ਅੰਦਰ ਸਿੱਖ ਧਰਮ ਦੇ ਅਧਿਐਨ ਅਤੇ ਪ੍ਰਸ਼ੰਸਾ ਨੂੰ ਸੰਸਥਾਗਤ ਬਣਾਉਣ ਬਾਰੇ ਸੀ। ਇਹ ਯਤਨ ਘੱਟ ਗਿਣਤੀ ਭਾਈਚਾਰੇ ਲਈ ਲੰਬੇ ਸਮੇਂ ਦੀ ਮਾਨਤਾ, ਅਕਾਦਮਿਕ ਜਾਇਜ਼ਤਾ, ਅਤੇ ਜਨਤਕ ਦਿੱਖ ਪ੍ਰਦਾਨ ਕਰਦੇ ਹਨ। ਉਹਨਾਂ ਦਾ "ਦਸਵੰਧ" (ਆਪਣੀ ਕਮਾਈ ਦਾ ਦਸਵਾਂ ਹਿੱਸਾ ਦੂਜਿਆਂ ਨਾਲ ਸਾਂਝਾ ਕਰਨਾ) ਦਾ ਨਿੱਜੀ ਫਲਸਫਾ  ਸੱਭਿਆਚਾਰਕ ਸੰਭਾਲ ਅਤੇ ਅੰਤਰ-ਧਰਮੀ ਸਮਝ ਦੋਵਾਂ ਪ੍ਰਤੀ ਉਹਨਾਂ ਦੀ ਸੰਪੂਰਨ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।

### ਸਿੱਖ ਕਲਾ ਸੰਗ੍ਰਹਿ ਅਤੇ ਸੈਨ ਫਰਾਂਸਿਸਕੋ ਦੇ ਏਸ਼ੀਅਨ ਆਰਟ ਮਿਊਜ਼ੀਅਮ ਨੂੰ ਦਾਨ

ਡਾ. ਕਪਾਨੀ ਇੱਕ ਪ੍ਰਸਿੱਧ ਸਿੱਖ ਕਲਾ ਸੰਗ੍ਰਾਹੀ ਸਨ ਅਤੇ ਉਹਨਾਂ ਕੋਲ ਸਿੱਖ ਕਲਾ ਦਾ ਇੱਕ ਵਿਸ਼ਾਲ ਸੰਗ੍ਰਹਿ ਸੀ, ਜੋ ਉਹ ਅਕਸਰ ਵੱਖ-ਵੱਖ ਸੰਸਥਾਵਾਂ ਅਤੇ ਅਜਾਇਬ ਘਰਾਂ ਨੂੰ ਉਧਾਰ ਦਿੰਦੇ ਸਨ। ਉਹਨਾਂ ਨੇ ਸਿੱਖ ਕਲਾ ਨੂੰ "ਸਿੱਖਾਂ ਦੁਆਰਾ, ਸਿੱਖਾਂ ਲਈ, ਅਤੇ ਸਿੱਖਾਂ ਬਾਰੇ" ਕਲਾ ਵਜੋਂ ਪਰਿਭਾਸ਼ਿਤ ਕੀਤਾ।

1999 ਵਿੱਚ, ਉਹਨਾਂ ਨੇ ਸੈਨ ਫਰਾਂਸਿਸਕੋ ਦੇ ਏਸ਼ੀਅਨ ਆਰਟ ਮਿਊਜ਼ੀਅਮ ਨੂੰ 500,000 ਡਾਲਰ ਅਤੇ ਆਪਣੇ ਨਿੱਜੀ ਸੰਗ੍ਰਹਿ ਤੋਂ 100 ਸਿੱਖ ਕਲਾ ਵਸਤੂਆਂ ਦਾ ਇੱਕ ਮਹੱਤਵਪੂਰਨ ਦਾਨ ਕੀਤਾ। ਇਸ ਉਦਾਰ ਦਾਨ ਨਾਲ, ਸਤਿੰਦਰ ਕੌਰ ਕਪਾਨੀ ਗੈਲਰੀ ਆਫ ਸਿੱਖ ਆਰਟ ਦੀ ਸਥਾਪਨਾ ਕੀਤੀ ਗਈ, ਜਿਸਦਾ ਨਾਮ ਉਹਨਾਂ ਦੀ ਪਤਨੀ ਦੇ ਸਨਮਾਨ ਵਿੱਚ ਰੱਖਿਆ ਗਿਆ। ਇਹ ਗੈਲਰੀ ਉੱਤਰੀ ਅਮਰੀਕਾ ਵਿੱਚ ਸਿੱਖ ਕਲਾ ਦੀ ਪਹਿਲੀ ਸਥਾਈ ਗੈਲਰੀ ਹੈ, ਜੋ ਸਿੱਖ ਕਲਾ ਅਤੇ ਇਤਿਹਾਸ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਅਤੇ ਪ੍ਰਸ਼ੰਸਾ ਪ੍ਰਾਪਤ ਕਰਨ ਵਿੱਚ ਉਹਨਾਂ ਦੇ ਯਤਨਾਂ ਨੂੰ ਦਰਸਾਉਂਦੀ ਹੈ।

ਡਾ. ਕਪਾਨੀ ਦੇ ਇਹ ਯਤਨ ਉਹਨਾਂ ਨੂੰ ਸਿਰਫ਼ ਇੱਕ ਵਿਗਿਆਨੀ ਵਜੋਂ ਹੀ ਨਹੀਂ, ਬਲਕਿ ਅਮਰੀਕਾ ਵਿੱਚ ਇੱਕ ਮਹੱਤਵਪੂਰਨ ਸੱਭਿਆਚਾਰਕ ਰਾਜਦੂਤ ਅਤੇ ਭਾਈਚਾਰਕ ਨਿਰਮਾਤਾ ਵਜੋਂ ਸਥਾਪਿਤ ਕਰਦੇ ਹਨ।

### ਅਮਰੀਕੀ ਅਧਿਕਾਰਤ ਮਾਨਤਾਵਾਂ ਅਤੇ ਸਨਮਾਨ

ਡਾ. ਨਰਿੰਦਰ ਸਿੰਘ ਕਪਾਨੀ ਨੂੰ ਸੰਯੁਕਤ ਰਾਜ ਅਮਰੀਕਾ ਵਿੱਚ ਉਹਨਾਂ ਦੇ ਸ਼ਾਨਦਾਰ ਯੋਗਦਾਨਾਂ ਲਈ ਕਈ ਵੱਕਾਰੀ ਮਾਨਤਾਵਾਂ ਅਤੇ ਸਨਮਾਨ ਪ੍ਰਾਪਤ ਹੋਏ, ਜੋ ਉਹਨਾਂ ਦੇ ਕਾਰਜ ਦੇ ਵਿਆਪਕ ਪ੍ਰਭਾਵ ਨੂੰ ਦਰਸਾਉਂਦੇ ਹਨ।

ਫਾਰਚੂਨ ਮੈਗਜ਼ੀਨ ਦੁਆਰਾ 20ਵੀਂ ਸਦੀ ਦੇ ਅਣਗੌਲੇ ਨਾਇਕਾਂ ਵਿੱਚ ਸ਼ਾਮਲ: ਨਵੰਬਰ 1999 ਵਿੱਚ, ਫਾਰਚੂਨ ਮੈਗਜ਼ੀਨ ਨੇ ਉਹਨਾਂ ਨੂੰ 'ਬਿਜ਼ਨਸਮੈਨ ਆਫ ਦਿ ਸੈਂਚੁਰੀ' ਅੰਕ ਵਿੱਚ 20ਵੀਂ ਸਦੀ ਦੇ ਅਣਗੌਲੇ ਨਾਇਕਾਂ ਵਿੱਚੋਂ ਇੱਕ ਵਜੋਂ ਪਛਾਣਿਆ। ਇਹ ਮਾਨਤਾ ਉਹਨਾਂ ਦੀ ਨੋਬਲ ਪੁਰਸਕਾਰ ਦੇ ਯੋਗ ਕਾਢ ਲਈ ਸੀ, ਜੋ ਉਹਨਾਂ ਦੇ ਕਾਰਜ ਦੇ ਮਹੱਤਵ ਨੂੰ ਉਜਾਗਰ ਕਰਦੀ ਹੈ। ਟਾਈਮ ਮੈਗਜ਼ੀਨ ਨੇ ਵੀ



ਉਹਨਾਂ ਨੂੰ 1999 ਦੇ ਆਪਣੇ ਆਖਰੀ ਅੰਕ ਵਿੱਚ 20ਵੀਂ ਸਦੀ ਦੇ ਚੋਟੀ ਦੇ ਦਸ ਵਿਗਿਆਨੀਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ।

ਯੂ.ਐਸ.ਏ. ਪੈਨ-ਏਸ਼ੀਅਨ ਅਮਰੀਕਨ ਚੈਂਬਰ ਆਫ ਕਾਮਰਸ ਤੋਂ 'ਐਕਸੀਲੈਂਸ 2000 ਅਵਾਰਡ' ਉਹਨਾਂ ਨੂੰ 1998 ਵਿੱਚ ਯੂ।ਐਸ।ਏ। ਪੈਨ-ਏਸ਼ੀਅਨ ਅਮਰੀਕਨ ਚੈਂਬਰ ਆਫ ਕਾਮਰਸ ਤੋਂ 'ਐਕਸੀਲੈਂਸ 2000' ਅਵਾਰਡ ਪ੍ਰਾਪਤ ਹੋਇਆ। ਇਹ ਪੁਰਸਕਾਰ ਉਹਨਾਂ ਦੇ ਉੱਦਮੀ ਅਤੇ ਵਿਗਿਆਨਕ ਯੋਗਦਾਨਾਂ ਦੀ ਮਾਨਤਾ ਸੀ।

ਯੂ।ਸੀ। ਸੈਂਟਾ ਕਰੂਜ਼ ਫਾਊਂਡੇਸ਼ਨ ਤੋਂ 'ਫਿਏਟ ਲਕਸ ਅਵਾਰਡ' 2008 ਵਿੱਚ, ਉਹਨਾਂ ਨੂੰ ਯੂ।ਸੀ। ਸੈਂਟਾ ਕਰੂਜ਼ ਫਾਊਂਡੇਸ਼ਨ ਤੋਂ 'ਫਿਏਟ ਲਕਸ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਹ ਉਹਨਾਂ ਦੇ ਅਕਾਦਮਿਕ ਅਤੇ ਪਰਉਪਕਾਰੀ ਯੋਗਦਾਨਾਂ ਦੀ ਪ੍ਰਸ਼ੰਸਾ ਸੀ।

ਨੈਸ਼ਨਲ ਇਨਵੈਂਟਰਸ ਕੌਂਸਲ ਦੇ ਮੈਂਬਰ ਵਜੋਂ ਉਹਨਾਂ ਦੀ ਭੂਮਿਕਾ: ਉਹ ਨੈਸ਼ਨਲ ਇਨਵੈਂਟਰਸ ਕੌਂਸਲ ਦੇ ਇੱਕ ਸਰਗਰਮ ਮੈਂਬਰ ਸਨ। ਇਹ ਭੂਮਿਕਾ ਅਮਰੀਕਾ ਵਿੱਚ ਕਾਢਾਂ ਅਤੇ ਤਕਨੀਕੀ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਉਹਨਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਂਦੀ ਹੈ।

ਯੂ।ਐਸ। ਕਾਂਗਰਸਨਲ ਰਿਕਾਰਡ ਵਿੱਚ ਉਹਨਾਂ ਦਾ ਜ਼ਿਕਰ: ਡਾ. ਕਪਾਨੀ ਦਾ ਜ਼ਿਕਰ ਯੂ।ਐਸ। ਕਾਂਗਰਸਨਲ ਰਿਕਾਰਡ ਵਿੱਚ ਵੀ ਕੀਤਾ ਗਿਆ ਹੈ। ਕਾਂਗਰਸਮੈਨ ਜੋਅ ਨੇਗੂਸੇ ਦੁਆਰਾ ਉਹਨਾਂ ਨੂੰ ਸਭ ਤੋਂ ਉੱਚੇ ਦਰਜੇ ਦੀ ਮਾਨਤਾ ਅਤੇ ਸਨਮਾਨ ਦੇਣ ਦੀ ਗੱਲ ਕੀਤੀ ਗਈ ਹੈ, ਜੋ ਅਮਰੀਕੀ ਰਾਜਨੀਤਿਕ ਖੇਤਰ ਵਿੱਚ ਉਹਨਾਂ ਦੇ ਪ੍ਰਭਾਵ ਅਤੇ ਸਤਿਕਾਰ ਨੂੰ ਦਰਸਾਉਂਦਾ ਹੈ।

### ਸਿੱਟਾ: ਇੱਕ ਅਮਿੱਟ ਵਿਰਾਸਤ ਅਤੇ ਭਵਿੱਖ ਲਈ ਪ੍ਰੇਰਨਾ

ਡਾ. ਨਰਿੰਦਰ ਸਿੰਘ ਕਪਾਨੀ ਦਾ ਜੀਵਨ ਵਿਗਿਆਨਕ ਕਾਢ, ਉੱਦਮੀ ਦ੍ਰਿਸ਼ਟੀ ਅਤੇ ਡੂੰਘੇ ਪਰਉਪਕਾਰ ਦਾ ਇੱਕ ਸ਼ਕਤੀਸ਼ਾਲੀ ਸੁਮੇਲ ਸੀ। ਉਹਨਾਂ ਨੇ ਨਾ ਸਿਰਫ਼ "ਫਾਈਬਰ ਆਪਟਿਕਸ" ਦੀ ਬੁਨਿਆਦ ਰੱਖੀ, ਜੋ ਆਧੁਨਿਕ ਸੰਚਾਰ ਦਾ ਆਧਾਰ ਹੈ ਅਤੇ ਇੰਟਰਨੈੱਟ ਦੇ ਵਿਕਾਸ ਲਈ ਜ਼ਰੂਰੀ ਸੀ , ਬਲਕਿ ਉਹਨਾਂ ਨੇ ਇਸ ਤਕਨਾਲੋਜੀ ਨੂੰ ਵਪਾਰਕ ਉਤਪਾਦਾਂ ਵਿੱਚ ਬਦਲਣ ਅਤੇ ਅਗਲੀਆਂ ਪੀੜ੍ਹੀਆਂ ਨੂੰ ਸਿੱਖਿਅਤ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ।

ਸੰਯੁਕਤ ਰਾਜ ਅਮਰੀਕਾ ਵਿੱਚ ਉਹਨਾਂ ਦਾ ਵਿਰਾਸਤੀ ਯੋਗਦਾਨ ਬਹੁ-ਪੱਖੀ ਹੈ,  ਉਹਨਾਂ ਦੀਆਂ ਕੰਪਨੀਆਂ ਨੇ ਨਵੀਨਤਾ ਲਿਆਂਦੀ ਅਤੇ ਉਦਯੋਗਾਂ ਨੂੰ ਰੂਪ ਦਿੱਤਾ , ਉਹਨਾਂ ਦੀਆਂ ਅਕਾਦਮਿਕ ਭੂਮਿਕਾਵਾਂ ਨੇ ਗਿਆਨ ਨੂੰ ਫੈਲਾਇਆ ਅਤੇ ਭਵਿੱਖ ਦੇ ਖੋਜਕਰਤਾਵਾਂ ਨੂੰ ਪ੍ਰੇਰਿਤ ਕੀਤਾ , ਅਤੇ ਉਹਨਾਂ ਦੇ ਪਰਉਪਕਾਰੀ ਯਤਨਾਂ ਨੇ ਸਿੱਖ ਵਿਰਾਸਤ ਨੂੰ ਅਮਰੀਕੀ ਮੁੱਖ ਧਾਰਾ ਵਿੱਚ ਸਥਾਪਿਤ ਕੀਤਾ, ਸੱਭਿਆਚਾਰਕ ਸਮਝ ਅਤੇ ਸਨਮਾਨ ਲਈ ਇੱਕ ਪੁਲ ਬਣਾਇਆ। ਉਹਨਾਂ ਦੀ ਕਹਾਣੀ ਲਗਨ, ਦੂਰਅੰਦੇਸ਼ੀ ਅਤੇ ਆਪਣੇ ਭਾਈਚਾਰੇ ਅਤੇ ਸਮਾਜ ਪ੍ਰਤੀ ਪ੍ਰਤੀਬੱਧਤਾ ਦੀ ਇੱਕ ਪ੍ਰੇਰਨਾਦਾਇਕ ਉਦਾਹਰਣ ਹੈ। ਡਾ। ਕਪਾਨੀ ਦੀ ਵਿਰਾਸਤ ਅੱਜ ਵੀ ਸਾਡੇ ਸੰਸਾਰ ਨੂੰ ਰੂਪ ਦੇ ਰਹੀ ਹੈ, ਜੋ ਭਵਿੱਖ ਦੀਆਂ ਪੀੜ੍ਹੀਆਂ ਲਈ ਇੱਕ ਅਮਿੱਟ ਪ੍ਰੇਰਨਾ ਬਣੀ ਹੋਈ ਹੈ।

ਭਾਰਤ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ 9 ਨਵੰਬਰ ਨੂੰ ਰਾਸ਼ਟਰਪਤੀ ਭਵਨ ਵਿਖੇ ਡਾ. ਨਰਿੰਦਰ ਸਿੰਘ ਕਪਾਨੀ ਨੂੰ ਮਰਨ ਉਪਰੰਤ ਪਦਮ ਵਿਭੂਸ਼ਣ, ਭਾਰਤ ਦਾ ਦੂਜਾ ਸਭ ਤੋਂ ਉੱਚਾ ਨਾਗਰਿਕ ਪੁਰਸਕਾਰ, ਪ੍ਰਦਾਨ ਕੀਤਾ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਵਿਖੇ ਸ਼ੁਭ ਆਨੰਦ ਕਾਰਜ ਗੁਰ ਮਰਿਆਦਾ ਸਹਿਤ ਸੰਪੂਰਨ ਹੋਏ

**ਨਿਊਯਾਰਕ (ਬਲਵਿੰਦਰ ਭੌਰਾ)** ਬੀਤੇ ਦਿਨੀ 11 ਜੁਲਾਈ ਦਿਨ ਸ਼ੁੱਕਰਵਾਰ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਗੁਰੂ ਘਰ ਦੇ ਪਬਲਿਕ ਰਿਲੇਸ਼ਨ ਸਕੱਤਰ ਸ੍ਰੀ ਤਵਿੰਦਰ ਸਿੰਘ ਬੈਂਸ (ਪਿਤਾ ਸਵ: ਸੋਮ ਨਾਥ ਮਾਤਾ ਪ੍ਰਕਾਸ਼ ਕੌਰ ਫਗਵਾੜਾ) ਦੇ ਸ਼ੁਭ ਆਨੰਦ ਕਾਰਜ ਬੀਬੀ ਅਨੀਤਾ ਰਾਣੀ (ਪਿਤਾ ਰਾਮ ਕ੍ਰਿਸ਼ਨ ਮਾਤਾ ਬਿਮਲਾ ਦੇਵੀ ਵਾਸੀ ਬਠਿੰਡਾ) ਦੇ ਨਾਲ ਪੂਰਨ ਗੁਰ-ਮਰਿਯਾਦਾ ਨਾਲ ਸੰਪਨ ਹੋਏ। ਲਾਵਾਂ ਦੇ ਸ਼ਬਦ ਸੰਤ ਜੀਤ ਦਾਸ ਜੀ ਮਾਹਲ ਗੈਲਾਂ ਵਾਲਿਆਂ ਦੇ ਜੱਥੇ ਵੱਲੋਂ ਗਾਇਨ ਕੀਤੇ, ਮੁੱਖ ਵਾਕ ਬਾਬਾ ਬ੍ਰਹਮ ਦਾਸ ਜੀ ਨੇ ਪੜੇ ਤੇ ਗੁਰੂ ਘਰ ਦੇ ਜੱਥੇ ਭਾਈ ਦਿਲਬਾਗ ਸਿੰਘ, ਰੂਪ ਸਿੰਘ ਤੇ ਭਾਈ ਸਰਬਜੀਤ ਸਿੰਘ ਜੀ ਨੇ ਸੁਭਾਗੀ ਜੋੜੀ ਨੂੰ ਗੁਰਬਾਣੀ ਕੀਰਤਨ ਰਾਹੀਂ ਵਧਾਈ ਦਿੱਤੀ ।ਇਸ ਮੌਕੇ ਸੁਭਾਗੀ ਜੋੜੀ ਨੂੰ ਪ੍ਰਬੰਧਕਾਂ ਵੱਲੋਂ ਵਧਾਈ ਦਿੰਦਿਆਂ ਸਿਰੋਪਾ ਭੇਂਟ ਕੀਤੇ । ਵਿਆਹ ਦੇ ਪਵਿੱਤਰ ਕਾਰਜ ਨੂੰ ਸੰਪੂਰਨ ਕਰਨ ਲਈ ਵਿਸ਼ੇਸ਼ ਤੌਰ ਹਰਬਲਾਸ ਲਾਲੀ, ਪ੍ਰਧਾਨ ਪਰਮਜੀਤ ਕਮਾਮ ਤੋਂ ਇਲਾਵਾ ਭੈਣ ਅਨੀਤਾ ਰਾਣੀ ਝੱਲੀ ਤੇ ਜੀਜਾ ਗੁਰਪਾਲ ਝੱਲੀ,ਰਾਣੀ ਥੰਮਣਵਾਲ ਤੇ ਪ੍ਰੀਵਾਰ, ਵਾਈਸ ਪ੍ਰਧਾਨ ਪਰਮਜੀਤ ਫਿਲੌਰ ਤੇ ਸਮੂਹ ਫਿਲੌਰੀਏ ਪਰਿਵਾਰਾਂ ਨੇ ਵਿਸ਼ੇਸ਼ ਯੋਗਦਾਨ ਪਾਇਆ । ਵੀਡੀ ਤੇ ਫੋਟੋ ਗ੍ਰਾਫੀ ਗਰੀਸ਼ ਕੁਮਾਰ ਨੇ ਬਾਖ਼ੂਬੀ ਕੀਤੀ। ਸਮੁੰਚੇ ਪ੍ਰੋਗਰਾਮ ਦੀ ਮੰਚ ਸੰਚਾਲਨਾਂ ਦੀ ਜ਼ਿੰਮੇਵਾਰੀ ਬਲਵਿੰਦਰ ਭੌਰਾ ਨੇ ਨਿਭਾਈ।




# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵੱਲੋਂ ਤ੍ਰੈ ਮਾਸਿਕ ਪੱਤ੍ਰਿਕਾ ਪਰਵਾਸ ਦਾ 44ਵਾਂ ਜੁਲਾਈ-ਸਤੰਬਰ 2025 ਅੰਕ ਲੋਕ ਅਰਪਨ

**ਲੁਧਿਆਣਾ-** ਪਰਵਾਸੀ ਸਾਹਿਤ ਅਧਿਐਨ ਕੇਂਦਰ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵੱਲੋਂ ਤ੍ਰੈ-ਮਾਸਿਕ ਪੱਤ੍ਰਿਕਾ ਪਰਵਾਸ ਦਾ 44ਵਾਂ ਜੁਲਾਈ-ਸਤੰਬਰ 2025 ਅੰਕ ਲੋਕ ਅਰਪਨ ਕੀਤਾ ਗਿਆ। ਜਿਸ ਵਿਚ ਅਮਰੀਕਾ ਵੱਸਦੇ ਪੰਜਾਬੀ ਲੇਖਕ ਨਕਸ਼ਦੀਪ ਪੰਜਕੋਹਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਆਰੰਭ ਵਿਚ ਡਾ. ਸ. ਪ. ਸਿੰਘ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਤੇ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਲੇਖਕ ਨਕਸ਼ਦੀਪ ਪੰਜਕੋਹਾ ਦੇ ਸਿਰਜਣਾ ਸਫ਼ਰ ਬਾਰੇ ਪਾਠਕਾਂ ਨੂੰ ਜਾਣੂ ਕਰਵਾਇਆ। ਨਕਸ਼ਦੀਪ ਪੰਜਕੋਹਾ ਨੇ ਇਸ ਸਮੇਂ ਸਰੋਤਿਆਂ ਦੇ ਰੂ ਬ ਰੂ ਹੁੰਦਿਆਂ ਪੰਜਾਬ ਰਹਿੰਦਿਆਂ ਆਪਣੇ ਸੰਘਰਸ਼ ਭਰੇ ਦਿਨਾਂ ਬਾਰੇ ਦੱਸਿਆ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਪਹਿਲਾਂ ਅੰਗਰੇਜ਼ੀ ਵਿਚ ਸਾਹਿਤ ਲਿਖਦੇ ਸਨ ਪਰ ਫਿਰ ਲੇਖਕ ਤੇ ਫਿਲਮੀ ਅਦਾਕਾਰ ਬਲਰਾਜ ਸਾਹਨੀ ਦੀ ਪ੍ਰੇਰਨਾ ਨਾਲ ਉਨ੍ਹਾਂ ਨੇ ਮਾਂ ਬੋਲੀ ਵਿਚ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਦੱਸਿਆ ਕਿ ਡਾ. ਸ. ਪ. ਸਿੰਘ ਨੇ ਉਨ੍ਹਾਂ ਦੇ ਨਾਵਲ 'ਗਿਰਵੀ ਹੋਏ ਮਨ' ਨੂੰ ਪੜ੍ਹਨ ਉਪਰੰਤ ਪਾਠਕਾਂ ਤੇ ਯੂਨੀਵਰਸਿਟੀਆਂ ਦੇ ਪਾਠਕ੍ਰਮ ਦਾ ਹਿੱਸਾ ਬਣਾਇਆ। ਇਸ ਨਾਵਲ ਸਦਕਾ ਹੀ ਉਹ ਸਾਹਿਤਕ ਜਗਤ ਵਿਚ ਨਕਸ਼ਦੀਪ ਪੰਜਕੋਹਾ ਵਜੋਂ ਜਾਣੇ ਜਾਣ ਲੱਗੇ।

ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸ਼ਰਨਜੀਤ ਕੌਰ ਨੇ ਪਰਵਾਸ ਦੇ 44ਵੇਂ ਅੰਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬੀ ਸਾਹਿਤ ਦੀ ਲੇਖਿਕਾ ਬਲਬੀਰ ਕੌਰ ਸੰਘੇੜਾ ਨੂੰ ਇਸ ਅੰਕ ਵਿਚ ਵਿਸ਼ੇਸ਼ ਲੇਖਿਕਾ ਵਜੋਂ ਪ੍ਰਕਾਸ਼ਿਤ ਕੀਤਾ ਹੈ। ਲੇਖਿਕਾ ਦੇ ਜੀਵਨ ਤੇ ਰਚਨਾ ਦੇ ਵਿਭਿੰਨ ਪੱਖਾਂ ਨੂੰ ਡਾ. ਅਕਾਲ ਅੰਮ੍ਰਿਤ ਕੌਰ ਨੇ ਮੁਲਾਕਾਤ ਰਾਹੀਂ, ਮੇਜਰ ਮਾਂਗਟ ਨੇ ਆਪਣੇ ਲੇਖ ਰਾਹੀਂ ਤੇ ਨੀਰੂ ਗੁਪਤਾ ਨੇ ਉਨ੍ਹਾਂ ਦੀ ਸਵੈ ਜੀਵਨੀ ਆਧਾਰ ਬਣਾ ਕੇ ਬਾਖ਼ੂਬੀ ਉਜਾਗਰ ਕੀਤਾ ਹੈ।




ਰਾਜ ਲਾਲੀ ਬਟਾਲਾ (ਅਮਰੀਕਾ), ਜ਼ਫ਼ਰ ਅਵਾਨ (ਡੈਨਮਾਰਕ), ਮਲਵਿੰਦਰ, ਸੁਖਿੰਦਰ, ਪ੍ਰਤੀਕ ਸਿੰਘ, ਸੁਖਪ੍ਰੀਤ ਬੱਡੋਂ (ਕੈਨੇਡਾ), ਪ੍ਰੇਮ ਪਾਲ ਸਿੰਘ (ਇਟਲੀ) ਦੀਆਂ ਕਵਿਤਾਵਾਂ, ਲੇਖ ਡਾ. ਰਣਜੀਤ ਸਿੰਘ ਅਤੇ ਰਾਜਪਾਲ ਬੋਪਾਰਾਏ, ਕਹਾਣੀ ਪਵਿੱਤਰ ਕੌਰ ਮਾਟੀ ਦੀ ਤੋਂ ਇਲਾਵਾ ਡਾ। ਬਲਜੀਤ ਕੌਰ ਰਿਆੜ ਨੇ ਮਲਵਿੰਦਰ ਰਚਿਤ 'ਬਹਿਰ': ਰਚਨਾਤਮਕ ਪਾਸਾਰ, ਤ੍ਰੈਲੋਚਨ ਲੋਚੀ ਨੇ ਹਸਤੀ ਵਿਚਲਾ ਚੀਰ: ਬਲਰਾਜ ਧਾਲੀਵਾਲ ਤੇ ਬਲਵਿੰਦਰ ਸਿੰਘ ਚਾਹਲ ਨੇ ਰੂਪ ਦਵਿੰਦਰ ਦਾ ਕਾਵਿ ਸੰਗ੍ਰਹਿ 'ਮੌਨ ਦਾ ਅਨੁਵਾਦ' ਪੁਸਤਕ ਦੀ ਆਲੋਚਨਾਤਮਕ ਪੱਖੋਂ ਨਿਰਖ ਪਰਖ ਕੀਤੀ ਹੈ। ਇੰਗਲੈਂਡ ਵੱਸਦੇ ਲੇਖਕ ਪ੍ਰੋ. ਰਣਜੀਤ ਧੀਰ ਨੇ ਲੇਖਕ ਸ਼ੇਰ ਜੰਗ ਜਾਂਗਲੀ ਦੀ ਵਿਅੰਗਕਾਰੀ ਬਾਰੇ ਲਿਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਹੈ।

ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਰਸਮੀ ਤੌਰ 'ਤੇ ਸਭ ਦਾ ਧੰਨਵਾਦ ਕਰਦੇ ਹੋਏ ਪੰਜਾਬੀ ਵਿਭਾਗ ਅਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੂੰ ਇਸ ਅੰਕ ਦੇ ਲੋਕ ਅਰਪਨ ਦੀ ਵਧਾਈ ਦਿੱਤੀ ਅਤੇ ਦੱਸਿਆ ਕਿ ਅਗਲੇ ਅੰਕ ਦੇ ਲੇਖਕ ਇੰਗਲੈਂਡ ਦੇ ਵਾਰਤਕਕਾਰ ਹਰੀਸ਼ ਮਲਹੋਤਰਾ ਹੋਣਗੇ।

ਇਸ ਮੌਕੇ ਸ. ਹਰਸ਼ਰਨ ਸਿੰਘ ਨਰੂਲਾ ਆਨਰੇਰੀ ਜਨਰਲ ਸਕੱਤਰ, ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ, ਸ. ਹਰਦੀਪ ਸਿੰਘ ਮੈਂਬਰ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ, ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ. ਜੀ. ਐਨ. ਆਈ. ਐਮ. ਟੀ., ਡਾ. ਹਰਪ੍ਰੀਤ ਸਿੰਘ ਪ੍ਰਿੰਸੀਪਲ ਜੀ. ਜੀ. ਐਨ. ਆਈ. ਐਮ. ਟੀ., ਸ਼ਾਇਰ ਤ੍ਰੈਲੋਚਨ ਲੋਚੀ, ਡਾ. ਗੁਰਚਰਨ ਕੌਰ ਕੋਚਰ, ਹਿੰਦੀ ਵਿਭਾਗ ਦੇ ਮੁਖੀ ਪ੍ਰੋ. ਰਜਿੰਦਰ ਕੌਰ ਮਲਹੋਤਰਾ, ਡਾ. ਦਲੀਪ ਸਿੰਘ, ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਸੁਸ਼ਮਿੰਦਰਜੀਤ ਕੌਰ, ਡਾ. ਅਰਵਿੰਦਰ ਕੌਰ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਅਮਨਪ੍ਰੀਤ ਕੌਰ, ਡਾ. ਹਰਗੁਣਜੋਤ ਕੌਰ, ਡਾ. ਭੁਪਿੰਦਰਜੀਤ ਕੌਰ, ਡਾ. ਮਨਦੀਪ ਕੌਰ, ਪ੍ਰੋ. ਮਨਜੀਤ ਸਿੰਘ ਬਟਾਲਵੀ ਤੇ ਰਾਜਿੰਦਰ ਸਿੰਘ ਸੰਧੂ ਹਾਜ਼ਰ ਰਹੇ। ਪ੍ਰੋਗਰਾਮ ਦਾ ਸੰਚਾਲਨ ਡਾ. ਤੇਜਿੰਦਰ ਕੌਰ ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਐਨ ਕੇਂਦਰ ਵਲੋਂ ਕੀਤਾ ਗਿਆ।

******

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder
Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਆਪਸੀ ਰਿਸ਼ਤਿਆਂ ਦੀ ਮਿਠਾਸ ਨੂੰ ਗੂੜਾ ਕਰਦਾ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਦਾ ਪਲੇਠਾ ਕਦਮ

ਮਿਤੀ ਜੁਲਾਈ 12, 2025 ਦਿਨ ਸ਼ਨੀਵਾਰ ਨੂੰ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਦੀ ਅਗਲੇ ਦੋ ਸਾਲਾਂ ਲਈ ਨਵੀਂ ਚੁਣੀ ਗਈ ਕਮੇਟੀ ਨੇ ਆਪਣੇ ਬਹੁਪੱਖੀ ਉਦੇਸ਼ਾਂ ਵਿਸ਼ੇਸ਼ ਕਰਕੇ ਸਾਹਿਤਕ ਉਦੇਸ਼ਾਂ ਦੀ ਪੂਰਤੀ ਲਈ, ਸਭਾ ਦੇ ਨਵੇਂ ਬਣੇ ਪ੍ਰਧਾਨ ਪ੍ਰਿਤਪਾਲ ਸਿੰਘ ਟਿਵਾਣਾ ਜੀ ਦੇ ਗ੍ਰਹਿ ਵਿਖੇ ਸ਼ੁਭ ਆਰੰਭ ਕਰਦਿਆਂ ਸਭਾ ਦੇ ਸਰਪ੍ਰਸਤ ਸ਼ੰਗਾਰ ਸਿੰਘ ਸਿੱਧੂ ਜੀ ਦੀ ਪ੍ਰਧਾਨਗੀ ਵਿੱਚ ਸਾਹਿਤਕ ਮੀਟਿੰਗ ਕੀਤੀ। ਮੀਟਿੰਗ ਦਾ ਆਗਾਜ਼ ਕਰਦਿਆਂ ਸਾਬਕਾ ਪ੍ਰਧਾਨ ਬਲਿਹਾਰ ਸਿੰਘ ਲੇਲ ਨੇ ਮਲਕੀਤ ਸਿੰਘ ਗਿੱਲ (ਸਹਾਇਕ ਪ੍ਰੈੱਸ ਸਕੱਤਰ), ਪਰਮਿੰਦਰ ਸਿੰਘ ਟਿਵਾਣਾ, ਗੁਰਮੁਖ ਸਿੰਘ ਮਲਸੀਆਂ ਅਤੇ ਜਗੀਰ ਸਿੰਘ ਜੀ ਖੁਦ ਨੇ ਵੱਖ ਵੱਖ ਰੰਗਾਂ ਦੇ ਗੀਤ ਕਵਿਤਾਵਾਂ ਪੇਸ਼ ਕੀਤੇ। ਹਰਕੀਰਤ ਕੌਰ ਬਠਿੰਡਾ(ਵਾਈਸ ਪ੍ਰਧਾਨ) ਨੇ ਪੰਜਾਬੀ ਸੱਭਿਆਚਾਰ ਵਿੱਚ ਚਰਚਿਤ, ਵਿਆਹ ਵੇਲੇ ਗਾਈਆਂ ਜਾਂਦੀਆਂ ਘੋੜੀਆਂ, ਪੇਸ਼ ਕਰਕੇ ਨਵੀਂ ਪਿਰਤ ਨੂੰ ਹੁਲਾਰਾ ਦਿੱਤਾ, ਉਹਨਾਂ ਦਾ ਸਾਥ ਦਿੱਤਾ ਪਰਮਜੀਤ ਕੌਰ ਟਿਵਾਣਾ ਜੀ ਨੇ। ਵਿਦਵਾਨ ਅਰਥ ਸ਼ਾਸ਼ਤਰੀ ਡਾ।ਸੁੱਚਾ ਸਿੰਘ ਗਿੱਲ, (ਸਲਾਹਕਾਰ),



ਸਭਾ ਦੀਆਂ ਨਿਰੰਤਰ ਹੋਈਆਂ ਗਤੀਵਿਧੀਆਂ ਅਤੇ ਸਮੇਂ ਸਮੇਂ ’ਤੇ ਸਭਾ ਦੇ ਸਨਮੁੱਖ ਹੋਏ ਉਤਰਾਅ-ਚੜਾਅ ਦੀ ਪੰਛੀ ਝਾਤ ਪਵਾਉਂਦਿਆਂ, ਪ੍ਰਧਾਨ ਜੀ ਨੂੰ ਆਪਣੇ ਵਿਚਾਰ ਰੱਖਣ ਦਾ ਸੱਦਾ ਦਿੱਤਾ। ਪ੍ਰਧਾਨ ਜੀ ਨੇ ਆਏ ਹੋਏ ਸਾਰੇ ਮੈਂਬਰਾਂ, ਅਹੁਦੇਦਾਰਾਂ ਨੂੰ ਜੀ ਆਇਆਂ ਕਿਹਾ ਅਤੇ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢ ਕੇ ਉਹਨਾਂ ਦੇ ਘਰ ਚਰਨ ਪਾਉਣ ਲਈ ਧੰਨਵਾਦ ਕੀਤਾ ਨਾਲ ਹੀ ਸੱਭ ਨੂੰ ਯਕੀਨ ਦਿਵਾਇਆ ਕਿ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਨੂੰ ਬੁਲੰਦੀਆਂ ’ਤੇ ਪਹੁੰਚਾਉਣ ਅਤੇ ਉਹਦੀ ਚੜਦੀ ਕਲਾ ਲਈ ਉਹ ਦਿਨ ਰਾਤ ਇਕ ਕਰ ਦੇਣਗੇ। ਉਹਨਾਂ ਇਹ ਵੀ ਪ੍ਰਣ ਲਿਆ ਕਿ ਜੱਥੇਬੰਦਕ ਤੌਰ ਤੇ ਜਾਂ ਵਿੱਤੀ ਕਾਰਨਾਂ ਕਰਕੇ ਸਭਾ ਨੂੰ ਆਉਂਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਸਾਰੇ ਅਹੁਦੇਦਾਰਾਂ-ਮੈਂਬਰਾਂ ਨਾਲ ਵਿਚਾਰ ਕਰਕੇ ਕਦਮ ਚੁੱਕੇ ਜਾਣਗੇ। ਸਭਾ ਦੇ ਨਵੇਂ ਬਣੇ ਜ. ਸਕੱਤਰ ਜਗੀਰ ਸਿੰਘ ਨੇ ਨਵੀਂ ਸਭਾ ਦੇ ਪਹਿਲੇ ਸਾਹਿਤਕ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਕਵੀ-ਸਾਹਿਤਕਾਰਾਂ, ਸ਼ੰਗਾਰ ਸਿੰਘ ਸਿੱਧੂ (ਸਰਪ੍ਰਸਤ), ਬਲਬੀਰ ਸਿੰਘ ਲਹਿਰਾ (ਵਾਈਸ ਪ੍ਰਧਾਨ), ਸਾਧੂ ਸਿੰਘ ਝੱਜ (ਸਹਾਇਕ ਸਕੱਤਰ), ਮੰਗਤ ਕੁਲਜਿੰਦ (ਪ੍ਰੈੱਸ ਸਕੱਤਰ), ਜੰਗਪਾਲ ਸਿੰਘ ਕੋਟਕਪੂਰਾ (ਸਲਾਹਕਾਰ) ਅਤੇ ਹੋਣਹਾਰ ਲੇਖਕ ਬਲਜਿੰਦਰ ਸਿੰਘ ਨੇ ਸਮਾਜ ਨੂੰ ਸੇਧ ਦੇਣ ਵਾਲੇ ਵਿਚਾਰ ਸਾਂਝੇ ਕੀਤੇ। ਲਾਲੀ ਸੰਧੂ, ਰਣਜੀਤ ਸਿੰਘ ਮੱਲ੍ਹੀ, ਸੁਖਦਰਸ਼ਨ ਸਿੰਘ, ਚਰਨਜੀਤ ਸਿੰਘ ਅਤੇ ਕੰਵਲਜੀਤ ਸਿੰਘ ਬਤਰਾ ਨੇ ਨਵੀਂ ਚੁਣੀ ਗਈ ਕਮੇਟੀ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਉਮੀਦ ਕੀਤੀ ਕਿ ਸਿਆਟਲ (ਅਮਰੀਕਾ) ਦੀ ਧਰਤੀ ਉਪਰ ਪੰਜਾਬੀ-ਪੰਜਾਬੀਅਤ ਦੀ ਪ੍ਰਫੁਲਤਾ ਲਈ ਸਭਾ ਨਿਰੰਤਰ ਕੋਸ਼ਿਸ਼ਾਂ ਕਰਦੀ ਰਹੇਗੀ। ਜੰਗਪਾਲ ਸਿੰਘ ਕੋਟਕਪੂਰਾ ਜੀ ਦੀ ਨਵੀਂ ਪੁਸਤਕ ਨੂੰ ਲੋਕ ਅਰਪਣ ਕਰਨ ਲਈ ਜਲਦੀ ਹੀ ਪ੍ਰੋਗਰਾਮ ਕਰਨ ਦਾ ਫੈਸਲਾ ਲਿਆ ਗਿਆ। ਬੇਟੀ ਬਿਸਮਨ ਕੌਰ ਟਿਵਾਣਾ ਨੇ ਸਾਰੇ ਪ੍ਰੋਗਰਾਮ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕੀਤਾ।ਚਾਹ ਪਾਣੀ ਦੀ ਸੇਵਾ ਲਈ ਪਰਿਵਾਰ ਵੱਲੋਂ ਖੁੱਲ੍ਹੇ ਭੰਡਾਰੇ ਹਾਜ਼ਰ ਸਨ।

**ਮੰਗਤ ਕੁਲਜਿੰਦ ਪ੍ਰੈਸ ਸਕੱਤਰ**
+1 (425) 286 0163
**ਮਲਕੀਤ ਸਿੰਘ ਗਿੱਲ (ਸਹਾਇਕ ਸਕੱਤਰ)**
+1 (206) 979 1632

# ਨਵਾਂਸ਼ਹਿਰ ਤੋਂ ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਡਾ. ਨਛੱਤਰ ਪਾਲ ਇਸ ਮਹੀਨੇ ਤੋਂ ਅਮਰੀਕਾ ਫੇਰੀ ’ਤੇ



**ਫਰਿਜ਼ਨੋ-** ਵਰਲਡਵਾਈਡ ਬੀ. ਐਸ. ਪੀ. ਸਪੋਰਟਰਜ਼ ਟੀਮ ਦੇ ਸਰਗਰਮ ਮੈਂਬਰ ਸ੍ਰੀ ਅਮਰ ਦੜੋਚ ਅਤੇ ਸ੍ਰੀ ਹਰਜਿੰਦਰ ਕੁਮਾਰ ਅਨੁਸਾਰ ਡਾ. ਨਛੱਤਰ ਪਾਲ ਐਮ. ਐਲ. ਏ. ਜੁਲਾਈ ਮਹੀਨੇ ਕੈਲੇਫੋਰਨੀਆ ’ਚ 20 ਜੁਲਾਈ 2025 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਅਤੇ 27 ਜੁਲਾਈ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਨਤਮਸਤਕ ਹੋਣਗੇ। ਇਸ ਉਪਰੰਤ ਵੱਖੋ-ਵੱਖਰੇ ਸਥਾਨਾਂ ’ਤੇ ਬੀ. ਐਸ. ਪੀ. ਸਮਰਥਕਾਂ ਨਾਲ ਵਿਚਾਰ ਸਾਂਝੇ ਕਰਨਗੇ।



**ਬਲਵਿੰਦਰ ਭੌਰਾ**
646-644-0409




**ਅਮਰ ਦੜੋਚ**
(559) 905 6217



**ਹਰਜਿੰਦਰ ਕੁਮਾਰ ਖੋਤੜਾਂ**
(347) 614 8026

ਵਧੇਰੇ ਜਾਣਕਾਰੀ ਲਈ Worldiwde BSP Supporters Team ਦੇ ਸਾਥੀ ਅਮਰ ਦੜੋਚ ਜੀ ਨਾਲ (559) 905 6217 ਤੇ ਜਾਂ ਹਰਜਿੰਦਰ ਕੁਮਾਰ ਜੀ ਨਾਲ (347) 614 8026 ਤੇ ਸੰਪਰਕ ਕਰ ਸਕਦੇ ਹੋ।


RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834





“ਦੇਸ਼ ਦੁਆਬਾ”
ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ। ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ। ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਕੈਲੀਫ਼ੋਰਨੀਆ ਵਾਸੀ ਸ਼ਾਇਰ ਈਸ਼ਰ ਸਿੰਘ ਮੋਮਨ ਦਾ ਦਿਹਾਂਤ ਪ੍ਰਸ਼ੰਸਕਾਂ ਵਲੋਂ ਪਿਆਰੇ ਸ਼ਾਇਰ ਨੂੰ ਸ਼ਰਧਾਂਜਲੀਆਂ ਭੇਟ

**ਸੈਨ ਹੋਜੇ–** ਪ੍ਰਸਿੱਧ ਸ਼ਾਇਰ ਸ. ਈਸ਼ਰ ਸਿੰਘ ਮੋਮਨ ਅਠੱਨਵੇਂ ਵਰ੍ਹੇ ਦੀ ਤੰਦਰੁਸਤੀ ਵਾਲੀ ਉਮਰ ਭੋਗ ਕੇ 8 ਜੁਲਾਈ, 2025 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਹਨ। ਉਹ ਪੰਜਾਬ ਦੇ ਪਿੰਡ ਲੰਗੜੋਆ ਜਿਲ੍ਹਾ ਨਵਾਂ ਸ਼ਹਿਰ ਤੋਂ ਜ਼ਿੰਦਗੀ ਦਾ ਸਫ਼ਰ ਤੈਅ ਕਰਦੇ ਹੋਏ, ਜਵਾਨੀ ਦੀ ਉਮਰ ਵਿੱਚ ਰੋਜ਼ੀ-ਰੋਟੀ ਕਮਾਉਣ ਲਈ ਦਿੱਲੀ ਪਹੁੰਚੇ। ਗੁਰਬਾਣੀ ਅਤੇ ਸੂਫ਼ੀ ਸਾਹਿਤ ਪੜ੍ਹਨ ਉਪਰੰਤ ਉਸੇ ਰੰਗ ਵਿੱਚ ਰੰਗੀਆਂ ਗ਼ਜ਼ਲਾਂ ਉਰਦੂ ਅਤੇ ਪੰਜਾਬੀ ਵਿੱਚ ਲਿਖੀਆਂ। ਇੱਥੇ ਹੀ ਉਨ੍ਹਾਂ ਦਾ ਮੇਲ ਮਰਹੂਮ ਸ਼ਾਇਰ ਆਜ਼ਾਦ ਜਲੰਧਰੀ ਜੀ ਨਾ਼ਲ ਹੋਇਆ। ਉਨ੍ਹਾਂ ਦੇ ਸਾਥ ਨਾ਼ਲ ਗੁਰੂ ਘਰਾਂ ਅਤੇ ਹੋਰ ਕਵੀ ਦਰਬਾਰਾਂ ਵਿੱਚ ਹਿੱਸਾ ਲੈਂਦੇ ਰਹੇ। ਜ਼ਿੰਦਗੀ ਦਾ ਅਗਲੇਰਾ ਸਫ਼ਰ ਤਕਰੀਬਨ ਤੀਹ ਸਾਲ ਬਾਅਦ ਸੰਨ 1984 ਵਿੱਚ ਸੱਤ ਸਮੁੰਦਰ ਪਾਰ ਕਰਵਾ ਕੇ ਅਮਰੀਕਾ ਲੈ ਆਇਆ। ਇੱਥੇ ਇੱਕ ਵਾਰੀ ਫਿਰ ਉਨ੍ਹਾਂ ਦੀ ਮੁਲਾਕਾਤ ਆਜ਼ਾਦ ਜਲੰਧਰੀ ਜੀ ਨਾ਼ਲ ਹੋ ਗਈ। ਉਨ੍ਹਾਂ ਦੀਆਂ ਰਚਨਾਵਾਂ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੀਆਂ ਮਾਸਿਕ ਮਿਲਣੀਆਂ ਅਤੇ ਗੁਰੂ ਘਰਾਂ ਵਿੱਚ ਹਰਮਨ ਪਿਆਰੀਆਂ ਹੋਈਆਂ। ਉਹ ਆਪਣੇ ਆਖਰੀ ਦਮ ਤੱਕ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੇ ਮੈਂਬਰ ਰਹੇ। ਇਸ ਕਾਰਜ ਕਾਲ ਦੌਰਾਨ ਉਨ੍ਹਾਂ ਦੇ ਦੋ ਕਾਵਿ ਸੰਗ੍ਰਿਹ 'ਗ਼ਜ਼ਲ ਗ਼ੁਲਜ਼ਾਰ' ਅਤੇ 'ਕਲਮਾਂ ਦੀ ਕਸਤੂਰੀ' ਪ੍ਰਕਾਸ਼ਿਤ ਹੋਏ। ਡਾ। ਜਗਤਾਰ ਦੇ ਸ਼ਬਦਾਂ ਵਿੱਚ, "ਮੋਮਨ ਦੀਆਂ ਗ਼ਜ਼ਲਾਂ ਭਾਵੇਂ ਪਰੰਪਰਈ ਹਨ ਪਰ ਉਸਦੀ ਸਾਦੀ ਭਾਸ਼ਾ, ਮੁਹਾਵਰੇ, ਪਰਬਚਨਮਈ ਸ਼ਿਅਰ ਸਰਾਹਣਾਯੋਗ ਹਨ। ਸਿਆਸੀ ਲੋਕਾਂ ਦੀ ਚਾਲਬਾਜ਼ੀ, ਜੁਗਾੜਬੰਦੀ, ਬਦਚਲਨੀ ਵੀ ਉਸਦੀ ਨਜ਼ਰ ਤੋਂ ਛੁਪੀ ਨਹੀਂ। ਉਹ ਉਨ੍ਹਾਂ 'ਤੇ ਭਰਪੂਰ ਵਿਅੰਗ ਰਾਹੀਂ, ਕਦੇ ਚੋਭ ਰਾਹੀਂ ਕਦੇ ਮਸ਼ਕਰੀ ਰਾਹੀਂ ਅੰਜਾਮ ਦਿੰਦਾ ਹੈ।"

ਸਾਧ ਪੂਰਾ ਸਾਧ ਹੈ ਨਹੀਂ, ਚੋਰ ਪੂਰਾ ਚੋਰ ਹੈ।<br>
ਕਾਤਲ ਦੇ ਹੱਥ ਵਿੱਚ ਕਾਨੂੰਨ ਦੀ ਹੁਣ ਡੋਰ ਹੈ।



ਇੱਕ ਵਧੀਆ ਸ਼ਾਇਰ ਹੋਣ ਦੇ ਨਾ਼ਲ-ਨਾ਼ਲ ਈਸ਼ਰ ਸਿੰਘ ਮੋਮਨ ਜੀ ਇੱਕ ਆਗਿਆਕਾਰ ਪੁੱਤਰ, ਸੁਹਿਰਦ ਭਰਾ, ਦੋਸਤ, ਆਦਰਸ਼ ਪਤੀ ਅਤੇ ਬਾਪ ਸਨ। ਉਨ੍ਹਾਂ ਆਪਣੀ ਬਿਮਾਰ ਮਾਂ ਦੀ ਆਪਣੇ ਭਰਾ, ਭਰਜਾਈ ਅਤੇ ਸੁਪਤਨੀ ਨਾ਼ਲ ਮਿਲ ਕੇ ਅਠਾਈ ਸਾਲ ਸੇਵਾ ਕੀਤੀ। ਇਸ ਤੋਂ ਬਾਅਦ ਦਸ ਸਾਲ ਇਸੇ ਤਰ੍ਹਾਂ ਬਿਮਾਰ ਪਤਨੀ ਨੂੰ ਸੰਭਾਲਿਆ। ਉਹ ਸੈਨਹੋਜ਼ੇ ਆਪਣੇ ਸਪੁੱਤਰ ਪਰਦੀਪ ਸਿੰਘ ਪਾਬਲਾ ਅਤੇ ਨੂੰਹ ਮਨਜੀਤ ਕੌਰ ਪਾਬਲਾ ਨਾ਼ਲ ਰਹੇ। ਉਹ ਆਪਣੇ ਪਿੱਛੇ ਛੋਟੀ ਭੈਣ ਅਮਰਜੀਤ ਕੌਰ, ਭਰਾ ਮਨਮੋਹਣ ਸਿੰਘ, ਦੋ ਸਪੁੱਤਰ ਜਰਨੈਲ ਸਿੰਘ ਅਤੇ ਸੁਰਿੰਦਰ ਸਿੰਘ ਇੰਡੀਆ ਵਿੱਚ, ਬੇਟੀ ਭੁਪਿੰਦਰ ਕੌਰ ਅਮਰੀਕਾ ਵਿੱਚ, ਬਾਈ ਪੋਤੇ-ਪੋਤੀਆਂ, ਉਨੀ-ਪੜਪੋਤੇ-ਪੜਪੋਤੀਆਂ ਦਾ ਹਰਿਆ-ਭਰਿਆ ਬਾਗ਼ ਛੱਡ ਕੇ ਗਏ ਹਨ।

ਉਨ੍ਹਾਂ ਦਾ ਨਿਮਰਤਾ ਵਾ਼ਲਾ ਸੁਭਾਅ ਉਨ੍ਹਾਂ ਦੀ ਵੱਖਰੀ ਪਛਾਣ ਕਰਵਾਉਂਦਾ ਸੀ। ਉਨ੍ਹਾਂ ਦਾ ਪਰਿਵਾਰ ਅਤੇ ਵਿਪਸਾਅ ਆਪਣੇ ਇਸ ਸਤਿਕਾਰਤ ਸ਼ਾਇਰ ਲਈ 17 ਜੁਲਾਈ, 2025 ਨੂੰ 99ਵਾਂ ਜਨਮ ਦਿਨ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਸਨ ਪਰ ਸਵਾਸਾਂ ਦੀ ਪੂੰਜੀ ਪਹਿਲਾਂ ਹੀ ਖ਼ਤਮ ਹੋ ਗਈ। ਉਨ੍ਹਾਂ ਦੇ ਤੁਰ ਜਾਣ ਨਾ਼ਲ ਜਿੱਥੇ ਪਰਿਵਾਰ ਦੇ ਜੀਅ ਗ਼ਮਗੀਨ ਹਨ ਉੱਥੇ ਪੰਜਾਬੀ ਸਾਹਿਤਕ ਹਲਕਿਆਂ ਵਿੱਚ ਵੀ ਉਦਾਸੀ ਦੇ ਬੱਦਲ ਛਾਏ ਹੋਏ ਹਨ। ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿੱਚ ਕੁਲਵਿੰਦਰ, ਜਗਜੀਤ, ਪ੍ਰੋ. ਸੁਰਿੰਦਰ ਸਿੰਘ ਸੀਰਤ, ਡਾ. ਸੁਖਵਿੰਦਰ ਕੰਬੋਜ, ਅਮਰਜੀਤ ਕੌਰ ਪੰਨੂੰ, ਤਾਰਾ ਸਿੰਘ ਸਾਗਰ, ਅਮਰਜੀਤ ਸਿੰਘ ਜੌਹਲ, ਤਾਰਾ ਸਿੰਘ ਸਾਗਰ, ਕੰਵਲਦੀਪ ਕੌਰ, ਸੰਦੀਪ ਕੌਰ, ਸੁਰਿੰਦਰ ਸਿੰਘ ਧਨੋਆ, ਜਸਵਿੰਦਰ ਕੌਰ ਧਨੋਆ, ਅਸ਼ੋਕ ਭੌਰਾ, ਡਾ. ਗੁਰਪ੍ਰੀਤ ਸਿੰਘ ਧੁੱਗਾ, ਹਰਜਿੰਦਰ ਕੰਗ, ਸੰਤੋਖ ਸਿੰਘ ਮਿਨਹਾਸ, ਅਵਤਾਰ ਗੋਂਦਾਰਾ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਪ੍ਰੋ. ਬਲਜਿੰਦਰ ਸਿੰਘ ਸਵੈਚ, ਪ੍ਰੋ. ਸੁਖਦੇਵ ਸਿੰਘ, ਚਰਨਜੀਤ ਸਿੰਘ ਪੰਨੂ, ਸੁਰਜੀਤ ਸਖੀ, ਗੁਲਸ਼ਨ ਦਿਆਲ, ਡਾ. ਸੁਖਪਾਲ ਸੰਘੇੜਾ, ਐਸ਼ ਕੁਮ ਐਸ਼ ਵਿਕ, ਮਨਜੀਤ ਕੌਰ ਸੇਖੋਂ, ਦਲਵੀਰ ਦਿਲ ਨਿੱਜਰ, ਹਰਪ੍ਰੀਤ ਕੌਰ ਧੂਤ, ਜਸਵੰਤ ਸ਼ੀਂਹਮਾਰ, ਕਮਲ ਬੰਗਾ, ਰਾਠੇਸ਼ਵਰ ਸਿੰਘ ਰਾਠੀ, ਮੱਖਣ ਲੁਹਾਰ, ਇੰਦਰਜੀਤ ਗਰੇਵਾਲ, ਜਗਤਾਰ ਗਿੱਲ, ਤਰਲੋਚਨ ਸਿੰਘ ਦੁਪਾਲਪੁਰ, ਜਸਪਾਲ ਸੈਣੀ, ਬਲਬੀਰ ਸਿੰਘ ਐਮ ਏ, ਸੁਖਦੇਵ ਸਾਹਿਲ, ਵਿਜੇ ਸਿੰਘ ਅਤੇ ਗਗਨਦੀਪ ਮਾਹਲ, ਅਭੀਤਾਬ ਸੈਣੀ ਅਤੇ ਲਾਜ ਨੀਲਮ ਸੈਣੀ ਆਦਿ ਦੇ ਨਾਮ ਵਰਣਨਯੋਗ ਹਨ।

**ਰਿਪੋਰਟ: ਲਾਜ ਨੀਲਮ ਸੈਣੀ 510-502-0551**

# ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੀਆਂ ਕਮੇਟੀ ਨੂੰ ਹੁਣ ਤਕ ਮਿਲ ਚੁੱਕੀਆਂ ਨੇ ਪੰਜ ਈਮੇਲਾਂ

**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤਿੰਨ ਦਿਨਾਂ ਤੋਂ ਲਗਾਤਾਰ ਧਮਕੀ ਭਰੀਆਂ ਈਮੇਲਾਂ ਸ਼੍ਰੋਮਣੀ ਕਮੇਟੀ ਨੂੰ ਮਿਲ ਰਹੀਆਂ ਹਨ। ਇਹਨਾਂ ਈਮੇਲਾਂ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਆਰਡੀਐਕਸ ਹਮਲੇ ਦੀ ਗੱਲ ਕੀਤੀ ਜਾ ਰਹੀ ਹੈ। 14 ਜੁਲਾਈ ਨੂੰ ਸ਼੍ਰੋਮਣੀ ਕਮੇਟੀ ਨੂੰ ਪਹਿਲੀ ਮੇਲ ਪੁੱਜਦੀ ਹੈ ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਤੁਰੰਤ ਪੁਲਿਸ ਦੇ ਨਾਲ ਰਾਬਤਾ ਕਾਇਮ ਕਰਦਿਆਂ ਈਮੇਲ ਕਰਨ ਵਾਲੇ 'ਤੇ ਕਾਰਵਾਈ ਦੀ ਮੰਗ ਕੀਤੀ। ਜਿਸ ਤੋਂ ਬਾਅਦ 15 ਜੁਲਾਈ ਨੂੰ ਇੱਕ ਵਾਰ ਫਿਰ ਮੇਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੀਤੀ ਜਾਂਦੀ ਹੈ। ਇਹ ਮੇਲ ਅੰਮ੍ਰਿਤਸਰ ਦੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੂੰ ਵੀ ਸੀਸੀ ਕੀਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਜਦ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੂੰ ਈਮੇਲ ਪਹੁੰਚੀ ਸੀ ਤਾਂ ਉਹ ਦੱਸਣ ਕਿ ਇਸ ਮੇਲ ਦੇ ਸੰਬੰਧ ਵਿੱਚ ਉਨ੍ਹਾਂ ਨੇ ਸਰਕਾਰ ਪਾਸ ਅਗਲੀ ਕਾਰਵਾਈ ਲਈ ਕਿਹੜੇ ਉਪਰਾਲੇ ਕੀਤੇ ਹਨ। ਉਨ੍ਹਾਂ ਕਿਹਾ ਕਿ ਇੱਥੇ ਹੀ ਬੱਸ ਨਹੀਂ ਮੇਲ ਕਰਨ ਵਾਲੇ ਨੇ ਲਗਾਤਾਰ ਹੁਣ ਤੱਕ ਪੰਜ ਈਮੇਲਾ ਸ਼੍ਰੋਮਣੀ ਕਮੇਟੀ ਨੂੰ ਭੇਜੀਆਂ ਹਨ ਜਿਸ ਵਿੱਚ ਉਸ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਇਸ ਮੇਲ ਵਿੱਚ ਸੀਸੀ ਰੱਖਿਆ ਹੈ। ਜਿਸ ਤਰ੍ਹਾਂ ਐਮਪੀ ਗੁਰਜੀਤ ਸਿੰਘ ਔਜਲਾ ਨੇ ਕੋਈ ਕਾਰਵਾਈ ਨਹੀਂ ਕੀਤੀ ਉਸੇ ਤਰ੍ਹਾਂ ਹੀ ਮੁੱਖ ਮੰਤਰੀ ਪੰਜਾਬ ਵੀ ਇਸ ਮਾਮਲੇ ਵਿੱਚ ਸ਼ਾਂਤ ਨਜ਼ਰ ਆ ਰਹੇ ਹਨ। ਉਨ੍ਹਾਂ ਕਿਹਾ ਕਿ ਲਗਾਤਾਰ ਸੰਗਤਾਂ ਵਿੱਚ ਈਮੇਲਾਂ ਰਾਹੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਆਰਡੀਐਸਐਕਸ ਹਮਲੇ ਦੀ ਗੱਲ ਕਰਦਿਆਂ ਦਹਿਸ਼ਤ ਫੈਲਾਈ ਜਾ ਰਹੀ ਹੈ।



14 ਜੁਲਾਈ ਨੂੰ ਸ਼੍ਰੋਮਣੀ ਕਮੇਟੀ ਨੂੰ ਪਹਿਲੀ ਮੇਲ ਪੁੱਜਦੀ ਹੈ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਤੁਰੰਤ ਪੁਲਿਸ ਦੇ ਨਾਲ ਰਾਬਤਾ ਕਾਇਮ ਕਰਦਿਆਂ ਈਮੇਲ ਕਰਨ ਵਾਲੇ 'ਤੇ ਕਾਰਵਾਈ ਦੀ ਮੰਗ ਕੀਤੀ। ਇਸ ਤੋਂ ਬਾਅਦ 15 ਜੁਲਾਈ ਨੂੰ ਇੱਕ ਵਾਰ ਫਿਰ ਮੇਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੀਤੀ ਜਾਂਦੀ ਹੈ। ਇਹ ਮੇਲ ਅੰਮ੍ਰਿਤਸਰ ਦੇ ਮੈਂਬਰ ਪਾਰਲੀਮੈਂਟ ਗੁਰ-ਜੀਤ ਸਿੰਘ ਔਜਲਾ ਨੂੰ ਵੀ ਸੀਸੀ ਕੀਤੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਜਦ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੂੰ ਈਮੇਲ ਪਹੁੰਚੀ ਸੀ ਤਾਂ ਉਹ ਦੱਸਣ ਕਿ ਇਸ ਮੇਲ ਦੇ ਸੰਬੰਧ ਵਿੱਚ ਉਨ੍ਹਾਂ ਨੇ ਸਰਕਾਰ ਪਾਸ ਅਗਲੀ ਕਾਰਵਾਈ ਲਈ ਕਿਹੜੇ ਉਪਰਾਲੇ ਕੀਤੇ ਹਨ। ਉਨ੍ਹਾਂ ਕਿਹਾ ਕਿ ਇੱਥੇ ਹੀ ਬੱਸ ਨਹੀਂ ਮੇਲ ਕਰਨ ਵਾਲੇ ਨੇ ਲਗਾਤਾਰ ਹੁਣ ਤੱਕ ਪੰਜ ਈਮੇਲਾ ਸ਼੍ਰੋਮਣੀ ਕਮੇਟੀ ਨੂੰ ਭੇਜੀਆਂ ਹਨ, ਜਿਸ ਵਿੱਚ ਉਸ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਇਸ ਮੇਲ ਵਿੱਚ ਸੀਸੀ ਰੱਖਿਆ ਹੈ, ਜਿਸ ਤਰ੍ਹਾਂ ਐਮਪੀ ਗੁਰਜੀਤ ਸਿੰਘ ਔਜਲਾ ਨੇ ਕੋਈ ਕਾਰਵਾਈ ਨਹੀਂ ਕੀਤੀ, ਉਸੇ ਤਰ੍ਹਾਂ ਹੀ ਮੁੱਖ ਮੰਤਰੀ ਪੰਜਾਬ ਵੀ ਇਸ ਮਾਮਲੇ ਵਿੱਚ ਸ਼ਾਂਤ ਨਜ਼ਰ ਆ ਰਹੇ ਹਨ।

ਉਨ੍ਹਾਂ ਕਿਹਾ ਕਿ ਲਗਾਤਾਰ ਸੰਗਤਾਂ ਵਿੱਚ ਈਮੇਲਾਂ ਰਾਹੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਆਰਡੀਐਸਐਕਸ ਹਮਲੇ ਦੀ ਗੱਲ ਕਰਦਿਆਂ ਦਹਿਸ਼ਤ ਫੈਲਾਈ ਜਾ ਰਹੀ ਹੈ।

HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

# ਸਮਾਧ ਭਾਈ ਦੀ ਸੰਗਤ ਵੱਲੋ ਧੰਨ ਧੰਨ ਬਾਬਾ ਭਾਈ ਰੂਪ ਚੰਦ ਦੀ ਬਰਸੀ ਫਰਿਜਨੋ ਵਿਖੇ ਧੂਮਧਾਮ ਨਾਲ ਮਨਾਈ ਗਈ









**ਫਰਿਜਨੋ (ਕੈਲੀਫੋਰਨੀਆਂ) ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਅਤੇ ਡਾ। ਮਲਕੀਤ ਸਿੰਘ ਕਿੰਗਰਾ, ਸ। ਸੁਖਦੇਵ ਸਿੰਘ ਸ਼ਾਨੇ ਪੰਜਾਬ ਅਤੇ ਸਮੂੰਹ ਪਿੰਡ ਸਮਾਧ ਭਾਈ(ਮੋਗਾ) ਦੀ ਸੰਗਤ ਵੱਲੋ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਵਰੋਸਾਏ ਧੰਨ ਧੰਨ ਬਾਬਾ ਭਾਈ ਰੂਪ ਚੰਦ ਜੀ ਦੀ ਦੂਸਰੀ ਬਰਸੀ ਫਰਿਜ਼ਨੋ ਦੇ ਗੁਰਦੁਆਰਾ ਨਾਨਕਸਰ ਕਰਨੀਲੀਆ ਐਵੇਨਿਊ ਫਰਿਜ਼ਨੋ ਵਿਖੇ ਬੜੀ ਸ਼ਾਨੋ ਸ਼ੌਕਤ ਨਾਲ ਮਨਾਈ ਗਈ। ਭਾਈ ਰੂਪ ਚੰਦ ਜੀ, ਜਿੰਨਾ ਨੇ ਛੇਵੀਂ ਪਾਤਸ਼ਾਹੀ ਤੋ ਲੈ ਕਿ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਤੱਕ ਖ਼ਾਲਸਾ ਪੰਥ ਦੀ ਨਿਸ਼ਕਾਮ ਸੇਵਾ ਕੀਤੀ। ਉਹਨਾਂ ਦੀ ਬਰਸੀ ਨੂੰ ਮੁੱਖ ਰੱਖਕੇ 11 ਜੁਲਾਈ ਨੂੰ ਸ੍ਰੀ ਅਖੰਡ ਪਾਠ ਪ੍ਰਕਾਸ਼ ਹੋਏ, 'ਤੇ 13 ਜੁਲਾਈ 2025 ਦਿਨ ਐਤਵਾਰ ਨੂੰ ਅਖੰਡ ਪਾਠ ਸਹਿਬ ਦੇ ਭੋਗ ਪਾਏ ਗਏ। ਉਪਰੰਤ ਕੀਰਤਨ ਦਰਬਾਰ ਅਤੇ ਗੁਰਮਤਿ ਵਿਚਾਰਾਂ ਹੋਈਆ। । ਇਸ ਮੌਕੇ ਬੋਲਦਿਆਂ ਮਲਕੀਤ ਸਿੰਘ ਕਿੰਗਰਾ ਸਾਰੀ ਸੰਗਤ ਨੂੰ ਪ੍ਰੋਗ੍ਰਾਮ ਦੀ ਵਧਾਈ ਦਿੱਤੀ। ਉਹਨਾਂ ਨੇ ਕਿਹਾ ਕਿ ਇਹ ਪ੍ਰੋਗਰਾਮ ਆਪਣੀ ਵਿਦੇਸ਼ ਵਿੱਚ ਜੰਮ-ਪਲ ਪੀੜ੍ਹੀ ਨੂੰ ਗੁਰਮਤਿ ਅਤੇ ਪਿੰਡ ਦੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਬਹੁਤ ਵਧੀਆ ਉਪਰਾਲਾ ਹੈ। ਇਸ ਮੌਕੇ ਢਾਡੀ ਸੰਦੀਪ ਸਿੰਘ ਲੁਹਾਰਾ ਨੇ ਗੁਰੂ ਜਸ ਸਰਵਣ ਕਰਵਾਇਆ ਅਤੇ ਭਾਈ ਰੂਪ ਚੰਦ ਦੇ ਜੀਵਨ ਤੇ ਪੰਛੀ ਝਾਤ ਪਵਾਈ। ਇਸ ਮੌਕੇ ਢਾਡੀ ਸੰਦੀਪ ਸਿੰਘ ਲੁਹਾਰਾ ਦੇ ਬੇਟੇ ਅੰਗਦ ਸਿੰਘ ਨੇ ਵੀ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤੀ। ਕਵੀਸ਼ਰ ਮਨਜੀਤ ਸਿੰਘ ਪੱਤੜ ਤੇ ਸਾਥੀਆਂ ਨੇ ਕਵੀਸ਼ਰੀ ਨਾਲ ਸੰਗਤ ਨਾਲ ਸਾਂਝ ਪਾਈ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਇਸ ਮੌਕੇ ਸਰਪੰਚ ਅੰਗ੍ਰੇਜ਼ ਸਿੰਘ ਸੰਧੂ ਉਚੇਚੇ ਤੌਰ ਤੇ ਹਾਇ ਸਟੇਟ ਤੋਂ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਹੋਏ ਸਨ। ਇਸ ਸਮੇਂ ਭਾਈ ਰੂਪ ਚੰਦ ਨੂੰ ਸਮਰਪਿਤ ਇੱਕ ਸੋਵੀਅਨਰ ਵੀ ਕੱਢਿਆ ਗਿਆ। ਇਸ ਸਮੇਂ ਢਾਡੀ ਸੰਨਦੀਪ ਸਿੰਘ ਲੁਹਾਰਾ ਅਤੇ ਜਥੇ ਨੂੰ ਸਿਰੋਪਾ ਦੇਕੇ ਸਨਮਾਨਿਤ ਵੀ ਕੀਤਾ ਗਿਆ।










# ਡਾ. ਨਛੱਤਰ ਪਾਲ (ਐਮ.ਐਲ.ਏ. ਨਵਾਂਸ਼ਹਿਰ) ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਨਤਮਸਤਕ ਹੋਏ


















**ਸੈਕਰਾਮੈਂਟੋ –** ਲੰਘੇ ਐਤਵਾਰ 13 ਜੁਲਾਈ 2025 ਨੂੰ ਹਫਤਾਵਾਰੀ ਸਮਾਗਮ ਦੌਰਾਨ ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਸਾਹਿਬ ਭਾਈ ਗੁਰਦੀਪ ਸਿੰਘ, ਭਾਈ ਮਨੋਹਰ ਸਿੰਘ ਅਤੇ ਭਾਈ ਜੀਵਨ ਸਿੰਘ ਗਰਚਾ ਨੇ ਰਾਸ ਭਿੰਨ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਜਿਸ ਸੰਗਤਾਂ ਨੇ ਮਨ ਚਿੱਟ ਦੀ ਇਕਾਗਰਤਾ ਬਣਾਕੇ ਸਰਵਣ ਕੀਤਾ ਅਤੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ ਗਈ।

ਇਸ ਉਪਰੰਤ ਡਾ. ਨਛੱਤਰ ਪਾਲ (ਐਮ.ਐਲ.ਏ. ਨਵਾਂਸ਼ਹਿਰ ਤੇ ਇੰਚਾਰਜ ਬਸਪਾ, ਪੰਜਾਬ) ਜੋ ਅੱਜਕਲ੍ਹ ਅਮਰੀਕਾ ਫੇਰੀ ਤੇ ਹਨ, ਸ੍ਰੀ ਗੁਰੂ ਰਵਿਦਾਸ ਟੈਂਪਲ ਰਿ. ਲਿੰਡਾ (ਸੈਕਰਾਮੈਂਟੋ) ਵਿਖੇ ਨਤਮਸਤਕ ਹੋਏ। ਗੁਰੂਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਡਾ। ਨਛੱਤਰ ਪਾਲ ਦਾ ਸ੍ਰੀ ਸਿਰੋਪਾਓ ਸਾਹਿਬ ਅਤੇ ਸਨਮਾਨ ਚਿੰਨ੍ਹ ਨਾਲ ਸਨਮਾਨ ਕੀਤਾ ਗਿਆ। ਡਾ. ਨਛੱਤਰ ਪਾਲ ਵਲੋਂ ਸੰਗਤਾਂ ਨੂੰ ਸੰਬੋਧਨ ਕੀਤਾ ਗਿਆ ਅਤੇ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਆਪਣੇ ਵਲੋਂ ਕੀਤੇ ਹੋਏ ਕੰਮਾਂ ਬਾਰੇ ਅਤੇ ਪੰਜਾਬ ਵਿਧਾਨਸਭਾ ਵਿੱਚ ਆਪਣੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਸਾਂਝੀ ਕੀਤੀ। ਬਾਅਦ ਵਿੱਚ ਡਾ. ਨਛੱਤਰ ਪਾਲ ਵਲੋਂ ਸੰਗਤ ਵਿੱਚ ਬੈਠ ਕੇ ਗੱਲਬਾਤ ਕੀਤੀ ਅਤੇ ਸਵਾਲਾਂ ਦੇ ਜ਼ਵਾਬ ਵੀ ਦਿਤੇ।

ਇਸ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਸ੍ਰੀ ਅਮਰ ਦੜੋਚ, ਸ੍ਰੀ ਹਰਬਲਾਸ ਸਿੰਘ ਝਿੰਗੜ ਅਤੇ ਸ੍ਰੀ ਰਾਜ ਕੁਮਾਰ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਤਿਗੁਰੂ ਰਵਿਦਾਸ ਮਹਾਰਾਜ ਗੁਰੂਘਰ ਬਾਰਸੀਲੋਨਾ, ਸਪੇਨ ਦੇ ਉਪ ਪ੍ਰਧਾਨ ਅਤੇ ਸਤਿਗੁਰੂ ਰਵਿਦਾਸ ਮਿਸ਼ਨ ਵੈਲਫੇਅਰ ਐਜੂਕੇਸ਼ਨ ਸੋਸਾਇਟੀ ਲੁਧਿਆਣਾ ਪੰਜਾਬ ਦੇ ਚੇਅਰਮੈਨ ਸ੍ਰੀ ਵਿਜੈ ਜੱਸਲ ਨੂੰ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਸਤਿਗੁਰੂ ਰਵਿਦਾਸ ਮਿਸ਼ਨ ਵੈਲਫੇਅਰ ਐਜੂਕੇਸ਼ਨ ਸੋਸਾਇਟੀ ਲੁਧਿਆਣਾ ਪੰਜਾਬ ਨੂੰ ਇਸ ਸੰਸਥਾ ਦੇ ਵਿਦਿਆ ਦੇ ਖ਼ੇਤਰ ਵਿੱਚ ਕੀਤੇ ਜਾ ਰਹੇ ਬੇਹਤਰੀਨ ਕਾਰਜਾਂ ਲਈ ਗੁਰੂਘਰ ਵਲੋਂ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ।

ਸਕੂਲ ਕਾਲਜ ਵਿਚੋਂ ਗਰੈਜੂਏਟ ਹੋਏ ਵਿਦਿਆਰਥੀਆਂ ਨੂੰ ਵੀ ਗੁਰੂਘਰ ਵਲੋਂ ਸਨਮਾਨਿਤ ਕੀਤਾ ਗਿਆ। ਸ੍ਰੀ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ ਅਦਾਰਾ ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼ ਵਲੋਂ ਅਤੇ ਸ੍ਰੀ ਅਜੈ ਪੜਵੱਗਾ ਵਲੋਂ ਇਹ ਸਾਰੇ ਸਮਾਗਮ YouTube ਅਤੇ Facebook page ਤੇ ਲਾਈਵ ਪ੍ਰਸਾਰਿਤ ਕੀਤੇ ਗਏ। ਗੁਰੂਘਰ ਦੇ ਸਟੇਜ ਸਕੱਤਰ ਸ੍ਰੀ ਬਲਜੀਤ ਸਿੰਘ ਨੇ ਬਾਖੂਬੀ ਸਟੇਜ ਸੰਚਾਲਨ ਕਰਦੇ ਹੋਏ ਪ੍ਰਬੰਧਕ ਕਮੇਟੀ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ।

**ਰਿਪੋਰਟ : ਬਲਜੀਤ ਸਿੰਘ, ਤਸਵੀਰਾਂ– ਦੇਸ਼ ਦੁਆਬਾ**



# ਜਿਸ ਬੇਗ਼ਮਪੁਰੇ ਦੀ ਗੱਲ ਜੋ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੀ ਬਾਣੀ ਵਿੱਚ ਕੀਤੀ ਹੈ ਉਹ ਮੈਨੂੰ ਅਮਰੀਕਾ ਵਿੱਚ ਨਜਰ ਆਇਆ- ਡਾਕਟਰ ਨੱਛਤਰ ਪਾਲ






**ਸੈਕਰਾਮੈਂਟੋ–** ਪੰਜਾਬ ਵਿਧਾਨ ਸਭਾ ਦੇ ਨਵਾਂਸ਼ਹਿਰ ਹਲਕੇ ਤੋਂ ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਡਾਕਟਰ ਨੱਛਤਰ ਪਾਲ ਦੀ ਅਮਰੀਕਾ ਫੇਰੀ ਦੌਰਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਰਿ ਲਿੰਡਾ ਸੈਕਰਾਮੈਂਟੋ ਵਿਖੇ ਪਹੁੰਚਣ ਉਪਰੰਤ ਪ੍ਰਬੰਧਕ ਕਮੇਟੀ ਵੱਲੋਂ ਗੁਲਦਸਤੇ ਭੇਂਟ ਕਰਕੇ ਸਵਾਗਤ ਕੀਤਾ ਗਿਆ। ਮੰਚ ਸੰਚਾਲਨ ਦੀ ਭੂਮਿਕਾ ਨਿਭਾਉਂਦੇ ਹੋਏ ਸਟੇਜ ਸਕੱਤਰ ਬਲਜੀਤ ਸਿੰਘ ਨੇ ਕਿਹਾ ਕਿ ਸਾਡੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਬਹੁਜਨ ਸਮਾਜ ਪਾਰਟੀ ਦੇ ਨੁਮਾਇੰਦੇ ਅੱਜ ਗੁਰੂ ਘਰ ਆਕੇ ਗੁਰੂਗ੍ਰੰਥ ਸਾਹਿਬ ਨੂੰ ਨਤਮਸਤਕ ਹੋਏ ਹਨ। ਵਰਲਡ ਵਾਈਡ ਬੀ ਐੱਸ ਪੀ ਸਪੋਰਟਰਸ ਦੇ ਸੀਨੀਅਰ ਸਾਥੀ ਅਮਰ ਦੜੋਚ ਨੇ ਸੰਖੇਪ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਬਹੁਜਨ ਸਮਾਜ ਪਾਰਟੀ ਦਾ ਇਕੋਇਕ ਐੱਮ ਐੱਲ ਏ ਪਹਿਲੀ ਵਾਰ ਅਮਰੀਕਾ ਦੀ ਧਰਤੀ ਤੇ ਆਏ ਹਨ। ਅੱਜ ਪੰਜਾਬ ਦੀ ਵਿਧਾਨ ਸਭਾ ਵਿੱਚ ਆਪਣੇ ਇਲਾਕੇ ਤੋਂ ਇਲਾਵਾ ਦੱਬੇ ਕੁੱਚਲੇ ਸਮਾਜ, ਪੰਜਾਬ ਦੇ ਮਸਲਿਆਂ, ਬਾਬਾ ਸਾਹਿਬ ਡਾ। ਅੰਬੇਡਕਰ ਦੇ ਰਹਿੰਦੇ ਅਧੂਰੇ ਕਾਰਜ ਜਾਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗ਼ਮਪੁਰੇ ਦੀ, ਐੱਸ। ਸੀ। ਸਮਾਜ ਦੇ ਵਿਦਿਆਰਥੀਆਂ ਨੂੰ ਮਿਲ ਰਹੀ ਸਕਾਲਰਸ਼ਿਪ ਸਕੀਮ ਸਬੰਧੀ ਗੱਲ ਕਰਦਾ ਹੈ ਤਾਂ ਡਾਕਟਰ ਨੱਛਤਰ ਪਾਲ ਹਨ। ਸਾਨੂੰ ਆਸ ਹੈ ਕਿ ਆਉਣ ਵਾਲੇ ਸਮੇਂ ਬਹੁਜਨ ਸਮਾਜ ਦੇ ਲੋਕਾਂ ਦੇ ਮਸਲੇ ਪੰਜਾਬ ਵਿਧਾਨ ਸਭਾ ਵਿੱਚ ਉਠਾਉਂਦੇ ਰਹਿਣਗੇ।

ਇਸ ਮੌਕੇ ਤੇ ਪ੍ਰਬੰਧਕ ਕਮੇਟੀ ਅਤੇ ਹਾਜ਼ਰ ਸੰਗਤਾਂ ਦਾ ਧੰਨਵਾਦ ਕਰਦਿਆਂ ਡਾਕਟਰ ਨੱਛਤਰ ਪਾਲ ਨੇ ਕਿਹਾ ਕਿ ਜਿਸ ਬੇਗ਼ਮਪੁਰੇ ਦੀ ਗੱਲ ਜੋ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੀ ਬਾਣੀ ਵਿੱਚ ਕੀਤੀ ਹੈ ਉਹ ਮੈਨੂੰ ਅਮਰੀਕਾ ਵਿੱਚ ਨਜਰ ਆ ਰਹੀ ਹੈ ਕਿਉਂਕਿ ਇਥੇ ਇਨਸਾਨ ਨੂੰ ਇਨਸਾਨ, ਕਿਰਤੀ ਨੂੰ ਕਿਰਤ ਦਾ ਪੂਰਾ ਮੁੱਲ, ਭ੍ਰਿਸ਼ਟਾਚਾਰ ਦਾ ਬੋਲਬਾਲਾ ਨਹੀਂ ਅਤੇ ਕਿਸੇ ਤਰ੍ਹਾਂ ਦਾ ਵਖਰੇਵਾਂ ਨਜਰ ਨਹੀਂ ਆਉਂਦਾ। ਮਨੁੱਖ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਅਤੇ ਸਭ ਧਰਮਾਂ ਦੇ ਲੋਕ ਮਾਣ-ਸਨਮਾਨ ਦੀ ਵਧੀਆ ਜ਼ਿੰਦਗੀ ਬਸਰ ਕਰ ਰਹੇ ਹਨ। ਉਨ੍ਹਾਂ ਨੇ ਆਪਣੇ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਉਠਾਏ ਸਵਾਲਾਂ ਦਾ ਵੀ ਜਿਕਰ ਕੀਤਾ ਅਤੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਗ੍ਰਾਂਟਾਂ ਜਾਰੀ ਨਾ ਕਰਨ ਦੇ ਕਾਰਣ ਲੱਖਾਂ ਬੱਚਿਆਂ ਨੇ ਆਪਣੀ ਪੜ੍ਹਾਈ ਛੱਡ ਦਿੱਤੀ। ਪ੍ਰਬ- ਧਕਾਂ ਵੱਲੋਂ ਡਿਗਰੀਆਂ ਰੋਕੀਆਂ ਗਈਆਂ ਅਤੇ ਪੇਪਰਾਂ ਵਿਚ ਬਹਿਣ ਨਹੀਂ ਦਿੱਤਾ ਜਾਂਦਾ ਸੀ। ਲਗਾਤਾਰ ਇਕ ਸਾਲ ਬਹੁਜਨ ਸਮਾਜ ਪਾਰਟੀ ਨੇ ਸੜਕਾਂ ਉੱਤੇ ਅਤੇ ਸਦਨ ਵਿੱਚ ਸੰਘਰਸ਼ ਕੀਤਾ ਜਿਸ ਦੇ ਸਦਕੇ ਪੰਜਾਹ ਹਜਾਰ ਬੱਚਿਆਂ ਵਿੱਚੋਂ ਚਾਲੀ ਹਜ਼ਾਰ ਬੱਚਿਆਂ ਨੂੰ ਸਰਟੀਫਿਕੇਟ ਜਾਰੀ ਹੋਏ ਅਤੇ ਪੰਜਾਬ ਸਰਕਾਰ ਨੇ 907 ਕਰੋੜ ਜਾਰੀ ਕੀਤੇ। ਲਾਅ ਅਫਸਰਾਂ ਦੀ ਭਰਤੀ ਵਿੱਚ ਰਾਖਵਾਂਕਰਨ ਦੀ ਵਿਵਸਥਾ ਕਰਵਾਈ ਅਤੇ ਪੰਜਾਬ ਇਸੇ ਤਰ੍ਹਾਂ ਦਾ ਪਹਿਲਾ ਸੂਬਾ ਬਣਿਆ। ਪੰਜਾਬ ਵਿੱਚ ਹਜਾਰਾਂ ਏਕੜ ਖਾਲੀ ਪਈ ਜ਼ਮੀਨ ਗਰੀਬ ਲੋਕਾਂ ਨੂੰ ਦਿੱਤੀ ਜਾਵੇ। ਸਜਾਵਾਂ ਪੂਰੀਆਂ ਹੋ ਚੁੱਕੀਆਂ ਦਸ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ, ਪਾਣੀਆਂ ਦਾ ਮੁੱਦਾ, ਨੂਰਮਹਿਲ ਵਿੱਚ ਬਸਪਾ ਦੇ 9 ਮਹਾਨ ਸ਼ਹੀਦਾਂ ਦਾ ਮੁੱਦਾ, ਮਾਨਵਤਾਵਾਦੀ ਰਹਿਬਰਾਂ ਦੀ ਯਾਦ ਵਿੱਚ ਸਮਾਰਕਾਂ, ਰਿਟਾਇਰਡ ਕਰਮਚਾਰੀਆਂ ਤੋਂ ਇਲਾਵਾ ਓ ਪੀ ਐਸ ਆਦਿ ਮੁੱਦਿਆ ਨੂੰ ਸਮੇਂ ਸਮੇਂ ਤੇ ਸਦਨ ਵਿੱਚ ਉਠਾਇਆ ਜਿਸ ਦੇ ਸਾਰਥਿਕ ਨਤੀਜੇ ਵੀ ਸਾਹਮਣੇ ਆਏ। ਬੇਸ਼ੱਕ ਕੱਲਾ ਬੰਦਾ ਕੁੱਝ ਨਹੀਂ ਕਰ ਸਕਦਾ ਪਰ ਜਿਸ ਦੇ ਪਿੱਛੇ ਅੰਦੋਲਨ ਕਰਨ ਵਾਲੇ ਲੋਕ ਜਾਂ ਪਾਰਟੀ ਖੜੀ ਹੋਵੇ ਫਿਰ ਕੋਈ ਵੀ ਕੰਮ ਅਸੰਭਵ ਨਹੀਂ ਹੁੰਦਾ।




ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾ ਅਤੇ ਯਾਦਗਾਰੀ ਚਿਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਮਿਸ਼ਨਰੀ ਸਾਥੀਆਂ ਵਲੋਂ ਡਾਕਟਰ ਨੱਛਤਰ ਪਾਲ ਅਤੇ ਅਮਰ ਦੜੋਚ ਨੂੰ ਪੰਚਸ਼ੀਲ ਅਤੇ ਮਿਸ਼ਨਰੀ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ। ਕਮੇਟੀ ਦੇ ਚੇਅਰਮੈਨ ਤੇਜ ਪਾਲ ਵਿਰਕ ਅਤੇ ਪ੍ਰਧਾਨ ਰਾਜ ਬੱਧਣ ਨੇ ਸਮੂਹ ਸੰਗਤਾਂ ਅਤੇ ਵਿਸ਼ੇਸ਼ ਮਹਿਮਾਨਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਤੇ ਰਾਜ ਕੁਮਾਰ ਜੱਸੀ, ਹਰਬਿਲਾਸ ਝਿੰਗੜ, ਧਰਮ ਪਾਲ ਪੈਂਥਰ, ਪ੍ਰੇਮ ਕੁਮਾਰ ਚੁੰਬਰ, ਕਮਲਦੇਵ ਪਾਲ, ਉਂਕਾਰ ਚੰਦ ਬਸਰਾ, ਅਰਿਸਟੋਟਲ ਚੁੰਬਰ ਅਤੇ ਸੁਰਿੰਦਰ ਚੌਹਾਨ ਆਦਿ ਨੇ ਅਹਿਮ ਯੋਗਦਾਨ ਪਾਇਆ।

**ਰਿਪੋਰਟ ਧਰਮ ਪਾਲ ਪੈਂਥਰ**

# ਡਾ. ਨੱਛਤਰ ਪਾਲ (ਐਮ.ਐਲ.ਏ. ਨਵਾਂਸ਼ਹਿਰ) ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਨਤਮਸਤਕ ਹੋਏ






"ਦੇਸ਼ ਦੁਆਬਾ ਟੀਵੀ"
'ਤੇ ਹਰ ਰੋਜ਼ ਦੇਖੋ
https://youtube.com/@deshdoabatv?si=d4El3KT9SnO3qdav
ਦੇਸ਼ ਦੁਨੀਆ ਦੀਆਂ ਖਬਰਾਂ
ਦੇਸ਼ ਦੁਆਬਾ
Editor-in-Chief: Prem K. Chumber
Phone: 001-916-947-8920
Email: deshdoaba@yahoo.com

# ਵਿਗਿਆਨਕ ਯੁੱਗ ਵਿੱਚ ਬੌਧਿਕ ਸਮਾਜ ਦੀ ਸਿਰਜਣਾ ਕਿਵੇਂ ਕਰੀਏ



ਬਲਵਿੰਦਰ ਭੌਰਾ
646-644-0409

ਜਦੋਂ ਵੀ ਕਿਸੇ ਕੌਮ, ਕਿਸੇ ਸਮਾਜ ਨੇ ਆਪਣੀ ਹੋਂਦ ਨੂੰ ਨਿਖਾਰਨ ਦੀ ਕੋਸ਼ਿਸ਼ ਕੀਤੀ ਹੈ, ਪਰਿਵਰਤਨ ਲਈ ਵਿਚਾਰਧਾਰਾ ਨੂੰ ਉਤਸ਼-ਾਹਿਤ ਕੀਤਾ, ਇਤਿਹਾਸ ਦੀ ਪੈੜ ਨੂੰ ਪਛਾਣ ਕੇ ਆਪਣੇ ਮੀਲ ਪੱਥਰ ਲਾਉਣ ਦੀ ਕੋਸ਼ਿਸ਼ ਕੀਤੀ, ਉਦੋਂ ਹੀ ਅਖੌਤੀ ਧਾਰਮਿਕ ਵਰਤਾਰੇ ਨੇ ਸੰਕੀਰਣਤਾ ਦੇ ਬਲ ਤੇ ਕ੍ਰਾਂਤੀਕਾਰੀ ਸੰਘਰਸ਼ ਨੂੰ ਘੇਰਾ ਪਾਇਆ ਹੈ। ਸਰਬੱਤ ਦੇ ਭਲੇ ਦੇ ਸੰਕਲਪ ਨੂੰ ਲੀਹੋਂ ਲਾਉਣ ਲਈ ਹਰ ਹੀਲਾ ਵਰਤਿਆ। ਪਰ ਸਿਧਾਂਤਿਕ ਨਾਇਕਾਂ ਨੇ ਜਾਨਾਂ ਦੀ ਪਰਵਾਹ ਨਾ ਕੀਤੀ ਤੇ ਮਿਸ਼ਨ ਵਿੱਚ ਗਤੀਸ਼ੀਲ ਰਹੇ ।

ਵਿਚਾਰਾਂ ਨੂੰ ਵਿਚਾਰਾਂ ਨਾਲ ਵਿਚਾਰਨ ਦੀ ਬਜਾਏ ਵਿਪਰੀਤ ਸੋਚ ਨੇ ਹਥਿਆਰਾਂ ਦੀ ਵਰਤੋਂ ਨਾਲ ਅੰਗੜਾਈਆਂ ਭਰ ਰਹੇ ਬੌਧਿਕ ਵਿਕਾਸ ਨੂੰ ਸੁਸਤ ਤੇ ਨਿਤਾਣਾਂ ਕੀਤਾ ਗਿਆ। ਸਮੇਂ ਦੀ ਬੁੱਕਲ ਵਿੱਚ ਲੁਕੇ ਇਨ੍ਹਾਂ ਦਹਿਸ਼ਤੀ ਵਰਤਾਰਿਆਂ ਦੀ ਤਸਵੀਰ ਦਿਨੋ-ਦਿਨ ਨੰਗੀ ਹੋ ਰਹੀ ਹੈ । ਜਿੱਥੇ ਅੱਜ ਦੁਨੀਆਂ ਇੱਕ ਪਿੰਡ ਬਣਨ ਜਾ ਰਹੀ ਹੈ ਉੱਥੇ ਪਰੰਪਰਾਵਾਦੀ ਘੁਰਨਿਆਂ ਵਿੱਚ ਲੁਕੀ ਸੁਆਰਥੀ ਸੋਚ ਆਪਣੀ ਪੂਰੀ ਵਾਹ ਲਾ ਕੇ ਆਧੁਨਿਕ ਸਮਾਜ ਨੂੰ ਸਿਉਂਕ ਵਾਂਗ ਖੋਖਲਾ ਕਰਨ ਦਾ ਕੋਈ ਵੀ ਮੌਕਾ ਨਹੀਂ ਛੱਡਦੀ। ਮਨੁੱਖੀ ਸੁਭਾਅ ਤੇ ਪੁਜਾਰੀਵਾਦ ਨੇ ਐਨੀ ਪੱਕੀ ਪਕੜ ਬਣਾਈ ਹੋਈ ਹੈ ਕਿ ਸਾਨੂੰ ਆਧੁਨਿਕ ਵਿਗਿਆਨ ਦੀ ਜ਼ਰਾ ਜਿੰਨੀ ਵੀ ਸਮਝ ਨਹੀਂ ਆ ਰਹੀ।

ਮਦਾਰੀਆਂ ਵਾਂਗ ਸਾਡੀ ਮਾਨਸਿਕਤਾ ਨੂੰ ਬੰਨ੍ਹਿਆ ਹੋਇਆ ਹੈ ਭਰਾਤਰੀਭਾਵ ਵਰਗੇ ਸ਼ਬਦਾਂ ਦੀ ਪ੍ਰੀਭਾਸ਼ਾ ਸ਼ਬਦ-ਕੋਸ਼ਾਂ ਵਿੱਚੋਂ ਪੜਨੀ ਪੈ ਰਹੀ ਹੈ। ਪੀੜ੍ਹੀ ਦਰ ਪੀੜ੍ਹੀ ਰੂੜ੍ਹੀਵਾਦੀ ਤੇ ਖੂੰਢੇ ਹੋਏ ਜੰਗਾਲੇ ਹੋਏ ਵਿਚਾਰਾਂ ਨੂੰ ਘਸਾ ਘਸਾ ਕੇ ਜ਼ਿੰਦਗੀ ਬਸਰ ਕਰਨ ਨੂੰ ਅਸੀਂ ਤਰੱਕੀਆਂ ਸਮਝ ਕੇ ਭੰਗੜੇ ਪਾ ਰਹੇ ਹਾਂ। ਸਾਨੂੰ ਮੰਜ਼ਿਲ ਦਾ ਪਤਾ ਨਹੀਂ ਮਿਸ਼ਨ ਅਰੰਭੇ ਹੋਏ ਹਨ । ਪਤਾ ਨਹੀਂ ਬਾਂਹ ਫੜਕੇ ਸਾਨੂੰ ਕਦੋਂ ਕੋਈ ਆਪਣੇ ਵੱਲ ਖਿੱਚ ਲਵੇ। ਮਨੁੱਖੀ ਜੀਵਨ ਵਿੱਚ ਸਭ ਤੋਂ ਵੱਧ ਰੋਲ ਸਵੈ-ਇਖਲਾਕ ਦਾ ਹੈ। ਸਾਡੀਆਂ ਬੇਲੋੜੀਆਂ ਲੋੜਾਂ ਨੇ ਮੱਤ ਮਾਰੀ ਪਈ ਹੈ। ਆ ਆਪਾਂ ਵੀ ਅਗਿਆਨਤਾ ਦੀ ਕੁੰਜ ਨੂੰ ਲਾਹ ਕੇ ਗਿਆਨ ਤੇ ਵਿਗਿਆਨ ਦੀ ਨਵੀਂ ਤੇ ਨਵੇਕਲੀ ਕੁੰਜ ਨੂੰ ਅਪਨਾਈਏ।


## Matrimonial

USA born boy Doctor DPT (Doctor of physio therapist) born 1993, About 6 ft tall very handsome Looking for suitable match no smoking no drinking.

**Contact- 559 709 8838**


## ਵਿਧਾਇਕ ਜਿੰਪਾ ਨੇ ਭੀਮ ਨਗਰ ਵਿਚ 32 ਲੱਖ ਦੀ ਲਾਗਤ ਨਾਲ ਲੱਗਣ ਵਾਲੇ ਟਿਊਬਵੈੱਲ ਦਾ ਕੰਮ ਸ਼ੁਰੂ ਕਰਵਾਇਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਸ਼ਹਿਰ ਦੇ ਲੋਕਾਂ ਨੂੰ ਪਾਣੀ ਦੇ ਸੰਕਟ ਤੋਂ ਰਾਹਤ ਦੇਣ ਦੇ ਉਦੇਸ਼ ਨਾਲ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਐਤਵਾਰ ਨੂੰ ਵਾਰਡ ਨੰਬਰ 17 ਦੇ ਭੀਮ ਨਗਰ ਵਿਚ ਇਕ ਨਵੇਂ ਟਿਊਬਵੈੱਲ ਦਾ ਕੰਮ ਸ਼ੁਰੂ ਕਰਵਾਇਆ। ਇਸ ਪ੍ਰੋਜੈਕਟ ਦੀ ਕੁੱਲ ਲਾਗਤ 32 ਲੱਖ ਰੁਪਏ ਹੋਵੇਗੀ। ਵਿਧਾਇਕ ਜਿੰਪਾ ਨੇ ਕਿਹਾ ਕਿ ਇਸ ਸਮੇਂ ਸ਼ਹਿਰ ਦੇ ਵੱਖ-ਵੱਖ ਖੇਤਰਾਂ ਵਿਚ ਲੱਗਭਗ 100 ਟਿਊਬਵੈੱਲ ਸਰਗਰਮੀ ਨਾਲ ਕੰਮ ਕਰ ਰਹੇ ਹਨ, ਜਿਨ੍ਹਾਂ ਦੀ ਮਦਦ ਨਾਲ ਪਾਣੀ ਦੀ ਸਪਲਾਈ ਨੂੰ ਬਿਹਤਰ ਢੰਗ ਨਾਲ ਬਣਾਈ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਸ਼ਹਿਰ ਵਿਚ ਪਾਣੀ ਦੀ ਸਮੱਸਿਆ ਨਹੀਂ ਆਉਣ ਦਿੱਤੀ ਗਈ। ਜਿੰਪਾ ਨੇ ਭਰੋਸਾ ਦਿੱਤਾ ਕਿ ਭੀਮ ਨਗਰ ਵਿਚ ਲੱਗਣ ਵਾਲੇ ਇਸ ਨਵੇਂ ਟਿਊਬਵੈੱਲ ਨੂੰ 30 ਦਿਨਾਂ ਦੇ ਅੰਦਰ ਪੂਰੀ ਤਰ੍ਹਾਂ ਚਾਲੂ ਕਰ ਦਿੱਤਾ ਜਾਵੇਗਾ, ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਪਾਣੀ ਦੀ ਲੋੜੀਂਦੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ਹਿਰ ਦੀਆਂ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਪਾਣੀ ਦੇ ਸੰਕਟ ਵਰਗੀਆਂ ਸਮੱਸਿਆਵਾਂ ਨੂੰ ਜੜ੍ਹੋਂ ਪੁੱਟਣ ਲਈ ਨਵੇਂ ਟਿਊਬਵੈੱਲ ਲਗਾਏ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਗਰਮੀਆਂ ਵਿਚ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਨਗਰ ਨਿਗਮ ਸ਼ਹਿਰ ਦੇ ਸਾਰੇ ਵਾਰਡਾਂ ਵਿਚ ਪਾਣੀ ਦੀ ਸਪਲਾਈ ਦੀ ਸਥਿਤੀ 'ਤੇ ਨਜ਼ਰ ਰੱਖ ਰਿਹਾ ਹੈ ਅਤੇ ਲੋੜ ਅਨੁਸਾਰ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭੀਮ ਨਗਰ ਵਿੱਚ ਲੰਬੇ ਸਮੇਂ ਤੋਂ ਪਾਣੀ ਦੀ ਸਮੱਸਿਆ ਸੀ, ਜੋ ਹੁਣ ਇਸ ਨਵੇਂ ਟਿਊਬਵੈੱਲ ਨਾਲ ਹੱਲ ਹੋ ਜਾਵੇਗੀ। ਵਿਧਾਇਕ ਜਿੰਪਾ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਸ਼ਹਿਰ ਦੇ ਹੋਰ ਹਿੱਸਿਆਂ ਵਿਚ ਵੀ ਅਜਿਹੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਜਾਣਗੀਆਂ, ਤਾਂ ਜੋ ਹੁਸ਼ਿਆਰਪੁਰ ਦੇ ਨਾਗਰਿਕਾਂ ਨੂੰ ਬਿਹਤਰ ਰਹਿਣ-ਸਹਿਣ ਦੀਆਂ ਸਹੂਲਤਾਂ ਮਿਲ ਸਕਣ।


# SUNSHINE AUTO CARE INC.

**WE REPAIR ALL MAKES & MODELS. AUTO, DIESEL TRUCK & TRAILERS**

- ✓ DPF Filter Cleaning
- ✓ Clutch
- ✓ Transmission
- ✓ New/Used Tires
- ✓ Oil Changes
- ✓ Wheel Balancing
- ✓ Truck & Trailer Repair
- ✓ All Major & Minor Repairs
- ✓ We Do Aluminum Welding
- ✓ Computer Check
- ✓ Differential
- ✓ Inspections
- ✓ Van/Reefer Work

We do Truck Smoke Test & Alignment FOR ALL CUSTOMERS

hablamos español

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE

VISA MasterCard AMERICAN EXPRESS DISCOVER NETWORK





**209-239-1551**

**1003 MOFFAT BLVD., MANTECA, CA 95336**

# ਮਸ਼ਹੂਰ ਪੰਜਾਬੀ ਗਾਇਕ, ਗੀਤਕਾਰ, ਅਦਾਕਾਰ ਅਤੇ ਬਾਲੀਵੁੱਡ ਐਕਟਰ ਦਲਜੀਤ ਸਿੰਘ ਦੋਸਾਂਝ ਦੀ ਪੰਜਾਬੀ ਫਿਲਮ

ਮਸ਼ਹੂਰ ਪੰਜਾਬੀ ਗਾਇਕ, ਗੀਤਕਾਰ, ਅਦਾਕਾਰ ਅਤੇ ਬਾਲੀਵੁੱਡ ਐਕਟਰ ਸਰਦਾਰ ਦਲਜੀਤ ਸਿੰਘ ਦੋਸਾਂਝ ਦੀ ਪੰਜਾਬੀ ਫਿਲਮ ਸਰਦਾਰ ਜੀ ਨੂੰ ਦੇਖਣ ਦਾ ਬੜਾ ਉਤਸ਼ਾਹ ਸੀ। ਉਤਸ਼ਾਹ ਦੇ ਦੋ ਕਾਰਣ ਸਨ, ਇੱਕ ਤਾਂ ਅਮਰੀਕਾ ਦੇ ਥੀਏਟਰ ਵਿੱਚ ਪਹਿਲੀ ਵਾਰੀ ਅਤੇ ਦੂਜਾ ਕਾਰਣ ਸੀ ਪਾਕਿਸਤਾਨੀ ਹੀਰੋਇਨ ਹੈਨਾ ਅਮੀਰ। ਬਹੁਤ ਸਾਰੇ ਲੋਕਾਂ ਵੱਲੋਂ ਇਸ ਫਿਲਮ ਦਾ ਵਿਰੋਧ ਹੋ ਰਿਹਾ ਸੀ ਕਿ ਇਸ ਵਿੱਚ ਪਾਕਿਸਤਾਨ ਦੀ ਹੀਰੋਇਨ ਨੂੰ ਕਿਉਂ ਲਿਆ ਗਿਆ ਹੈ। ਮੈਂ ਇਸ ਵਿਸ਼ੇ ਵਿੱਚ ਨਹੀਂ ਪੈਣਾ ਚਾਹੁੰਦਾ ਕਿਉਂਕਿ ਹਰੇਕ ਡਾਇਰੈਕਟਰ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਆਪਣੀ ਮੂਵੀ ਲਈ ਵਧੀਆ ਤੋਂ ਵਧੀਆ ਕਲਾਕਾਰਾਂ ਦੀ ਚੋਣ ਕਰਕੇ ਦਰਸ਼ਕਾਂ ਨੂੰ ਕੁਝ ਨਵਾਂ ਦੇਣ ਦੀ ਅਤੇ ਮੁਨਾਫ਼ਾ ਕਮਾਉਣ ਦੀ। ਜੋ ਫਿਲਮ ਵਿੱਚ ਦੇਖਿਆ ਅਸਲ ਵਿੱਚ ਮੈਂ ਉਹਦੇ ਉੱਤੇ ਹੀ ਆਪਣੀ ਰਾਇ ਰੱਖਣੀ ਚਾਹੁੰਦਾ ਹਾਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਰੇ ਕਲਾਕਾਰਾਂ ਨੇ ਆਪਣੀ ਆਪਣੀ ਭੂਮਿਕਾ ਨੂੰ ਬਹੁਤ ਵਧੀਆ ਢੰਗ ਨਾਲ ਨਿਭਾਇਆ ਜੋਕਿ ਸ਼ਲਾਘਾਯੋਗ ਹੈ।

ਸਾਰੀ ਮੂਵੀ ਦੇਖਣ ਉਪਰੰਤ ਮੈਂ ਆਪਣੇ ਆਪ ਵਿੱਚ ਪੜਚੋਲ ਕਰ ਰਿਹਾ ਹਾਂ ਕਿ ਫਿਲਮ ਦਰਸ਼ਕਾਂ ਨੂੰ ਕੀ ਉਪਦੇਸ਼ ਦੇਣਾ ਚਾਹੁੰਦੀ ਹੈ। ਮੂਵੀ ਦੀ ਅੱਜ ਦੇ ਵਿਗਿਆਨਿਕ ਯੁੱਗ ਵਿੱਚ ਕੀ ਭੂਮਿਕਾ ਰਹੇਗੀ। ਜਦੋਂ ਪੂਰੇ ਸੰਸਾਰ ਵਿੱਚ ਤਕਨੀਕ ਵਿਕਸਤ ਨਹੀਂ ਸੀ ਤਾਂ ਇੱਕ ਸਧਾਰਣ ਡਾਕ ਨੂੰ ਮਿਲਣ ਲਈ ਮਹੀਨਾ ਲੱਗ ਜਾਂਦਾ ਸੀ, ਲੋਕ ਡਾਕੀਏ ਦੇ ਰਾਹਾਂ ਨੂੰ ਤੱਕਦੇ ਰਹਿੰਦੇ ਸਨ। ਪ੍ਰੰਤੂ ਅੱਜ ਸਾਇੰਸ ਨੇ ਐਨੀ ਤਰੱਕੀ ਕਰ ਲਈ ਹੈ ਕਿ ਅੱਖ ਝੱਪਕਦਿਆਂ ਹੀ ਦੂਰ ਦੁਰੇਡੇ ਬੈਠਿਆਂ ਨਾਲ ਮੋਬਾਇਲ ਤੇ ਆਪਣਿਆਂ ਨਾਲ ਗੱਲ ਕਰ ਸਕਦੇ ਹੋ। ਇਹ ਤਰੱਕੀ ਕਿੰਨਾ ਨੇ ਕੀਤੀ ਹੈ ਭੂਤਾਂ ਨੇ ਜਾਂ ਇਨਸਾਨਾਂ ਨੇ ਕੀਤੀ ਹੈ। ਵਿਗਿਆਨ ਨੇ ਹਮੇਸ਼ਾਂ ਹੀ ਦੁਨੀਆਂ ਨੂੰ ਨਵੀਂ ਤੋਂ ਨਵੀਂ ਤਕਨੀਕ ਪ੍ਰਦਾਨ ਕੀਤੀ ਹੈ । ਵਿਗਿਆਨੀ ਜਾਂ ਕੰਪਿਊਟਰ ਦਾ ਮਾਹਰ ਤਕਨੀਕ ਨਾਲ ਜਿਸ ਤਰ੍ਹਾਂ ਵੀ ਚਾਹੇ ਉਸ ਤਰ੍ਹਾਂ ਦਾ ਬਣਾਇਆ ਜਾ ਸਕਦਾ ਹੈ। ਵਿਗਿਆਨ ਦੀ ਤਰੱਕੀ ਦਾ ਕੋਈ ਅੰਤ ਨਹੀਂ ਅੱਜ ਕੱਲ੍ਹ



ਮਨੁੱਖ ਦੀ ਜਗ੍ਹਾ ਰੋਬਟ ਆ ਗਏ ਹਨ ਹੋ ਹਰੇਕ ਕੰਮ ਕਰਨ ਦੇ ਸਮਰੱਥ ਹਨ। ਤੁਸੀਂ ਪੂਰੀ ਦੁਨੀਆਂ ਘੁੰਮ ਘੁੰਮ ਕੇ ਦੇਖ ਰਹੇ ਹੋ, ਬਾਜ਼ਾਰ ਵਿੱਚ ਬਿਨ੍ਹਾ ਡਰਾਈਵਰ ਗੱਡੀਆਂ ਆ ਗਈਆਂ ਹਨ।

ਜਿਆਦਾਤਰ ਭਾਰਤੀ ਮੀਡੀਆ, ਪਾਂਡੇ ਪੁਜਾਰੀ ਅਤੇ ਚਲਾਕ ਲੋਕ ਦੁਨੀਆਂ ਨੂੰ ਅਜੇ ਵੀ ਭੂਤ ਪ੍ਰੇਤਾਂ ਅਤੇ ਗ਼ੈਬੀ ਸ਼ਕਤੀਆਂ ਵਿੱਚ ਉਲਝਾਈ ਜਾ ਰਹੇ ਹਨ। ਬੁੱਧੀਮਾਨ ਅਤੇ ਵਿਗਿਆਨਿਕ ਸੋਚ ਰੱਖਣ ਵਾਲੇ ਲੋਕ ਇਸ ਫਿਲਮ ਦੀ ਕਦੇ ਵੀ ਸ਼ਲਾਘਾ ਨਹੀਂ ਕਰਨਗੇ। ਸਰਦਾਰ ਦਲਜੀਤ ਸਿੰਘ ਦੋਸਾਂਝ ਪੱਗੜੀਧਾਰੀ ਸਿੱਖ ਹੈ ਅਤੇ ਸਿੱਖ ਧਰਮ ਨੂੰ ਮੰਨਣ ਵਾਲੇ ਇਨਸਾਨ ਹੋ। ਸਾਡੇ ਮਹਾਪੁਰਸ਼ਾਂ ਨੇ ਬਾਣੀ ਵਿੱਚ ਦੁਨੀਆਂ ਨੂੰ ਸੱਚ ਅਤੇ ਨੇਕੀ ਦਾ ਰਾਹ ਦੱਸਿਆ ਹੈ, ਭੂਤ ਪ੍ਰੇਤ, ਝੂਠੀਆਂ ਗੱਲਾਂ, ਵਹਿਮ ਭਰਮ, ਕਰਮਕਾਂਡਾਂ ਨੂੰ ਰੱਜ ਕੇ ਭੰਡਿਆ ਹੈ ਪਰ ਅਸੀਂ ਲੋਕਾਂ ਨੇ ਗੁਰੂ ਮੰਨਿਆ ਪਰ ਗੁਰੂ ਦਾ ਹੁਕਮ ਨਹੀਂ ਮੰਨਿਆ। ਆਪ ਜੀ ਨੂੰ ਅਜਿਹੀਆਂ ਫ਼ਿਲਮਾਂ ਬਨਾਉਣ ਤੋਂ ਗ਼ੁਰੇਜ਼ ਕਰਨਾ ਚਾਹੀਦਾ। ਤੁਹਾਨੂੰ ਪੈਸੇ ਅਤੇ ਸ਼ੋਹਰਤ ਦੀ ਕੋਈ ਕਮੀ ਨਹੀਂ। ਇਸ ਵੇਲੇ ਪੂਰੀ ਦੁਨੀਆਂ ਵਿੱਚ ਤੁਹਾਡੀ ਤੂਤੀ ਬੋਲਦੀ ਹੈ ਕਿ ਤੁਸੀਂ ਵਧੀਆ ਅਦਾਕਾਰ ਹੋ। ਕਾਮਨਾ ਕਰਦਾ ਹਾਂ ਕਿ ਤੁਸੀਂ ਹੋਰ ਤਰੱਕੀਆਂ ਕਰੋ ਚੜ੍ਹਦੀ ਕਲਾ ਵਿਚ ਰਹੋ।

ਤੁਹਾਡੀ ਸੋਚ ਬਹੁਤ ਵਧੀਆ ਹੈ ਤੁਸੀਂ ਪੰਜਾਬ, ਪੰਜਾਬੀਅਤ ਦੀ ਤਰੱਕੀ ਲਈ ਦਿਨ ਰਾਤ ਉਪਰਾਲੇ ਕਰ ਰਹੇ ਹੋ। ਦਲਜੀਤ ਸਿਹਾਂ ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਤੁਸੀਂ ਕਲਪਨਿਕ ਅਤੇ ਗੈਰ ਵਿਗਿਆਨਕ ਫ਼ਿਲਮਾਂ ਵਿੱਚ ਕੰਮ ਕਰਨ ਤੋਂ ਗ਼ੁਰੇਜ਼ ਕਰੋ ਕਿਉਂਕਿ ਤੁਹਾਡੀਆਂ ਮੂਵੀਆਂ ਬੱਚੇ ਤੋਂ ਲੈਕੇ ਹਰੇਕ ਉਮਰ ਅਤੇ ਹਰੇਕ ਵਰਗ ਦੇ ਲੋਕ ਦੇਖਦੇ ਹਨ। ਮੀਡਿਆ ਦੀ ਅੱਜ ਦੇ ਯੁੱਗ ਵਿੱਚ ਅਹਿਮ ਭੂਮਿਕਾ ਹੈ, ਮੀਡਿਆ ਜਿੱਦਾਂ ਦਾ ਪਰੋਸੇਗਾ ਉਦਾਂ ਦਾ ਹੀ ਸਮਾਜ ਦਾ ਭਵਿੱਖ ਹੋਵੇਗਾ। ਤੁਸੀਂ ਦੁਨੀਆਂ ਨੂੰ ਨਵੀਂ ਦਿਸ਼ਾ ਤੇ ਦਸ਼ਾ ਦਿਉਗੇ, ਤੁਹਾਡੇ ਕੋਲੋਂ ਸਮਾਜ ਦੇ ਬਿਹਤਰ ਭਵਿੱਖ ਦੀ ਆਸ ਕਰਦਾ ਹੋਇਆ ਆਪਣੀ ਬੇਨਤੀ ਨੂੰ ਸਮਾਪਤ ਕਰਦਾ ਹਾਂ।

**– ਧਰਮ ਪਾਲ ਪੈਂਥਰ ਯੂ ਐਸ ਏ**







# ਨਿਊਜ਼ੀਲੈਂਡ ਲਈ ਹੁਣ ਵਧੇਰੇ ਡਾਕਟਰ- ਚਿਲੀ, ਲਕਸਮਬਰਗ ਤੇ ਕ੍ਰੋਏਸ਼ੀਆ ਦੇ ਡਾਕਟਰਾਂ ਲਈ ਰਾਹ ਪੱਧਰਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਸਿਹਤ ਮੰਤਰੀ ਸਾਇਮਨ ਬ੍ਰਾਊਨ ਨੇ ਨਿਊਜ਼ੀਲੈਂਡ ਦੀ ਮੈਡੀਕਲ ਕੌਂਸਲ ਵੱਲੋਂ ਕੀਤੀ ਗਈ ਇਸ ਘੋਸ਼ਣਾ ਦਾ ਸਵਾਗਤ ਕੀਤਾ ਹੈ, ਜਿਸ ਤਹਿਤ ਚਿਲੀ, ਲਕਸਮਬਰਗ ਅਤੇ ਕ੍ਰੋਏਸ਼ੀਆ ਦੇ ਡਾਕਟਰਾਂ ਨੂੰ ਤੁਲਨਾਤਮਕ ਸਿਹਤ ਪ੍ਰਣਾਲੀ ਮਾਰਗ (Comparable Health System pathway) ਵਿੱਚ ਸ਼ਾਮਿਲ ਕੀਤਾ ਜਾਵੇਗਾ। ਇਸ ਨਾਲ ਰਜਿਸਟਰੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਜਾਵੇਗਾ ਅਤੇ ਨਿਊਜ਼ੀਲੈਂਡ ਦੇ ਮੁੱਢਲੇ ਸਿਹਤ ਕਰਮਚਾਰੀਆਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ।

ਸ੍ਰੀ ਬ੍ਰਾਊਨ ਨੇ ਕਿਹਾ, "ਇਹ ਇੱਕ ਵਿਹਾਰਕ ਕਦਮ ਹੈ ਜੋ ਸਾਨੂੰ ਦੇਸ਼ ਭਰ ਦੇ ਹਸਪਤਾਲਾਂ ਅਤੇ ਕਲੀਨਿਕਾਂ ਵਿੱਚ ਵਧੇਰੇ ਡਾਕਟਰਾਂ ਨੂੰ ਤੇਜ਼ੀ ਨਾਲ ਪਹੁੰਚਾਉਣ ਵਿੱਚ ਮਦਦ ਕਰੇਗਾ।" ਨਿਊਜ਼ੀਲੈਂਡ ਹੁਨਰਮੰਦ ਮੈਡੀਕਲ ਪੇਸ਼ੇਵਰਾਂ ਨੂੰ ਸਿਖਲਾਈ ਦੇਣ, ਆਕਰਸ਼ਿਤ ਕਰਨ ਅਤੇ ਬਰਕਰਾਰ ਰੱਖਣ ਲਈ ਇੱਕ ਅੰਤਰਰਾਸ਼ਟਰੀ ਮੁਕਾਬਲੇ ਵਿੱਚ ਹੈ। ਚਿਲੀ, ਲਕਸਮਬਰਗ ਅਤੇ ਕ੍ਰੋਏਸ਼ੀਆ ਨੂੰ ਤੁਲਨਾਤਮਕ ਸਿਹਤ ਪ੍ਰਣਾਲੀਆਂ ਦੀ ਸੂਚੀ ਵਿੱਚ ਸ਼ਾਮਲ ਕਰਨ ਨਾਲ ਇਨ੍ਹਾਂ ਦੇਸ਼ਾਂ ਦੇ ਯੋਗ ਡਾਕਟਰਾਂ ਲਈ ਨਿਊਜ਼ੀਲੈਂਡ ਵਿੱਚ ਰਹਿਣਾ ਅਤੇ ਕੰਮ ਕਰਨਾ ਆਸਾਨ ਹੋ ਜਾਵੇਗਾ।"

ਤੁਲਨਾਤਮਕ ਸਿਹਤ ਪ੍ਰਣਾਲੀ ਮਾਰਗ ਕਈ ਦੇਸ਼ਾਂ ਦੇ ਕੌਮਾਂਤਰੀ ਮੈਡੀਕਲ ਗ੍ਰੈਜੂਏਟਾਂ ਨੂੰ ਨਿਊਜ਼ੀਲੈਂਡ ਦੀ ਮੈਡੀਕਲ ਕੌਂਸਲ ਨਾਲ ਆਪਣੀ ਰਜਿਸਟਰੇਸ਼ਨ ਤੇਜ਼ ਕਰਨ ਦੇ ਯੋਗ ਬਣਾਉਂਦਾ ਹੈ, ਬਸ਼ਰਤੇ ਉਨ੍ਹਾਂ ਦੀਆਂ ਯੋਗਤਾਵਾਂ ਅਤੇ ਸਿਖਲਾਈ ਮਾਨਤਾ ਪ੍ਰਾਪਤ ਮਾਪਦੰਡਾਂ ਨੂੰ ਪੂਰਾ ਕਰਦੇ ਹੋਣ। ਇਸ ਤਾਜ਼ਾ ਫੈਸਲੇ ਨਾਲ, ਇਸ ਸੂਚੀ ਵਿੱਚ ਹੁਣ 29 ਦੇਸ਼ ਸ਼ਾਮਲ ਹੋ ਗਏ ਹਨ, ਇਸ ਤੋਂ ਪਹਿਲਾਂ ਇਸ ਸਾਲ ਫਰਵਰੀ ਵਿੱਚ ਜਾਪਾਨ ਅਤੇ ਦੱਖਣੀ ਕੋਰੀਆ ਨੂੰ ਵੀ ਸ਼ਾਮਿਲ ਕੀਤਾ ਗਿਆ ਸੀ।

ਸ੍ਰੀ ਬ੍ਰਾਊਨ ਨੇ ਕਿਹਾ, "ਨਿਊਜ਼ੀਲੈਂਡ ਨੂੰ ਲੰਬੇ ਸਮੇਂ ਤੋਂ ਕੌਮਾਂਤਰੀ ਮੈਡੀਕਲ ਪੇਸ਼ੇਵਰਾਂ ਦੇ ਹੁਨਰਾਂ ਅਤੇ ਮੁਹਾਰਤ ਦਾ ਲਾਭ ਮਿਲਿਆ ਹੈ। ਉਹ ਸਾਡੇ ਘਰੇਲੂ ਸਿਖਲਾਈ ਪ੍ਰਾਪਤ ਕਰਮਚਾਰੀਆਂ ਦਾ ਸਮਰਥਨ ਕਰਨ ਅਤੇ ਇਹ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਕਿ ਮਰੀਜ਼ਾਂ ਨੂੰ ਸਮੇਂ ਸਿਰ, ਗੁਣਵੱਤਾ ਵਾਲੀ ਸਿਹਤ ਸੰਭਾਲ ਮਿਲ ਸਕੇ।" ਇਹ ਸਰਕਾਰ ਦੀਆਂ ਨਿਊਜ਼ੀਲੈਂਡ ਦੇ ਸਿਹਤ ਕਰਮਚਾਰੀਆਂ ਨੂੰ ਵਧਾਉਣ ਲਈ ਹੋਰ ਪਹਿਲਕਦਮੀਆਂ 'ਤੇ ਆਧਾਰਿਤ ਹੈ। ਇਸ ਸਾਲ ਦੇ ਸ਼ੁਰੂ ਵਿੱਚ ਮੈਂ ਨਿਊਜ਼ੀਲੈਂਡ ਦੇ ਪ੍ਰਾਇਮਰੀ ਕੇਅਰ ਕਰਮਚਾਰੀਆਂ ਵਿੱਚ 100 ਵਾਧੂ ਵਿਦੇਸ਼ੀ-ਸਿਖਲਾਈ ਪ੍ਰਾਪਤ ਡਾਕਟਰਾਂ ਦਾ ਸਮਰਥਨ ਕਰਨ ਲਈ ਇੱਕ ਦੋ-ਸਾਲਾ ਸਿਖਲਾਈ ਪ੍ਰੋਗਰਾਮ ਦਾ ਐਲਾਨ ਕੀਤਾ ਸੀ। ਇਸ ਪ੍ਰੋਗਰਾਮ ਲਈ 180 ਤੋਂ ਵੱਧ ਦਿਲਚਸਪੀ ਦੇ ਪ੍ਰਗਟਾਵੇ ਪ੍ਰਾਪਤ ਹੋਏ, ਜੋ ਉਪਲਬਧ ਸਥਾਨਾਂ ਦੀ ਸੰਖਿਆ ਤੋਂ ਵੱਧ ਹਨ। ਇਹ ਮਜ਼ਬੂਤ ਪ੍ਰਤੀਕਿਰਿਆ ਦਰਸਾਉਂਦੀ ਹੈ ਕਿ ਨਿਊਜ਼ੀਲੈਂਡ ਵਿੱਚ ਅਣਵਰਤੀ ਸੰਭਾਵਨਾ ਹੈ। ਵਿਦੇਸ਼ੀ ਸਿਖਲਾਈ ਪ੍ਰਾਪਤ ਡਾਕਟਰ ਉੱਥੇ ਕੰਮ ਕਰਨ ਲਈ ਉਤਸੁਕ ਹਨ ਜਿੱਥੇ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਹੈ, ਅਤੇ ਇਹ ਸਰਕਾਰ ਉਨ੍ਹਾਂ ਲਈ ਅਜਿਹਾ ਕਰਨ ਦਾ ਰਾਹ ਖੋਲ੍ਹ ਰਹੀ ਹੈ। ਆਪਣੇ ਰਿਕਾਰਡ 16.68 ਬਿਲੀਅਨ ਡਾਲਰ ਦੇ ਨਿਵੇਸ਼ ਰਾਹੀਂ ਤਿੰਨ ਬਜਟਾਂ ਵਿੱਚ, ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਸਾਡੀ ਸਿਹਤ ਪ੍ਰਣਾਲੀ ਨੂੰ ਇਸ 'ਤੇ ਪੈ ਰਹੇ ਵਧਦੇ ਦਬਾਅ ਨੂੰ ਪੂਰਾ ਕਰਨ ਲਈ ਸਹੀ ਢੰਗ ਨਾਲ ਸਰੋਤ ਦਿੱਤੇ ਜਾਣ। ਉਹ ਫੰਡਿੰਗ ਪਹਿਲਾਂ ਹੀ ਨਤੀਜੇ ਦੇ ਰਹੀ ਹੈ, ਜਿਸ ਵਿੱਚ ਸਮਰੱਥਾ ਵਧਾਉਣ ਲਈ ਜਨਰਲ ਪ੍ਰੈਕਟਿਸ ਲਈ ਰਿਕਾਰਡ ਫੰਡਿੰਗ, ਦੇਸ਼ ਭਰ ਵਿੱਚ ਅਪਗ੍ਰੇਡ ਕੀਤੀਆਂ ਜ਼ਰੂਰੀ ਦੇਖਭਾਲ ਸੇਵਾਵਾਂ, ਅਤੇ ਇੱਕ ਨਵੀਂ 24/7 ਡਿਜੀਟਲ ਸਿਹਤ ਸੇਵਾ ਸ਼ਾਮਲ ਹੈ। ਇਸ ਤਰ੍ਹਾਂ ਅਸੀਂ ਮਰੀਜ਼ਾਂ ਨੂੰ ਪਹਿਲ ਦੇ ਰਹੇ ਹਾਂ।




ਮੈਡੀਕਲ ਕੌਂਸਲ ਦੀ ਘੋਸ਼ਣਾ ਉਸ ਕੰਮ ਦੇ ਸਮੂਹ ਨੂੰ ਜੋੜਦੀ ਹੈ ਜੋ ਸਰਕਾਰ ਮਰੀਜ਼ਾਂ ਦੀਆਂ ਲੋੜਾਂ ਦੇ ਆਲੇ-ਦੁਆਲੇ ਸਾਡੀ ਸਿਹਤ ਪ੍ਰਣਾਲੀ ਨੂੰ ਦੁਬਾਰਾ ਬਣਾਉਣ ਲਈ ਕਰ ਰਹੀ ਹੈ, ਤਾਂ ਜੋ ਸਾਰੇ ਨਿਊਜ਼ੀਲੈਂਡ ਵਾਸੀਆਂ ਨੂੰ ਸਮੇਂ ਸਿਰ, ਗੁਣਵੱਤਾ ਵਾਲੀ ਸਿਹਤ ਸੰਭਾਲ ਪ੍ਰਾਪਤ ਹੋ ਸਕੇ।"

ਕੀ ਭਾਰਤੀ ਡਾਕਟਰ ਨਿਊਜ਼ੀਲੈਂਡ ਵਿੱਚ ਸਵੀਕਾਰਯੋਗ ਹਨ?

ਭਾਰਤ ਵਰਤਮਾਨ ਵਿੱਚ ਨਿਊਜ਼ੀਲੈਂਡ ਦੀ ਮੈਡੀਕਲ ਕੌਂਸਲ ਦੀ ਤੁਲਨਾਤਮਕ ਸਿਹਤ ਪ੍ਰਣਾਲੀ (Comparable Health System pathway) ਸੂਚੀ ਵਿੱਚ ਸ਼ਾਮਿਲ ਨਹੀਂ ਹੈ। ਇਸਦੇ ਬਾਵਜੂਦ, ਭਾਰਤੀ ਡਾਕਟਰ ਇਸ ਦੇਸ਼ ਵਿੱਚ ਸਮੇਂ ਸਿਰ, ਗੁਣਵੱਤਾ ਭਰਪੂਰ ਸਿਹਤ ਸੰਭਾਲ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਨਿਊਜ਼ੀਲੈਂਡ ਵਿੱਚ ਪ੍ਰੈਕਟਿਸ ਕਰਨ ਦੇ ਚਾਹਵਾਨ ਸਾਰੇ ਡਾਕਟਰਾਂ ਨੂੰ 'ਨਿਊਜ਼ੀਲੈਂਡ ਦੀ ਮੈਡੀਕਲ ਕੌਂਸਲ' (MCNZ) ਦੁਆਰਾ ਨਿਰਧਾਰਤ ਖਾਸ ਮਾਪਦੰਡਾਂ ਨੂੰ ਪੂਰਾ ਕਰਨਾ ਅਤੇ ਰਜਿਸਟਰੇਸ਼ਨ ਪ੍ਰਕਿਰਿਆ ਦੀ ਪਾਲਣਾ ਕਰਨੀ ਪੈਂਦੀ ਹੈ ਅਤੇ ਨਿਊਜ਼ੀਲੈਂਡ ਰਜਿਸਟਰੇਸ਼ਨ ਪ੍ਰੀਖਿਆ (NZREX Cilincal) ਪਾਸ ਕਰਨੀ ਚਾਹੀਦੀ ਹੈ। ਇਹ ਆਮ ਤੌਰ 'ਤੇ ਇਸ ਤਰ੍ਹਾਂ ਕੰਮ ਕਰਦਾ ਹੈ:

ਤੁਲਨਾਤਮਕ ਸਿਹਤ ਪ੍ਰਣਾਲੀ ਮਾਰਗ (Comparable Health System Pathway): ਹਾਲਾਂਕਿ ਹਾਲ ਹੀ ਦੀ ਘੋਸ਼ਣਾ ਵਿੱਚ ਭਾਰਤ ਨੂੰ 'ਤੁਲਨਾਤਮਕ ਸਿਹਤ ਪ੍ਰਣਾਲੀ ਮਾਰਗ' ਵਿੱਚ ਸ਼ਾਮਲ ਨਹੀਂ ਕੀਤਾ ਗਿਆ, ਇਹ ਅੰਤਰਰਾਸ਼ਟਰੀ ਮੈਡੀਕਲ ਗ੍ਰੈਜੂਏਟਾਂ (IMGs) ਲਈ ਇਕੋ-ਇੱਕ ਰਸਤਾ ਨਹੀਂ ਹੈ।

ਤੁਲਨਾਤਮਕ ਸਿਹਤ ਪ੍ਰਣਾਲੀ ਮਾਰਗ ਖਾਸ, ਬਹੁਤ ਹੀ ਸਮਾਨ ਸਿਹਤ ਪ੍ਰਣਾਲੀਆਂ ਵਾਲੇ ਦੇਸ਼ਾਂ ਦੇ ਡਾਕਟਰਾਂ ਲਈ ਇੱਕ ਤੇਜ਼-ਟਰੈਕ ਹੈ।

ਅੰਤਰਰਾਸ਼ਟਰੀ ਮੈਡੀਕਲ ਗ੍ਰੈਜੂਏਟਾਂ (IMGs) ਲਈ ਜਨਰਲ ਰਜਿਸਟਰੇਸ਼ਨ: ਭਾਰਤੀ ਡਾਕਟਰ, ਜਿਵੇਂ ਕਿ ਤੁਲਨਾਤਮਕ ਸਿਹਤ ਪ੍ਰਣਾਲੀ ਸੂਚੀ ਵਿੱਚ ਨਾ ਹੋਣ ਵਾਲੇ ਹੋਰ (ਿਘਸ) ਨਿਊਜ਼ੀਲੈਂਡ ਵਿੱਚ ਰਜਿਸਟਰੇਸ਼ਨ ਲਈ ਅਰਜ਼ੀ ਦੇ ਸਕਦੇ ਹਨ। ਇਸ ਵਿੱਚ ਆਮ ਤੌਰ 'ਤੇ ਸ਼ਾਮਲ ਹੁੰਦਾ ਹੈ:

EPIC ਤਸਦੀਕ (EPIC Veirifcaiton): ਐਜੂਕੇਸ਼ਨਲ ਕਮਿਸ਼ਨ ਫਾਰ ਫੌਰੀਨ ਮੈਡੀਕਲ ਗ੍ਰੈਜੂਏਟਸ (ECFMG) ਇਲੈਕਟਰਾਨਿਕ ਪੋਰਟਫੋਲੀ ਆਫ ਇੰਟਰਨੈਸ਼ਨਲ ਕ੍ਰੈਡੈਂਸ਼ੀਅਲਸ (ECFMG) ਸੇਵਾ ਰਾਹੀਂ ਉਨ੍ਹਾਂ ਦੀ ਪ੍ਰਾਇਮਰੀ ਮੈਡੀਕਲ ਯੋਗਤਾ ਦੀ ਤਸਦੀਕ ਕਰਨਾ।

ਮੈਡੀਕਲ ਰਜਿਸਟਰੇਸ਼ਨ ਪ੍ਰੀਖਿਆਵਾਂ: ਉਨ੍ਹਾਂ ਦੀਆਂ ਯੋਗਤਾਵਾਂ ਅਤੇ ਤਜਰਬੇ ਦੇ ਆਧਾਰ 'ਤੇ, ਉਨ੍ਹਾਂ ਨੂੰ ਨਿਊਜ਼ੀਲੈਂਡ ਰਜਿਸਟਰੇਸ਼ਨ ਪ੍ਰੀਖਿਆ (NZREX Cilincal) ਵਰਗੀਆਂ ਪ੍ਰੀਖਿਆਵਾਂ ਪਾਸ ਕਰਨ ਦੀ ਲੋੜ ਹੋ ਸਕਦੀ ਹੈ ਜਾਂ ਬਰਾਬਰ ਦੀ ਯੋਗਤਾ ਦਾ ਪ੍ਰਦਰਸ਼ਨ ਕਰਨਾ ਪੈ ਸਕਦਾ ਹੈ।

ਪੋਸਟ ਗ੍ਰੈਜੂਏਟ ਯੋਗਤਾਵਾਂ: ਭਾਰਤ ਤੋਂ ਕੁਝ ਪੋਸਟ ਗ੍ਰੈਜੂਏਟ ਯੋਗਤਾਵਾਂ ਨੂੰ ਮਾਨਤਾ ਦਿੱਤੀ ਜਾ ਸਕਦੀ ਹੈ, ਪਰ ਇਸਦਾ ਮੁਲਾਂਕਣ ਕੇਸ-ਦਰ-ਕੇਸ ਆਧਾਰ 'ਤੇ ਕੀਤਾ ਜਾਂਦਾ ਹੈ।


ਅੰਗਰੇਜ਼ੀ ਭਾਸ਼ਾ ਦੀ ਮੁਹਾਰਤ: IELTS ਜਾਂ OET (Healthcare) ਵਰਗੇ ਟੈਸਟਾਂ ਰਾਹੀਂ ਅੰਗਰੇਜ਼ੀ ਵਿੱਚ ਮੁਹਾਰਤ ਦਾ ਪ੍ਰਦਰਸ਼ਨ ਕਰਨਾ।

ਨਿਗਰਾਨੀ ਅਧੀਨ ਅਭਿਆਸ (Superivsed Pracitce): ਅਕਸਰ, IMGs ਨੂੰ ਪੂਰੀ ਰਜਿਸਟਰੇਸ਼ਨ ਪ੍ਰਾਪਤ ਕਰਨ ਤੋਂ ਪਹਿਲਾਂ ਨਿਊਜ਼ੀਲੈਂਡ ਵਿੱਚ ਨਿਗਰਾਨੀ ਅਧੀਨ ਅਭਿਆਸ ਦੀ ਮਿਆਦ ਪੂਰੀ ਕਰਨ ਦੀ ਲੋੜ ਹੁੰਦੀ ਹੈ।

ਖਾਸ ਪਹਿਲਕਦਮੀਆਂ: ਜਿਵੇਂ ਕਿ ਖ਼ਬਰਾਂ ਵਿੱਚ ਦੱਸਿਆ ਗਿਆ ਹੈ, ਨਿਊਜ਼ੀਲੈਂਡ ਸਰਕਾਰ ਨੇ ਵਿਦੇਸ਼ੀ-ਸਿਖਲਾਈ ਪ੍ਰਾਪਤ ਡਾਕਟਰਾਂ ਨੂੰ ਨਿਊਜ਼ੀਲੈਂਡ ਦੇ ਸਿਹਤ ਕਰਮਚਾਰੀਆਂ ਵਿੱਚ ਸ਼ਾਮਲ ਕਰਨ ਲਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ, ਜਿਸ ਵਿੱਚ ਪ੍ਰਾਇਮਰੀ ਕੇਅਰ ਲਈ ਦੋ-ਸਾਲਾ ਸਿਖਲਾਈ ਪ੍ਰੋਗਰਾਮ ਸ਼ਾਮਲ ਹੈ। ਜੇਕਰ ਭਾਰਤੀ ਡਾਕਟਰ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦੇ ਹਨ ਤਾਂ ਉਹ ਅਜਿਹੇ ਪ੍ਰੋਗਰਾਮਾਂ ਲਈ ਯਕੀਨੀ ਤੌਰ 'ਤੇ ਅਰਜ਼ੀ ਦੇ ਸਕਦੇ ਹਨ।

ਸੰਖੇਪ ਵਿੱਚ, ਹਾਲਾਂਕਿ ਵਰਤਮਾਨ ਵਿੱਚ ਤੁਲਨਾਤਮਕ ਸਿਹਤ ਪ੍ਰਣਾਲੀ ਮਾਰਗ ਰਾਹੀਂ ਭਾਰਤੀ ਡਾਕਟਰਾਂ ਲਈ ਕੋਈ ਤੇਜ਼-ਟਰੈਕ ਨਹੀਂ ਹੈ, ਉਹ ਨਿਊਜ਼ੀਲੈਂਡ ਵਿੱਚ ਮੈਡੀਕਲ ਰਜਿਸਟਰੇਸ਼ਨ ਲਈ ਯਕੀਨੀ ਤੌਰ 'ਤੇ ਯੋਗ ਹਨ ਅਤੇ ਅਰਜ਼ੀ ਦੇਣ ਲਈ ਉਤਸ਼ਾਹਿਤ ਹਨ, ਬਸ਼ਰਤੇ ਉਹ ਛਾਂਢ ਦੀਆਂ ਵਿਆਪਕ ਜ਼ਰੂਰਤਾਂ ਨੂੰ ਪੂਰਾ ਕਰਦੇ ਹੋਣ। ਬਹੁਤ ਸਾਰੇ ਭਾਰਤੀ ਡਾਕਟਰ ਪਹਿਲਾਂ ਹੀ ਨਿਊਜ਼ੀਲੈਂਡ ਦੀ ਸਿਹਤ ਪ੍ਰਣਾਲੀ ਵਿੱਚ ਸਫਲਤਾਪੂਰਵਕ ਕੰਮ ਕਰਨ।

# ਪੁੱਤਰ ਤਾਂ ਪਰਦੇਸ ਗਏ ਨੇ



ਪੁਤਰ ਤਾਂ ਪਰਦੇਸ ਗਏ ਨੇ ।
ਨੂੰਹਾਂ ਪੋਤਰੀਆਂ ਤੇ ਪੋਤੇ,
ਦੂਰ ਦੇਸ ਵਿਚ ਵੱਸਦੇ ਰਸਦੇ ।

ਬਾਪੂ ਜੀ ਦੀ ਉਮਰ ਸਿਆਣੀ ।
ਉਮਰ ਦੇ ਅੱਠਵੇਂ ਡੰਡੇ ਤੱਕ ਵੀ,
ਉਲਝੀ ਪਈ ਹੈ,
ਸੁਲਝੀ ਨਹੀਂ ਫ਼ਿਕਰਾਂ ਦੀ ਤਾਣੀ ।

ਘਰ ਵਿਚ ਮਾਂ ਹੈ,
ਬੈਠੀ ਰਹਿੰਦੀ ਕੱਲ ਮੁਕੱਲੀ ।
ਰੋਜ਼ ਸਵੇਰੇ ਉੱਠ ਬਹਿੰਦੀ ਹੈ,
ਯਾਦਾਂ ਦੇ ਚਰਖੇ ਤੇ ਰੂੰ ਨੂੰ ਕੱਤੀ ਜਾਵੇ ।
ਮਗਰੋਂ ਜਦੋਂ ਉਤਾਰੇ ਛੱਲੀ ।
ਸ਼ਾਮੀਂ ਫ਼ੇਰ ਅਟੇਰਨ ਲੈ ਕੇ ਬਹਿ ਜਾਂਦੀ ਹੈ ।
ਮਨ ਵਿਚ ਸੌ ਸੌ ਸੋਚਾਂ ਫ਼ਿਕਰਾਂ ਦੇ ਪਰਛਾਵੇਂ ।
ਛੱਲੀਆਂ ਟੇਰਨ ਟੇਰ ਟੇਰ ਕੇ,
ਲੱਛੇ ਕਿੱਲੀ ਟੰਗੀ ਜਾਵੇ ।
ਪੁੱਤਾਂ ਪੋਤਰਿਆਂ ਦੀਆਂ ਖੈਰਾਂ ਮੰਗੀ ਜਾਵੇ ।
ਸੱਦ ਜੁਲਾਹਾ ਸੂਤਰ ਦੇ ਕੇ,
ਕਈ ਆਖੇ ਵੇ ਤੂੰ ਬੁਣ ਦੇ ਖੇਸ ।
ਲੈ ਜਾਵਣਗੇ ਪੁੱਤਰ ਮੇਰੇ ਜਦ ਆਵਣਗੇ,
ਚਹੁੰ ਗਿੱਠਾਂ ਤੇ ਆਹ ਪਰਦੇਸ ।

ਸੁਰਤ ਸਮੁੰਦਰੋਂ ਪਾਰ ਗਈ ਸੀ,
ਜਦੋਂ ਅਚਾਨਕ ਟੈਲੀਫ਼ੋਨ ਦੀ ਘੰਟੀ ਵੱਜੀ ।
ਮਾਂ ਦੇ ਦਿਲ ਦੀ ਧੜਕਣ ਧਕ ਧਕ,
ਯਾ ਰੱਬ ਸੱਚਿਆ,
ਰਾਜ਼ੀ ਹੋਵੇ ਬਾਗ਼ ਕਬੀਲਾ ।
ਤੜਕਸਾਰ ਤੋਂ ਮੇਰੀ ਅੱਖ ਫ਼ਰਕਦੀ ਸੱਜੀ ।
ਹੌਲੀ ਹੌਲੀ ਉੱਠਦੀ ਹੈ ਗੋਡੇ ਹੱਥ ਧਰਕੇ,
ਟੈਲੀਫੋਨ ਫ਼ੜਦਿਆਂ ਪਹਿਲਾ ਫ਼ਿਕਰਾ ਬੋਲੇ ।

ਏਥੋਂ ਦੀ ਸੁਖ ਸਾਂਦ ਸੁਣਾ ਵੇ ਮੇਰੇ ਜਾਇਆ ।
ਰਾਤੀਂ ਚੰਦਰਾ ਸੁਪਨਾ ਆਇਆ ।
ਮੇਰੀ ਤਾਂ ਵੀ ਉਸ ਤੋਂ ਮਗਰੋਂ ਅੱਖ ਨਹੀਂ ਲੱਗੀ ।

ਅੱਜ ਕੱਲ੍ਹ ਮੈਂ ਤਾਂ,
ਰੋਜ਼ ਸਵੇਰੇ ਉੱਠ ਕੇ ਆਟਾ ਗੁੰਨ ਲੈਂਦੀ ਹਾਂ ।
ਦੋ ਤਿੰਨ ਫੁਲਕੇ ਕੌਲੀ ਸਬਜ਼ੀ, ਮੁੱਕਦੇ ਹੀ ਨਹੀਂ ।
ਅੱਧੀ ਮੈਂ ਤੇ ਅੱਧੀ ਤੇਰਾ ਬਾਪੂ ਰੋਟੀ ਖਾ ਲੈਂਦਾ ਹੈ ।
ਸੁੱਕ-ਬਰੂਰਾ ਕਰਕੇ ਆਟਾ,
ਕੰਗਣੀ ਜਾਂ ਪੁੱਤਰਾ ਤਿਲ ਚੌਲੀ,
ਕੋਠੇ ਤੇ ਜਾਂ ਚੌਕ ਚੁਰਾਹੇ,
ਕਾਵਾਂ ਚਿੜੀਆਂ ਖਾਤਰ ਜਾ ਕੇ ਪਾ ਆਉਂਦੀ ਹਾਂ ।
ਮੈਂ ਤਾਂ ਆਪਣਾ ਏਦਾਂ ਮਨ ਪਰਚਾਅ ਆਉਂਦੀ ਹਾਂ ।

ਬੂਹੇ ਤੇ ਜਦ ਕਈ ਕਈ ਦਿਨ ਦਸਤਕ ਨਹੀਂ ਹੁੰਦੀ,
ਮਨ ਭਰ ਜਾਂਦੈ ।
ਐਡਾ ਵਿਹੜਾ ਸੱਖਮ ਸੱਖਣਾ ਵੇਖ ਵੇਖ ਕੇ,
ਜੀਅ ਡਰ ਜਾਂਦੈ ।

ਤੇਰੇ ਬਾਪੂ ਜੀ ਤਾਂ ਫਿਰ ਵੀ,
ਮੰਡੀ ਵਿਚ ਜਾਂ ਸ਼ਹਿਰ 'ਚ ਗੇੜਾ ਲਾ ਆਉਂਦੇ ਨੇ ।
ਪਰ ਵੇ ਪੁੱਤਰਾ ਜੀਅ ਘਬਰਾਉਂਦੈ ।
ਟੁੱਟੀਆਂ ਸੜਕਾਂ ਟੋਏ ਟਿੱਬੇ,
ਉੱਚੇ ਨੀਵੇਂ ਥਾਂ ਤੇ ਕਿਧਰੇ ਪੈਰ ਪੈ ਗਿਆ ।
ਹੱਡ ਪੈਰ ਇਸ ਉਮਰੇ ਜੁੜਨਾ ਡਾਢਾ ਔਖਾ ।
ਮਨਮੱਤੀਏ ਨੇ ਮੈਂ ਕੀਹ ਆਖਾਂ,
ਕਈ ਵਾਰੀ ਤਾਂ ਬਿਨਾਂ ਐਨਕੋਂ ਤੁਰ ਜਾਂਦੇ ਨੇ,

ਤੇਰੇ ਲਾਗੋਂ ਆਇਆ ਜੋ ਸਰਹੰਦੀਆ ਮੁੰਡਾ,
ਸੁਣਿਆ ਪਰਸੋਂ ਮੁੜ ਜਾਣਾ ਹੈ ।
ਉਹਦੇ ਹੱਥ ਸੇਵੀਆਂ ਘੱਲੂੰ,
ਪੋਟਿਆਂ ਵਾਲੀਆਂ ਰੰਗ-ਬਰੰਗੀਆਂ ।

ਮੇਰੇ ਪੋਤਰਿਆਂ ਨੂੰ ਲੱਗਣ ਬੜੀਆਂ ਚੰਗੀਆਂ ।
ਪੋਤਰੀਆਂ ਲਈ ਸ਼ਹਿਰ ਗੋਰਾਇ ;,
ਬਿਰਜੂ ਦੀ ਬਰਫ਼ੀ ਦਾ ਡੱਬਾ,
ਕੋਲ ਬੈਠ ਕੇ ਮੈਂ ਬਣਵਾਏ ਦੇਸੀ ਬਿਸਕੁਟ ।
ਸਭ ਕੁਝ ਡੱਬੇ ਅੰਦਰ ਪੁੱਤਰ ਰੱਖ ਦਿੱਤਾ ਏ ।

ਕੁਝ ਚਿਰ ਪੁੱਤ ਦੀਆਂ ਗੱਲਾਂ ਸੁਣਦੀ,
ਫ਼ੇਰ ਆਖਦੀ ।
ਸ਼ਹਿਰ 'ਚ ਰਹਿੰਦੀ ਭੈਣ ਤੁਹਾਡੀ ਗੁੱਡੀ ਵੀ ਨਿਰਮੋਹੀ ਹੋਈ ।
ਉਹ ਤਾਂ ਆਪਣੇ ਘਰ ਵਿੱਚ ਰੁੱਝੀ,
ਏਧਰ ਫੇਰਾ ਮਾਰੇ ਹੁਣ ਤਾਂ ਕਦੇ ਕਦਾਈਂ ।
ਪਰ ਜਦ ਵੀ ਉਹ ਆ ਜਾਂਦੀ ਹੈ,
ਦੋਂ ਮੇਰੇ ਗੋਡੇ ਮੋਢੇ ਕੁਝ ਨਹੀਂ ਦੁਖਦੇ,
ਸਭ ਕੰਮ ਹੱਥੀਂ ਕਰ ਲੈਂਦੀ ਆਂ ਚਾਈਂ ਚਾਈਂ ।

ਟੈਲੀਫ਼ੋਨ ਅਚਾਨਕ ਰੁਕਿਆ ਤੇ ਫਿਰ ਚੱਲਿਆ ।
ਹੈਲੋ ਹੈਲੋ,
ਕੀ ਕਹਿੰਦਾ ਏਂ,
ਏਸ ਸਿਆਲ ਨਹੀਂ ਤੈਥੋਂ ਪੁੱਤਰਾ ਆਇਆ ਜਾਣਾ ।
ਚੱਲ ਉਹ ਜਾਣੇ, ਤੂੰ ਤਾਂ ਮੰਨਿਆ ਕੰਮ ਵਿਚ ਬਹੁਤਾ ਖੁਭਿਆ ਹੋਇਆ,
ਘੱਲ ਦੇ ਮੇਰੀ ਨੂੰਹ ਰਾਣੀ ਤੇ ਬਾਲ ਨਿਆਣੇ ।

ਕਾਕੇ ਨੂੰ ਵੀ ਆਖੀਂ ਏਧਰ ਗੇੜਾ ਮਾਰੇ ।
ਇਹ ਤਾਂ ਮੇਰਾ ਪੁੱਤ ਬਨਵਾਸੀ ।
ਢਿੱਲੇ ਗੁੜ ਦੇ ਵਾਂਗੂੰ ਇਹ ਕਿਸਮਤ ਦਾ ਢਿੱਲਾ,
ਛੋਟਾ ਹੈ ਵੇਖੀਂ ਵੇ ਇਹਦੀ ਬਾਂਹ ਨਾ ਛੱਡੀਂ ।

ਟੈਲੀਫ਼ੋਨ ਸੁਣਦਿਆਂ ਮਾਂ ਦੀ ਬਾਂਹ ਥੱਕੀ ਹੈ ।
ਦੂਜੇ ਕੰਨ ਨੂੰ ਚੋਂਗਾ ਲਾ ਕੇ ਫਿਰ ਪੁੱਛਦੀ ਹੈ,
ਹਾਂ ਵੇ ਪੁੱਤਰਾ ਕੀ ਕਹਿੰਦਾ ਏਂ ?
ਬੱਚਿਆਂ ਦਾ ਵੀ ਆਉਣ ਨਹੀਂ ਹੈ ?

ਕਾਲਜ ਅਤੇ ਸਕੂਲ ਉਨ੍ਹਾਂ ਦੇ ਬੰਦ ਨਹੀਂ ਹੋਣੇ ?
ਚੱਲ ਕੋਈ ਨਾ ।

ਕੀ ਕਹਿੰਦਾ ਏਂ ਟਿਕਟ ਭੇਜਦਾਂ,
ਨਾ ਨਾ ਵੇ ਪੁੱਤ ਸਾਡੀ ਟਿਕਟ ਨਾ ਭੇਜੀਂ ਹਾਲੇ ।
ਤੇਰੇ ਦੇਸ਼ ਸਿਆਲ 'ਚ ਮੇਰੇ ਹੱਡ ਜੁੜ ਜਾਂਦੇ ।
ਅੰਦਰ ਵੜ ਕੇ ਮਨ ਅੱਕ ਜਾਂਦਾ,
ਬਾਹਰ ਨਿਕਲੋ ਬਰਫ਼ਾਂ ਦੇ ਅੰਬਾਰ ਡਰਾਉਂਦੇ ।

ਤੇਰੇ ਬਾਪੂ ਜੀ ਦਾ ਅੱਜ ਕੱਲ੍ਹ ਜੀਅ ਨਹੀਂ ਲੱਗਦਾ ।
ਨਿੱਤ ਕਹਿੰਦੇ ਨੇ,
ਕਿਹੜੀ ਘੜੀ ਕੁਲੱਛਣੀ ਪੁੱਤ ਪਰਦੇਸੀਂ ਤੋਰੇ ।
ਗੋਰੀ ਧਰਤੀ ਉੱਤੇ ਜਾ ਕੇ, ਹੋ ਗਏ ਉਹ ਤਾਂ ਅਸਲੋਂ ਕੋਰੇ ।
ਕਦੇ ਕਦਾਈਂ ਆਉਂਦੇ ਨੇ ਮਹਿਮਾਨਾਂ ਵਾਂਗੂੰ ।
ਇਹ ਘਰ ਖੇਤ ਤੇ ਦੇਸ ਪਿਆਰਾ,
ਸਾਨੂੰ ਤਾਂ ਇਹ ਖਾਣ ਨੂੰ ਆਵੇ,
ਲੱਗਦੈ ਸਭ ਸ਼ਮਸ਼ਾਨਾਂ ਵਾਂਗੂੰ ।

ਚੱਲ ਕੋਈ ਨਾ ਐਵੇਂ ਮੇਰਾ ਮਨ ਭਰ ਆਇਆ,
ਆਪਣੇ ਘਰ ਵਿਚ ਵੱਸਦੇ ਰਸਦੇ ਖੁਸ਼ੀਆਂ ਮਾਣੋ ।
ਪਰ ਵੇ ਪੁੱਤਰਾ ਜਿਸ ਧਰਤੀ ਤੇ ਜਨਮ ਲਿਆ ਹੈ,
ਰੋਜ਼ ਉਡੀਕੇ,
ਇਹਨੂੰ ਵੀ ਤਾਂ ਆਪਣੀ ਜਾਣੋ ।

**– ਗੁਰਭਜਨ ਗਿੱਲ**

# ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦੇ ਸਲਾਨਾ ਇਜਲਾਸ 'ਚ ਸ. ਅਵਤਾਰ ਸਿੰਘ ਤਾਰੀ ਪ੍ਰਧਾਨ ਨਿਯੁਕਤ



**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** 'ਨਿਊਜ਼ੀਲੈਂਡ ਕਬੱਡੀ ਫੈਡਰਸ਼ੇਨ ਇਨਕਾਰਪੋਰੇਟਿਡ' ਦੀ ਸਥਾਪਨਾ 2018 ਦੇ ਵਿਚ ਕੀਤੀ ਗਈ ਸੀ। ਇਸਦਾ ਮੁੱਖ ਉਦੇਸ਼ ਇਥੇ ਦੇ ਖੇਡ ਕਲੱਬਾਂ ਦੇ ਕਬੱਡੀ ਟੂਰਨਾਮੈਂਟ ਦੌਰਾਨ ਨਿਯਮਾਂ ਦੀ ਪਾਲਣਾ ਬਣਾਈ ਰੱਖਣਾ ਹੈ। ਅੱਜ ਇਸ ਫੈਡਰੇਸ਼ਨ ਦਾ ਸਲਾਨਾ ਇਜਲਾਸ ਹੋਇਆ, ਜਿਸ ਦੇ ਵਿਚ ਸਾਰੇ ਸਹਿਯੋਗੀ ਖੇਡ ਕਲੱਬਾਂ ਦੇ ਪ੍ਰਤੀਨਿਧਾਂ ਨੇ ਸ਼ਿਰਕਤ ਕੀਤੀ।

ਮੌਜੂਦਾ ਕਮੇਟੀ ਵੱਲੋਂ ਪਿਛਲੇ ਸਾਲ ਦਾ ਲੇਖਾ-ਜੋਖਾ ਪੇਸ਼ ਕੀਤਾ ਗਿਆ, ਜਿਸ ਉਤੇ ਸਹਿਮਤੀ ਪ੍ਰਗਟ ਕੀਤੀ ਗਈ। ਇਸ ਉਪਰੰਤ ਪੁਰਾਣੀ ਕਮੇਟੀ ਨੂੰ ਭੰਗ ਕਰਕੇ ਨਵੀਂ ਕਮੇਟੀ ਦੀ ਚੋਣ ਸਰਬ ਸੰਮਤੀ ਦੇ ਨਾਲ ਕਰ ਲਈ ਗਈ। ਜਿਸ ਦੇ ਵਿਚ ਸ. ਅਵਤਾਰ ਸਿੰਘ ਤਾਰੀ ਟੌਰੰਗਾ ਵਾਲਿਆਂ ਨੂੰ ਪ੍ਰਧਾਨ, ਮੀਤ ਪ੍ਰਧਾਨ ਬਿੱਲਾ ਦੁਸਾਂਝ, ਸਕੱਤਰ ਸ. ਤੀਰਥ ਸਿੰਘ ਅਟਵਾਲ, ਸਹਾਇਕ ਸਕੱਤਰ ਸ. ਆਲਮਦੀਪ ਸਿੰਘ ਅਤੇ ਖਜ਼ਾਨਚੀ ਸ. ਮਨਦੀਪ ਸਿੰਘ ਸ਼ੇਰਗਿਲ ਨੂੰ ਚੁਣਿਆ ਗਿਆ। ਫੈਡਰੇਸ਼ਨ ਦੇ ਚੇਅਰਮੈਨ ਦੀ ਜ਼ਿੰਮੇਵਾਰੀ ਸ. ਜਗਦੇਵ ਸਿੰਘ ਜੱਗੀ ਪੰਨੂ ਨੂੰ ਦਿੱਤੀ ਗਈ।

ਕਾਰਜਕਾਰਣੀ ਦੇ ਵਿਚ ਹੈਰੀ ਰਾਣਾ ਤੇ ਜਸਵਿੰਦਰ ਸੰਧੂ (ਦੋਵੇਂ ਸਪੋਰਕਸ ਪਰਸਨ), ਆਲਮਦੀਪ ਸਿੰਘ, ਪ੍ਰਿਤਪਾਲ ਸਿੰਘ ਗਰੇਵਾਲ, ਵਰਿੰਦਰ ਸਿੱਧੂ, ਲਖਵਿੰਦਰ ਸਿੰਘ, ਤਲਵਿੰਦਰ ਸੋਹਲ, ਕੁਲਦੀਪ ਸਿੰਘ, ਗੁਰਨੇਕ ਸਿੰਘ ਤੇ ਜਸਵੀਰ ਸਿੰਘ ਸ਼ਾਮਿਲ ਕੀਤੇ ਗਏ ਹਨ। ਟੂਰਨਾਮੈਂਟ ਦੌਰਾਨ ਤਕਨੀਕੀ ਸਲਾਹਕਾਰ ਲੱਖਾ ਵਡਾਲਾ, ਬਿੱਲਾ ਦੁਸਾਂਝ, ਤਲਵਿੰਦਰ ਸੋਹਲ ਅਤੇ ਆਲਮਦੀਪ ਸਿੰਘ ਰਹਿਣਗੇ।

ਵਧਾਈ: ਸਮੂਹ ਖੇਡ ਕਲੱਬਾਂ ਵੱਲੋਂ ਕੱਬਡੀ ਫੈਡਰੇਸ਼ਨ ਦੇ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਗਈ ਅਤੇ ਆਉਣ ਵਾਲੇ ਖੇਡ ਟੂਰਨਾਮੈਂਟਾਂ ਜੋ ਕਿ 19 ਅਕਤੂਬਰ ਤੋਂ 30 ਨਵੰਬਰ ਤੱਕ ਹੋਣ ਵਾਲੇ ਹਨ, ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਦਾ ਵਾਅਦਾ ਕੀਤਾ ਗਿਆ।

ਪ੍ਰਾਪਤੀਆਂ: ਵਰਨਣਯੋਗ ਹੈ ਕਿ ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦੀ ਰਹਿਨੁਮਾਈ ਹੇਠ ਹਰ ਸਾਲ ਕਬੱਡੀ ਸੀਜਨ ਦੌਰਾਨ 8 ਤੋਂ 10 ਵੱਡੇ ਖੇਡ ਟੂਰਨਾਮੈਂਟ ਕਰਵਾਏ ਜਾਂਦੇ ਹਨ। 8 ਵਾਰ ਫੈਡਰੇਸ਼ਨ ਨਾਲ ਸਬੰਧਿਤ ਟੀਮਾਂ ਆਸਟਰੇਲੀਆ ਵੀ ਜਾ ਚੁੱਕੀਆਂ ਹਨ ਅਤੇ ਅਪ੍ਰੈਲ 2025 ਦੇ ਵਿਚ ਪਰਥ (ਆਸਟਰੇਲੀਆ) ਤੋਂ ਵਿਸ਼ਵ ਕੱਪ ਵੀ ਜਿੱਤ ਕੇ ਲਿਆਂਦਾ ਗਿਆ ਸੀ।

## ਹਾਦਸੇ 'ਚ ਪਤਨੀ ਤੇ ਪੁੱਤਰ ਗਵਾਉਣ ਵਾਲੇ ਸਿਮਰਨਜੀਤ ਸਿੰਘ ਨੂੰ 18 ਮਹੀਨੇ ਦੀ ਨਿਗਰਾਨੀ ਅਤੇ ਡਰਾਈਵਿੰਗ ਪਾਬੰਦੀ ਦੀ ਸਜ਼ਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਪਿਛਲੇ ਸਾਲ 29 ਦਸੰਬਰ 2024 ਵਿੱਚ ਮੰਗਾਵੇਕਾ ਵਿਖੇ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਆਪਣੀ ਪਤਨੀ ਅਤੇ ਛੋਟੇ ਪੁੱਤਰ ਨੂੰ ਗੁਆਉਣ ਵਾਲੇ ਸਿਮਰਨਜੀਤ ਸਿੰਘ ਨੂੰ ਕੱਲ੍ਹ ਔਕਲੈਂਡ ਜ਼ਿਲ੍ਹਾ ਅਦਾਲਤ ਵਿੱਚ ਸਜ਼ਾ ਸੁਣਾਈ ਗਈ। ਜੱਜ ਡੈਬਰਾ ਬੈਲ ਨੇ ਸਿੰਘ ਨੂੰ 18 ਮਹੀਨੇ ਦੀ ਨਿਗਰਾਨੀ, 12 ਮਹੀਨੇ ਦੀ ਡਰਾਈਵਿੰਗ ਤੋਂ ਅਯੋਗਤਾ ਅਤੇ ਵੈਨ ਦੇ ਡਰਾਈਵਰ ਨੂੰ 2500 ਡਾਲਰ ਮੁਆਵਜ਼ੇ ਵਜੋਂ ਦੇਣ ਦਾ ਹੁਕਮ ਦਿੱਤਾ।

ਵੈਲਿੰਗਟਨ ਤੋਂ ਔਕਲੈਂਡ ਜਾਂਦੇ ਸਮੇਂ ਸਿਮਰਨਜੀਤ ਸਿੰਘ ਦੀ ਗੱਡੀ ਸੈਂਟਰ ਲਾਈਨ ਤੋਂ ਪਾਰ ਹੋ ਗਈ ਅਤੇ ਮੰਗਾਵੇਕਾ ਵਿਖੇ ਇੱਕ ਵੈਨ ਨਾਲ ਸਿੱਧੀ ਟਕਰਾ ਗਈ ਸੀ। ਇਸ ਹਾਦਸੇ ਵਿੱਚ ਸਿੰਘ ਦੀ 38 ਸਾਲਾ ਪਤਨੀ ਸੁਮੀਤ ਅਤੇ 2 ਸਾਲਾ ਪੁੱਤਰ ਅਗਮਬੀਰ ਸਿੰਘ ਧੰਜੂ ਦੀ ਮੌਤ ਹੋ ਗਈ ਸੀ। ਉਨ੍ਹਾਂ ਦੀ ਜਿਉਂਦੀ ਬਚੀ ਬੇਟੀ ਬਾਣੀ ਕੌਰ, ਨੂੰ ਗੰਭੀਰ ਅੰਦਰੂਨੀ ਸੱਟਾਂ ਲੱਗੀਆਂ ਅਤੇ ਉਸਨੂੰ ਚਾਰ ਮਹੀਨੇ ਲਈ ਰੀੜ੍ਹ ਦੀ ਹੱਡੀ ਠੀਕ ਕਰਨ ਵਾਲਾ ਉਪਕਰਣ ਪਹਿਨਣਾ ਪਿਆ।




ਅਦਾਲਤ ਵਿੱਚ ਪੇਸ਼ ਕੀਤੀ ਗਈ ਰਿਪੋਰਟ ਵਿੱਚ ਸਿਮਰਨਜੀਤ ਸਿੰਘ ਨੇ ਕਿਹਾ ਕਿ ਉਸਨੂੰ ਹਾਦਸੇ ਸਬੰਧੀ ਕੋਈ ਯਾਦ ਨਹੀਂ ਹੈ, ਪਰ ਉਹ ਉਦੋਂ ਤੋਂ ਹਰ ਰੋਜ਼ ਇਸ ਨੁਕਸਾਨ ਦੇ ਦਰਦ ਵਿੱਚੋਂ ਲੰਘ ਰਿਹਾ ਹੈ। ਉਸਨੇ ਕਿਹਾ ਹਰ ਸਵੇਰ ਦੁੱਖ ਨਾਲ ਸ਼ੁਰੂ ਹੁੰਦੀ ਹੈ ਅਤੇ ਹਰ ਸ਼ਾਮ ਇਸੇ ਨਾਲ ਖਤਮ ਹੁੰਦੀ ਹੈ। ਸਿੰਘ ਨੇ ਲਾਪਰਵਾਹੀ ਨਾਲ ਡਰਾਈਵਿੰਗ ਕਰਕੇ ਮੌਤ ਦਾ ਕਾਰਨ ਬਣਨ ਦੇ ਦੋ ਦੋਸ਼ਾਂ ਅਤੇ ਲਾਪਰਵਾਹੀ ਨਾਲ ਡਰਾਈਵਿੰਗ ਕਰਕੇ ਸੱਟਾਂ ਦਾ ਕਾਰਨ ਬਣਨ ਦੇ ਦੋ ਹੋਰ ਦੋਸ਼ਾਂ ਨੂੰ ਸਵੀਕਾਰ ਕੀਤਾ। ਉਹ ਅਦਾਲਤ ਵਿੱਚ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਪੇਸ਼ ਹੋਇਆ, ਜੋ ਉਸਦਾ ਸਮਰਥਨ ਕਰਨ ਲਈ ਜਨਤਕ ਗੈਲਰੀ ਵਿੱਚ ਇਕੱਠੇ ਹੋਏ ਸਨ।

ਜੱਜ ਡੈਬਰਾ ਬੈਲ ਨੇ ਹਾਦਸੇ ਦੇ ਡੂੰਘੇ ਅਤੇ ਦੁਖਦਾਈ ਨਤੀਜਿਆਂ ਨੂੰ ਸਵੀਕਾਰ ਕੀਤਾ। ਉਨ੍ਹਾਂ ਸਿੰਘ ਨੂੰ ਕਿਹਾ, ਮੈਂ ਹੋਰ ਕੁਝ ਵੀ ਕਹਿ ਕੇ ਤੁਹਾਡੀ ਪਤਨੀ ਅਤੇ ਪੁੱਤਰ ਨੂੰ ਵਾਪਸ ਨਹੀਂ ਲਿਆ ਸਕਦੀ, ਕਾਸ਼ ਮੈਂ ਲਿਆ ਸਕਦੀ।

ਹਾਦਸੇ ਤੋਂ ਪਹਿਲਾਂ, ਦੋ ਹੋਰ ਵਾਹਨਾਂ ਨੂੰ ਸਿੰਘ ਦੀ ਕਾਰ ਤੋਂ ਬਚਣ ਲਈ ਆਪਣਾ ਰਸਤਾ ਬਦਲਣਾ ਪਿਆ ਸੀ, ਜਿਸ ਵਿੱਚ ਇੱਕ ਵਾਹਨ ਦਾ ਸਾਈਡ ਵਿੰਗ ਮਿਰਰ ਸਿੰਘ ਦੀ ਕਾਰ ਦੇ ਕਿਨਾਰੇ ਨਾਲ ਟਕਰਾ ਗਿਆ ਸੀ। ਇਸ ਤੋਂ ਬਾਅਦ ਉਹ ਇੱਕ ਵੈਨ ਨਾਲ ਸਿੱਧੀ ਟੱਕਰ ਹੋ ਗਿਆ, ਜਿਸਦੇ ਡਰਾਈਵਰ ਨੂੰ ਆਪਣੇ ਵਾਹਨ ਦੇ ਅਗਲੇ ਹਿੱਸੇ ਵਿੱਚ ਕੁਚਲਣ ਤੋਂ ਬਾਅਦ ਹੱਡੀਆਂ ਟੁੱਟ ਗਈਆਂ ਸਨ। ਵੈਨ ਦੇ ਡਰਾਈਵਰ ਨੇ ਸਿੰਘ ਤੋਂ ਵਿੱਤੀ ਮੁਆਵਜ਼ਾ ਲੈਣ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਉਸਨੇ ਪਹਿਲਾਂ ਹੀ ਆਪਣੀ ਪਤਨੀ ਅਤੇ ਪੁੱਤਰ ਦੀ ਮੌਤ ਨਾਲ ਬਹੁਤ ਵੱਡਾ ਨੁਕਸਾਨ ਝੱਲਿਆ ਸੀ।

ਬਚਾਅ ਪੱਖ ਦੇ ਵਕੀਲ ਡੇਲ ਡਫਟੀ ਨੇ ਕਿਹਾ ਕਿ ਸਿੰਘ ਨੂੰ ਹਾਦਸੇ ਦੀ ਕੋਈ ਯਾਦ ਨਹੀਂ ਹੈ, ਪਰ ਦੋ ਹਾਦਸੇ ਦੇ ਗਵਾਹਾਂ ਨੇ ਉਸਨੂੰ ਆਪਣੇ ਵਾਹਨ ਦੇ ਦੂਜੀ ਲੇਨ ਵਿੱਚ ਜਾਣ ਤੋਂ ਪਹਿਲਾਂ ਆਮ ਤੌਰ 'ਤੇ ਡਰਾਈਵਿੰਗ ਕਰਦੇ ਦੇਖਿਆ ਸੀ। ਡਫਟੀ ਨੇ ਕਿਹਾ ਕਿ ਲੱਗਦਾ ਹੈ ਉਹ ਸ਼ਾਇਦ ਸੌਂ ਗਿਆ ਸੀ।

ਪੁਲਿਸ ਪ੍ਰੌਸੀਕਿਊਟਰ ਨੇ ਮੰਨਿਆ ਕਿ ਸਿੰਘ ਬਹੁਤ ਚੰਗੇ ਚਰਿੱਤਰ ਦਾ ਸੀ ਅਤੇ ਉਸਦਾ ਪਹਿਲਾਂ ਕੋਈ ਅਪਰਾਧਿਕ ਰਿਕਾਰਡ ਨਹੀਂ ਸੀ। ਹਾਲਾਂਕਿ, ਪ੍ਰੌਸੀਕਿਊਟਰ ਨੇ ਜੱਜ ਨੂੰ ਸਿੰਘ ਨੂੰ ਵੈਨ ਦੇ ਡਰਾਈਵਰ ਨੂੰ, ਜੋ ਬੁਰੀ ਤਰ੍ਹਾਂ ਜ਼ਖਮੀ ਹੋਇਆ ਸੀ, ਕੁਝ ਭਾਵਨਾਤਮਕ ਮੁਆਵਜ਼ਾ ਦੇਣ ਦਾ ਆਦੇਸ਼ ਦੇਣ ਦੀ ਬੇਨਤੀ ਕੀਤੀ। ਸਿੰਘ ਨੂੰ ਖੁਦ ਹਾਦਸੇ ਵਿੱਚ ਨੱਕ ਟੁੱਟਣ ਅਤੇ ਗੰਭੀਰ ਸੱਟਾਂ ਲੱਗੀਆਂ ਸਨ। ਸਿੰਘ ਦੇ ਵਾਹਨ ਵਿੱਚ ਸਵਾਰ ਸਾਰੇ ਯਾਤਰੀਆਂ ਨੇ ਸੀਟਬੈਲਟਾਂ ਪਹਿਨੀਆਂ ਹੋਈਆਂ ਸਨ, ਅਤੇ ਉਸਦਾ ਪੁੱਤਰ ਬੇਬੀ ਕਾਰ ਸੀਟ ਵਿੱਚ ਬੰਨ੍ਹਿਆ ਹੋਇਆ ਸੀ। ਜੱਜ ਬੈਲ ਨੇ ਕਿਹਾ ਕਿ ਜੇਕਰ ਸਿੰਘ ਨੂੰ ਕਮਿਊਨਿਟੀ ਵਰਕ ਕਰਨ ਲਈ ਕਿਹਾ ਜਾਂਦਾ ਤਾਂ ਇਸਦਾ ਉਸਦੀ ਬੇਟੀ ਦੀ ਜ਼ਿੰਦਗੀ 'ਤੇ ਅਸਰ ਪੈਂਦਾ। ਜੱਜ ਬੈਲ ਨੇ ਕਿਹਾ ਕਿ ਉਸ ਛੋਟੇ ਜਿਹੇ ਪਲ ਦੇ ਨਤੀਜੇ ਸਿੰਘ ਲਈ ਦੁਖਦਾਈ ਤੌਰ 'ਤੇ ਵਿਨਾਸ਼ਕਾਰੀ ਰਹੇ ਹਨ, ਅਤੇ ਡਰਾਈਵਰ ਦੀ ਥਕਾਵਟ ਇੱਕ ਕਾਰਕ ਨਹੀਂ ਸੀ ਕਿਉਂਕਿ ਉਸਨੇ ਹਾਦਸੇ ਤੋਂ 45 ਮਿੰਟ ਪਹਿਲਾਂ ਆਰਾਮ ਕੀਤਾ ਸੀ।

ਜੱਜ ਬੈਲ ਨੇ ਘਟਾਉਣ ਵਾਲੇ ਕਾਰਕਾਂ ਅਤੇ ਸਿੰਘ ਦੇ ਪਛਤਾਵੇ 'ਤੇ ਵਿਚਾਰ ਕਰਦੇ ਹੋਏ ਪਾਇਆ ਕਿ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਪਹਿਲਾਂ ਹੀ ਮਹੱਤਵਪੂਰਨ ਨਤੀਜੇ ਨਿਕਲ ਚੁੱਕੇ ਹਨ। ਉਸਨੇ ਕਿਹਾ ਕਿ ਚਰਿੱਤਰ ਬਾਰੇ ਪੇਸ਼ ਕੀਤੀਆਂ ਗਈਆਂ ਦਲੀਲਾਂ ਵਿੱਚ ਸਿੰਘ ਦੀ ਦਿਆਲਤਾ, ਭਰੋਸੇਯੋਗਤਾ ਅਤੇ ਇਮਾਨਦਾਰੀ ਦੀ ਗੱਲ ਕੀਤੀ ਗਈ ਸੀ। ਉਹ ਆਪਣੇ ਪਰਿਵਾਰ ਪ੍ਰਤੀ ਡੂੰਘਾ ਸਮਰਪਿਤ ਸੀ ਅਤੇ ਹਾਦਸੇ ਤੋਂ ਬਾਅਦ ਆਪਣੀ ਬੇਟੀ ਦੀ ਸਹਾਇਤਾ ਅਤੇ ਦੇਖਭਾਲ ਕਰਨਾ ਜਾਰੀ ਰੱਖਿਆ ਹੈ।

ਸਿਮਰਨਜੀਤ ਸਿੰਘ 2022 ਵਿੱਚ ਭਾਰਤ ਤੋਂ ਨਿਊਜ਼ੀਲੈਂਡ ਆਇਆ ਸੀ ਅਤੇ ਇੱਕ ਸਾਫਟਵੇਅਰ ਡਿਵੈਲਪਰ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਸੀ। ਹਾਦਸੇ ਤੋਂ ਬਾਅਦ, ਸਿੰਘ ਆਪਣੀ ਬੇਟੀ ਨਾਲ ਨਿਊਜ਼ੀਲੈਂਡ ਵਿੱਚ ਰਹਿਣਾ ਚਾਹੁੰਦਾ ਸੀ ਕਿਉਂਕਿ ਉਸਨੂੰ ਆਪਣਾ ਨਵਾਂ ਘਰ ਬਹੁਤ ਪਸੰਦ ਸੀ।

ਪੁਲਿਸ ਪ੍ਰੌਸੀਕਿਊਟਰ ਨੇ ਸਿੰਘ ਦੇ ਸੈਂਟਰ ਲਾਈਨ ਪਾਰ ਕਰਨ ਦਾ ਕੋਈ ਵੱਖਰਾ ਕਾਰਨ ਪੇਸ਼ ਨਹੀਂ ਕੀਤਾ। ਉਸਨੇ ਕਿਹਾ ਕਿ ਅਪਰਾਧ ਦੀ ਗੰਭੀਰਤਾ ਉੱਚੀ ਸੀ ਕਿਉਂਕਿ ਕਈ ਜਾਨੀ ਨੁਕਸਾਨ ਹੋਏ ਸਨ ਅਤੇ ਇਸ ਤੱਥ ਕਾਰਨ ਕਿ ਇੱਕ ਹੋਰ ਮੋਟਰਿਸਟ ਨੂੰ ਟੱਕਰ ਤੋਂ ਬਚਣ ਲਈ ਬਚਾਅ ਕਾਰਵਾਈਆਂ ਕਰਨੀਆਂ ਪਈਆਂ ਸਨ। ਜੱਜ ਬੈਲ ਨੇ ਕਿਹਾ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਸਿੰਘ ਹਾਦਸੇ ਤੋਂ ਪਹਿਲਾਂ ਅਣਉਚਿਤ ਤਰੀਕੇ ਨਾਲ ਡਰਾਈਵਿੰਗ ਕਰ ਰਿਹਾ ਸੀ।

## ਫੂਡਸਟੱਫਸ, ਗਿਲਮੋਰਸ 'ਤੇ ਕਾਰਟਲ ਵਿਵਹਾਰ ਦਾ ਦੋਸ਼: ਕਾਮਰਸ ਕਮਿਸ਼ਨ ਦਾ ਥੋਕ ਵਿਕਰੇਤਾਵਾਂ 'ਤੇ ਐਕਸ਼ਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਵੱਡੇ ਥੋਕ ਦੇ ਵਪਾਰੀ ਕਿੱਦਾਂ ਕੀਮਤਾਂ ਉਤੇ ਆਪਣਾ ਨਿਯੰਤਰਣ ਰੱਖਦੇ ਹਨ? ਸਬੰਧੀ ਇਕ ਖਬਰ ਅੱਜ ਰਾਸ਼ਟਰੀ ਮੀਡੀਆ ਉਚੇ ਚਰਚਾ ਵਿਚ ਹੈ। ਪ੍ਰਚੂਨ ਕਾਰੋਬਾਰੀ ਤਾਂ ਭਲੀ ਭਾਂਤੀ ਇਸ ਬਾਰੇ ਜਾਣਦੇ ਵੀ ਹਨ ਪਰ ਕਹਿੰਦੇ ਨੇ ਕਿਸੇ ਵੱਡੀ ਮੱਛੀ ਨੂੰ ਹੱਥ ਪਾਉਣਾ ਹੋਵੇ ਤਾਂ ਜਾਲ ਵੀ ਵੱਡਾ ਚਾਹੀਦਾ ਹੈ। ਹੁਣ ਨਿਊਜ਼ੀਲੈਂਡ ਕਾਮਰਸ ਕਮਿਸ਼ਨ ਵੱਲੋਂ ਗਰੌਸਰੀ ਦੀਆਂ ਵੱਡੀਆਂ ਕੰਪਨੀਆਂ ਫੂਡਸਟੱਫਸ ਨੌਰਥ ਆਈਲੈਂਡ ਅਤੇ ਗਿਲਮੋਰਸ 'ਤੇ ਕਾਰਟਲ (ਜਾਂ ਉਤਪਾਦਕ ਸੰਗਠਨ ਨਾਲ ਸਮਝੌਤਾ ਜਾਂ ਗੁਪਤ ਬਿਜ਼ਨਸ ਗਠਜੋੜ) ਵਿਵਹਾਰ ਦਾ ਦੋਸ਼ ਲਗਾਇਆ ਗਿਆ ਹੈ, ਜਿਸਦੇ ਤਹਿਤ ਕਮਿਸ਼ਨ ਨੇ ਇਨ੍ਹਾਂ ਕੰਪਨੀਆਂ ਨੂੰ ਅਦਾਲਤ ਵਿੱਚ ਲਿਜਾਣ ਦਾ ਇਰਾਦਾ ਜ਼ਾਹਰ ਕੀਤਾ ਹੈ। ਦੋਵਾਂ ਕੰਪਨੀਆਂ 'ਤੇ ਕਥਿਤ ਤੌਰ 'ਤੇ ਇੱਕ ਸਪਲਾਇਰ ਨੂੰ ਕਿਸੇ ਗਾਹਕ ਨਾਲ ਸਿੱਧੇ ਵਪਾਰਕ ਸਬੰਧ ਬਣਾਉਣ ਤੋਂ ਰੋਕਣ ਦਾ ਦੋਸ਼ ਹੈ ਅਤੇ ਇਸ ਦੀ ਬਜਾਏ ਸਪਲਾਇਰ ਨੂੰ ਆਪਣਾ ਕਾਰੋਬਾਰ ਉਨ੍ਹਾਂ (ਫੂਡਸਟੱਫਸ ਅਤੇ ਗਿਲਮੋਰਸ) ਰਾਹੀਂ ਹੀ ਕਰਨ ਲਈ ਪ੍ਰੇਰਿਆ ਗਿਆ।

ਕਾਮਰਸ ਕਮਿਸ਼ਨ ਨੇ ਅੱਜ ਸਵੇਰੇ ਕਿਹਾ ਕਿ ਉਹ ਕਾਮਰਸ ਐਕਟ ਅਤੇ ਗਰੌਸਰੀ ਇੰਡਸਟਰੀ ਕੰਪੀਟੀਸ਼ਨ ਐਕਟ ਦੀ ਕਥਿਤ ਉਲੰਘਣਾ ਲਈ ਦੋਵਾਂ ਕੰਪਨੀਆਂ ਵਿਰੁੱਧ ਸਿਵਲ ਕਾਰਵਾਈਆਂ ਦਾਇਰ ਕਰੇਗਾ। ਕਮਿਸ਼ਨ ਨੇ ਉਨ੍ਹਾਂ ਸਮਝੌਤਿਆਂ ਦੀ ਜਾਂਚ ਕੀਤੀ ਜੋ ਫੂਡਸਟੱਫਸ ਨੌਰਥ ਆਈਲੈਂਡ (6SN9) ਅਤੇ ਗਿਲਮੋਰਸ ਨੇ ਇੱਕ ਅਣਦੱਸੇ ਰਾਸ਼ਟਰੀ ਗਰੌਸਰੀ ਸਪਲਾਇਰ ਨਾਲ ਕੀਤੇ ਸਨ। ਇਹ ਸਮਝੌਤੇ ਇੱਕ ਅਣਦੱਸੇ ਹਾਸਪਿਟੈਲਿਟੀ ਗਾਹਕ ਨੂੰ ਉਤਪਾਦਾਂ ਦੀ ਸਪਲਾਈ ਨਾਲ ਸਬੰਧਤ ਸਨ। ਫੂਡਸਟੱਫਸ ਦੇ ਬ੍ਰਾਂਡਾਂ ਵਿੱਚ ਪੈਕ'ਨ ਸੇਵ, ਨਿਊ ਵਰਲਡ ਅਤੇ ਫੋਰ ਸਕੁਏਅਰ ਸ਼ਾਮਲ ਹਨ।

ਕਮਿਸ਼ਨ ਨੇ ਕਿਹਾ, ਸਪਲਾਇਰ ਅਤੇ ਗਾਹਕ ਦੋਵਾਂ ਦਾ ਫੂਡਸਟੱਫਸ ਨੌਰਥ ਆਈਲੈਂਡ/ਗਿਲਮੋਰਸ ਨਾਲ ਕਾਫ਼ੀ ਮਾਤਰਾ ਵਿੱਚ ਕਾਰੋਬਾਰ ਹੈ। ਜਦੋਂ ਫੂਡਸਟੱਫਸ ਨੌਰਥ ਆਈਲੈਂਡ/ਗਿਲਮੋਰਸ ਨੇ ਪਾਇਆ ਕਿ ਸਪਲਾਇਰ ਅਤੇ ਗਾਹਕ ਨੇ ਸਿੱਧੇ ਵਪਾਰਕ ਸਬੰਧ ਸਥਾਪਿਤ ਕਰ ਲਏ ਹਨ, ਤਾਂ ਉਨ੍ਹਾਂ ਨੇ ਸਪਲਾਇਰ ਨੂੰ ਉਸ ਕਾਰੋਬਾਰ ਨੂੰ ਉਨ੍ਹਾਂ ਰਾਹੀਂ ਮੁੜ-ਰੂਟ ਕਰਨ ਲਈ ਪ੍ਰੇਰਿਆ।"

ਕਾਮਰਸ ਕਮਿਸ਼ਨ ਦੇ ਚੇਅਰਮੈਨ ਡਾ. ਜੌਹਨ ਸਮਾਲ ਨੇ ਕਿਹਾ ਕਿ ਕਮਿਸ਼ਨ "ਇਸ ਤਰ੍ਹਾਂ ਦੇ ਵਿਵਹਾਰ ਨੂੰ ਬਰਦਾਸ਼ਤ ਨਹੀਂ ਕਰਦਾ। ਅਸੀਂ ਕਾਰਟੈਲ ਵਿਵਹਾਰ ਦੇ ਦੋਸ਼ਾਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ। ਕਾਰਟੈਲ ਵਿਵਹਾਰ ਖਪਤਕਾਰਾਂ ਨੂੰ ਉੱਚੀਆਂ ਕੀਮਤਾਂ ਜਾਂ ਘਟੀਆ ਗੁਣਵੱਤਾ ਰਾਹੀਂ ਨੁਕਸਾਨ ਪਹੁੰਚਾਉਂਦਾ ਹੈ, ਅਤੇ ਇਹ ਉਨ੍ਹਾਂ ਹੋਰ ਕਾਰੋਬਾਰਾਂ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ ਜੋ ਨਿਰਪੱਖ ਮੁਕਾਬਲਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।"




ਇਸ ਮਾਮਲੇ ਵਿੱਚ, ਸਪਲਾਇਰ ਇੱਕ ਪ੍ਰਤੀਯੋਗੀ ਸਪਲਾਈ ਚੈਨਲ ਪ੍ਰਦਾਨ ਕਰਨਾ ਚਾਹੁੰਦਾ ਸੀ, ਪਰ ਫੂਡਸਟੱਫਸ ਨੌਰਥ ਆਈਲੈਂਡ ਅਤੇ ਗਿਲਮੋਰਸ ਨਾਲ ਹੋਏ ਸਮਝੌਤੇ ਕਾਰਨ ਇਸ ਨੂੰ ਰੋਕ ਦਿੱਤਾ ਗਿਆ। ਅਸੀਂ ਇਸ ਤਰ੍ਹਾਂ ਦੇ ਵਿਵਹਾਰ ਨੂੰ ਬਰਦਾਸ਼ਤ ਨਹੀਂ ਕਰਾਂਗੇ ਅਤੇ ਜਿੱਥੇ ਉਚਿਤ ਹੋਵੇ, ਅਦਾਲਤੀ ਕਾਰਵਾਈ ਕਰਨ ਤੋਂ ਨਹੀਂ ਝਿਜਕਾਂਗੇ।"

ਉਨ੍ਹਾਂ ਕਿਹਾ ਕਿ ਕਮਿਸ਼ਨ ਗਰੌਸਰੀ ਇੰਡਸਟਰੀ ਕੰਪੀਟੀਸ਼ਨ ਐਕਟ (7931) ਦੇ ਤਹਿਤ (6SN9) ਅਤੇ ਗਿਲਮੋਰਸ ਵਿਰੁੱਧ ਵੀ ਕਾਰਵਾਈਆਂ ਦਾਇਰ ਕਰੇਗਾ। "ਕਮਿਸ਼ਨ ਦਾ ਮੰਨਣਾ ਹੈ ਕਿ (6SN9) ਅਤੇ ਗਿਲਮੋਰਸ ਨੇ ਸਵਾਲ ਵਿੱਚ ਗਾਹਕ ਨੂੰ ਗਰੌਸਰੀ ਵੇਚਣ ਦੀ ਸਪਲਾਇਰ ਦੀ ਯੋਗਤਾ ਵਿੱਚ ਰੁਕਾਵਟ ਪਾਈ, ਅਤੇ ਸਪਲਾਇਰ ਨਾਲ ਚੰਗੀ ਭਾਵਨਾ ਨਾਲ ਪੇਸ਼ ਨਹੀਂ ਆਏ।"

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

### ਕਾਵਿ-ਵਿਅੰਗ

## ਮੁੱਛ-ਮਰੋੜੂ ਹੰਕਾਰ?

ਸ਼ਕਲ ਦੇਖਦੇ ਸਾਰ 'ਥੂਹ' ਕਰਨ ਲੋਕੀ
ਜਿਹੜੇ ਲੈਣ ਬਦਨਾਮੀਆਂ ਖੱਟ ਮੀਆਂ।

ਥੋੜਾ ਚਿਰ ਹੀ ਦਾਦੇ ਦੀਆਂ ਚਲਦੀਆਂ ਨੇ
'ਪੋਤੇ' ਛੱਜ ਵਿਚ ਦਿੰਦੇ ਐ 'ਛੱਟ' ਮੀਆਂ।

ਬਦਅਸੀਸਾਂ ਵੀ ਸੌ ਸੌ ਉਹ ਦੇਣ ਲੋਕੀ
ਲੱਗੇ ਜਿਨ੍ਹਾਂ ਦੇ ਸੀਨੇ ਵਿਚ 'ਫੱਟ' ਮੀਆਂ।

ਉਹ 'ਵਕਤ' ਵੀ ਹੁੰਦਾ ਨਹੀਂ ਦੂਰ ਬਹੁਤਾ
ਮਾਲਕ ਦਿੰਦਾ ਜਦ ਜੜ੍ਹਾਂ ਤੋਂ ਪੱਟ ਮੀਆਂ।

ਜੇਲ੍ਹ ਵੜਦਿਆਂ 'ਸਿਹਤ ਖਰਾਬ' ਹੋ ਜਏ
ਬਣ ਗਏ ਹੁੰਦੇ ਜੋ ਖਾ ਖਾ ਕੇ ਮੱਟ ਮੀਆਂ।

ਆਕੜ ਅਤੇ ਹੰਕਾਰ ਹੀ 'ਸ਼ੋਅ' ਕਰਦੇ
ਚਾੜ੍ਹੀ ਜਾਣ ਜੋ 'ਮੁੱਛਾਂ ਨੂੰ ਵੱਟ' ਮੀਆਂ !

**-ਤਰਲੋਚਨ ਸਿੰਘ ਦੁਪਾਲ ਪੁਰ**
**78146-92724**

# ਦਾਣਾ ਮੰਡੀ ਹੁਸ਼ਿਆਰਪੁਰ ਨੂੰ ਮਾਡਲ ਮੰਡੀ ਵਜੋਂ ਕੀਤਾ ਜਾਵੇਗਾ ਵਿਕਸਿਤ - ਆਸ਼ਿਕਾ ਜੈਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਦਾਣਾ ਮੰਡੀ ਹੁਸ਼ਿਆਰਪੁਰ ਦਾ ਦੌਰਾ ਕਰਕੇ ਉਥੋਂ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ ਵੀ ਉਨ੍ਹਾਂ ਦੇ ਨਾਲ ਸਨ। ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਮੰਡੀ ਵਿਚ ਸਾਫ-ਸਫ਼ਾਈ ਦੀ ਸਥਿਤੀ, ਖੇਤੀਬਾੜੀ ਰਹਿੰਦ-ਖੂੰਹਦ ਦੇ ਪ੍ਰਬੰਧਨ ਅਤੇ ਸੜਕਾਂ ਤੇ ਸੀਵਰੇਜ ਵਰਗੀਆਂ ਮੁੱਢਲੀਆਂ ਸਹੂਲਤਾਂ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਝੋਨੇ ਦੇ ਸੀਜ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਮੰਡੀ ਵਿਚ ਸਫ਼ਾਈ ਵਿਵਸਥਾ ਨੂੰ ਮਜ਼ਬੂਤ ਕੀਤਾ ਜਾਵੇਗਾ ਤਾਂ ਜੋ ਕਿਸਾਨਾਂ ਅਤੇ ਵਪਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਮੰਡੀ ਵਿਚ ਪੈਦਾ ਹੋਣ ਵਾਲੇ ਖੇਤੀਬਾੜੀ ਰਹਿੰਦ-ਖੂੰਹਦ ਦਾ ਪ੍ਰਬੰਧਨ ਨਗਰ ਨਿਗਮ ਦੇ ਸਹਿਯੋਗ ਨਾਲ ਇਕ ਵਿਸ਼ੇਸ਼ ਪ੍ਰੋਜੈਕਟ ਤਹਿਤ ਕੀਤਾ ਜਾਵੇਗਾ। ਇਸ ਪ੍ਰੋਜੈਕਟ ਰਾਹੀਂ ਨਾ ਸਿਰਫ਼ ਸਫ਼ਾਈ ਵਿਚ ਸੁਧਾਰ ਕੀਤਾ ਜਾਵੇਗਾ, ਸਗੋਂ ਮੰਡੀ ਨੂੰ ਇਕ ਮਾਡਲ ਮੰਡੀ ਵਜੋਂ ਵਿਕਸਿਤ ਕਰਨ ਵੱਲ ਵੀ ਠੋਸ ਕਦਮ ਚੁੱਕੇ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਮੰਡੀ ਦੀਆਂ ਅੰਦਰੂਨੀ ਸੜਕਾਂ ਦੀ ਮੁਰੰਮਤ ਅਤੇ ਸੀਵਰੇਜ ਸਿਸਟਮ ਨੂੰ ਵੀ ਬਿਹਤਰ ਬਣਾਇਆ ਜਾਵੇਗਾ ਤਾਂ ਜੋ ਬਰਸਾਤ ਦੇ ਮੌਸਮ ਦੌਰਾਨ ਪਾਣੀ ਭਰਨ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕੇ। ਮੰਡੀ ਵਿਚ ਹੋਰ ਬੁਨਿਆਦੀ ਸਮੱਸਿਆਵਾਂ ਦੀ ਪਛਾਣ ਕਰਕੇ ਪੜਾਅਵਾਰ ਹੱਲ ਕੀਤਾ ਜਾਵੇਗਾ। ਚੇਅਰਮੈਨ ਮਾਰਕੀਟ ਕਮੇਟੀ ਜਸਪਾਲ ਸਿੰਘ ਚੇਚੀ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਨਾਲ ਮੰਡੀ ਦਾ ਦੌਰਾ ਕਰਨਾ ਮੰਡੀ ਦੀ ਬਿਹਤਰੀ ਲਈ ਇਕ ਮਹੱਤਵਪੂਰਨ ਕਦਮ ਹੈ। ਅਸੀਂ ਪੂਰੀ ਵਚਨਬੱਧਤਾ ਨਾਲ ਮੰਡੀ ਨੂੰ ਸਾਫ਼-ਸੁਥਰਾ, ਸੁਵਿਧਾਯੁਕਤ ਅਤੇ ਕਿਸਾਨ-ਪੱਖੀ ਬਣਾਵਾਂਗੇ। ਸਫ਼ਾਈ ਪ੍ਰਣਾਲੀ ਦੇ ਨਾਲ-ਨਾਲ ਮੰਡੀ ਦੀਆਂ ਟੁੱਟੀਆਂ ਅੰਦਰੂਨੀ ਸੜਕਾਂ ਦੀ ਮੁਰੰਮਤ ਜਲਦੀ ਸ਼ੁਰੂ ਕੀਤੀ ਜਾਵੇਗੀ ਅਤੇ ਸੀਵਰੇਜ ਪ੍ਰਣਾਲੀ ਦੀ ਸਫ਼ਾਈ ਅਤੇ ਸੁਧਾਰ ਦਾ ਕੰਮ ਵੀ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੀਣ ਵਾਲੇ ਪਾਣੀ, ਲਾਈਟਾਂ, ਸ਼ੈੱਡ ਅਤੇ ਬੈਠਣ ਵਰਗੀਆਂ ਬੁਨਿਆਦੀ ਸਹੂਲਤਾਂ ਵਿਚ ਵੀ ਸੁਧਾਰ ਕੀਤਾ ਜਾਵੇਗਾ ਤਾਂ ਜੋ ਕਿਸਾਨਾਂ ਨੂੰ ਸਹੂਲਤ ਮਿਲ ਸਕੇ। ਚੇਅਰਮੈਨ ਨੇ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਅਤੇ ਮਾਰਕੀਟ ਕਮੇਟੀ ਦੇ ਇਸ ਸਾਂਝੇ ਉਪਰਾਲੇ ਨਾਲ ਦਾਣਾ ਮੰਡੀ ਨੂੰ ਸੂਬੇ ਦੀਆਂ ਆਦਰਸ਼ ਮੰਡੀਆਂ ਵਿਚ ਸ਼ਾਮਿਲ ਕਰਨ ਵੱਲ ਤੇਜ਼ੀ ਨਾਲ ਕੰਮ ਕੀਤਾ ਜਾਵੇਗਾ।



# ਹੇਸਟਿੰਗਜ਼ ਜ਼ਿਲ੍ਹਾ ਪ੍ਰੀਸ਼ਦ ਦੀ ਕੈਮਰੇ ਦੀ ਅੱਖ ਵਾਲੀ 'ਸਮਾਰਟ ਕਾਰ' ਨੇ 5 ਮਹੀਨਿਆਂ 'ਚ ਕੱਟੇ 5326 ਚਲਾਨ



**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਜ਼ਮਾਨਾ ਸਮਾਰਟਨੈਸ ਦਾ ਹੈ। ਹਰ ਪਾਸੇ ਸਮਾਟ ਚੀਜ਼ਾਂ ਜ਼ਿੰਦਗੀ ਨੂੰ ਜਿੱਥੇ ਸੌਖਿਆ ਕਰ ਰਹੀਆਂ ਹਨ ਉਥੇ ਕਈਆਂ ਦੇ ਹੰਝੂ ਵੀ ਕੱਢ ਰਹੀਆਂ ਹਨ। ਹੁਣ ਹੇਸਟਿੰਗਜ਼ ਜ਼ਿਲ੍ਹਾ ਪ੍ਰੀਸ਼ਦ ਦੀ ਕੈਮਰੇ ਵਾਲੀ 'ਸਮਾਰਟ ਕਾਰ', ਜੋ ਪਾਰਕਿੰਗ ਦੀ ਨਿਗਰਾਨੀ ਕਰਦੀ ਹੈ, ਨੇ ਪਿਛਲੇ ਪੰਜ ਮਹੀਨਿਆਂ ਵਿੱਚ 5326 ਤੋਂ ਵੱਧ ਵਾਹਨਾਂ ਨੂੰ ਕਾਬੂ ਕੀਤਾ ਹੈ। ਇਹ ਗੱਡੀ ਉਨ੍ਹਾਂ ਵਾਹਨਾਂ ਦੀ ਪਛਾਣ ਕਰਦੀ ਹੈ ਜੋ ਨਿਰਧਾਰਤ ਸਮੇਂ ਤੋਂ ਵੱਧ ਪਾਰਕ ਕੀਤੇ ਰਹਿੰਦੇ ਹਨ।

1 ਜਨਵਰੀ ਤੋਂ 1 ਜੂਨ, 2025 ਤੱਕ, ਇਸ ਕਾਰ ਨੇ ਹੇਸਟਿੰਗਜ਼ ਅਤੇ ਹੈਵਲੌਕ ਨਾਰਥ ਵਿੱਚ ਪਾਰਕਿੰਗ ਨਿਯਮਾਂ ਦੀ ਉਲੰਘਣਾ ਕਰਨ ਵਾਲੇ 5326 ਵਾਹਨਾਂ ਦੀ ਪਛਾਣ ਕੀਤੀ ਹੈ। ਇਸੇ ਅਰਸੇ ਦੌਰਾਨ, ਪੈਦਲ ਚੱਲਣ ਵਾਲੇ ਪਾਰਕਿੰਗ ਅਫ਼ਸਰਾਂ ਨੇ ਮੀਟਰਡ ਅਤੇ ਸਮਾਂ-ਸੀਮਤ ਥਾਵਾਂ 'ਤੇ ਜ਼ਿਆਦਾ ਦੇਰ ਪਾਰਕ ਕਰਨ ਵਾਲੇ 3926 ਵਾਹਨਾਂ ਨੂੰ ਚਲਾਨ ਜਾਰੀ ਕੀਤੇ।

ਹਾਲਾਂਕਿ ਇਹ ਲਾਇਸੈਂਸ ਪਲੇਟ ਰਿਕੋਗਨੀਸ਼ਨ (LPR) ਗੱਡੀ ਆਪਣੇ ਆਪ ਚਲਾਨ ਜਾਰੀ ਕਰਨ ਲਈ ਅਜੇ ਨੀ ਸਮਾਰਟ ਨਹੀਂ ਹੈ, ਅਤੇ ਇਹ ਕੰਮ ਚਾਰ ਪਾਰਕਿੰਗ ਅਫ਼ਸਰਾਂ ਦੀ ਟੀਮ ਕਰਦੀ ਹੈ ਜੋ ਵਾਰੀ-ਵਾਰੀ ਇਸਨੂੰ ਚਲਾਉਂਦੇ ਹਨ। ਹੇਸਟਿੰਗਜ਼ ਜ਼ਿਲ੍ਹਾ ਪ੍ਰੀਸ਼ਦ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਇਹ ਗੱਡੀ ਬਹੁਤ ਕੁਸ਼ਲਤਾ ਨਾਲ ਕੰਮ ਕਰ ਰਹੀ ਹੈ।

ਕੌਂਸਲ ਦੇ ਬੁਲਾਰੇ ਨੇ ਦੱਸਿਆ ਕਿ ਇਹ ਕਾਰ ਸਮਾਂ ਸੀਮਾ ਦੀਆਂ ਉਲੰਘਣਾਵਾਂ ਨੂੰ ਰਿਕਾਰਡ ਕਰਦੀ ਹੈ ਅਤੇ ਇਨ੍ਹਾਂ ਦੀਆਂ ਫੋਟੋਆਂ ਪ੍ਰੋਸੈਸਿੰਗ ਲਈ ਦਫ਼ਤਰ ਭੇਜੀਆਂ ਜਾਂਦੀਆਂ ਹਨ। ਇਸ ਤੋਂ ਬਾਅਦ ਟੀਮ ਵੱਲੋਂ ਉਲੰਘਣਾ ਦੇ ਨੋਟਿਸ ਭੇਜੇ ਜਾਂਦੇ ਹਨ।

ਇਹ ਹਾਈਬ੍ਰਿਡ ਵਾਹਨ 73,000 ਡਾਲਰ ਵਿੱਚ ਖਰੀਦਿਆ ਗਿਆ ਸੀ ਅਤੇ ਇਸਦਾ ਫੰਡ ਪਾਰਕਿੰਗ ਆਮਦਨ ਵਿੱਚੋਂ ਦਿੱਤਾ ਗਿਆ ਸੀ, ਨਾ ਕਿ ਰੇਟਾਂ ਵਿੱਚੋਂ। ਇਸ ਵਿੱਚ ਛੱਤ ਅਤੇ ਪਿਛਲੇ ਪਾਸੇ ਉੱਨਤ ਤਕਨਾਲੋਜੀ ਅਤੇ ਇੱਕ ਕੈਮਰਾ ਲੱਗਾ ਹੋਇਆ ਹੈ ਜੋ ਪਾਰਕ ਕੀਤੇ ਵਾਹਨਾਂ ਦੀਆਂ ਤਸਵੀਰਾਂ ਅਤੇ ਟਾਇਰਾਂ ਦੀਆਂ ਫੋਟੋਆਂ ਲੈਂਦਾ ਹੈ। ਵ?ਹੀਲ ਦੀਆਂ ਤਸਵੀਰਾਂ ਦੀ ਅਧਿਕਾਰੀਆਂ ਦੁਆਰਾ ਸਮੀਖਿਆ ਕੀਤੀ ਜਾਂਦੀ ਹੈ ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਵਾਹਨ ਚੱਲਿਆ ਹੈ ਜਾਂ ਨਹੀਂ, ਜਦੋਂ ਕਿ ਲਾਇਸੈਂਸ ਪਲੇਟ ਗਲਤੀ ਕਰਨ ਵਾਲੇ ਵਾਹਨ ਦੀ ਪਛਾਣ ਕਰਦੀ ਹੈ।

ਕੌਂਸਲ ਦੇ ਬੁਲਾਰੇ ਨੇ ਦੱਸਿਆ ਕਿ ਭਾਵੇਂ ਇਹ ਰਾਤ ਨੂੰ ਵੀ ਦੇਖ ਸਕਦੀ ਹੈ, ਪਰ ਕੌਂਸਲ ਇਸਨੂੰ ਹਨੇਰੇ ਵਿੱਚ ਵਰਤਦੀ ਨਹੀਂ। ਇੱਕ ਵਾਰ ਫੋਟੋਆਂ ਖਿੱਚੀਆਂ ਜਾਣ ਤੋਂ ਬਾਅਦ, ਇੱਕ ਪਾਰਕਿੰਗ ਅਫ਼ਸਰ ਰਿਕਾਰਡ ਦਾ ਮੁਲਾਂਕਣ ਕਰਦਾ ਹੈ ਅਤੇ ਚਲਾਨ ਜਾਰੀ ਕਰਦਾ ਹੈ। ਉਹ ਕ੍ਰ ਦੀ ਵਰਤੋਂ ਸਿਰਫ਼ ਜ਼ੋਨ ਵਿੱਚ ਜ਼ਿਆਦਾ ਸਮਾਂ ਰਹਿਣ ਲਈ ਚਲਾਨ ਜਾਰੀ ਕਰਨ ਲਈ ਕਰਦੇ ਹਨ, ਹਾਲਾਂਕਿ ਸਮਾਂ ਜ਼ੋਨ ਸਾਰੇ ਮੀਟਰਡ ਸਥਾਨਾਂ 'ਤੇ ਲਾਗੂ ਹੁੰਦੇ ਹਨ। ਬੁਲਾਰੇ ਨੇ ਕਿਹਾ ਕਿ ਜਦੋਂ ਅਫ਼ਸਰ ਗੱਡੀ ਚਲਾਉਂਦੇ ਸਮੇਂ ਦੁਰਵਿਵਹਾਰ ਦਾ ਸ਼ਿਕਾਰ ਨਹੀਂ ਹੋਏ, ਪਰ ਪੈਦਲ ਚੱਲਣ ਵਾਲੇ ਅਫ਼ਸਰਾਂ ਲਈ ਇਹ ਅਜੇ ਵੀ ਇੱਕ ਸਮੱਸਿਆ ਹੈ। ਇਹ ਪੁੱਛੇ ਜਾਣ 'ਤੇ ਕਿ ਕਾਰ ਕਦੋਂ ਆਪਣੇ ਪੈਸੇ ਪੂਰੇ ਕਰੇਗੀ, ਬੁਲਾਰੇ ਨੇ ਕਿਹਾ ਕਿ ਫਾਇਦੇ ਹੋਣ ਦੇ ਬਾਵਜੂਦ, ਸਿਸਟਮ ਨੂੰ ਚਲਾਉਣ ਦੇ ਕਾਫ਼ੀ ਚੱਲ ਰਹੇ ਖਰਚੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ: ਵਾਹਨ ਅਤੇ ਚਲਾਉਣ ਦੇ ਖਰਚੇ, ਉਲੰਘਣਾ ਪ੍ਰੋਸੈਸਿੰਗ ਪ੍ਰਸ਼ਾਸਨ, ਆਈਟੀ ਸਿਸਟਮ ਅਤੇ ਰੱਖ-ਰਖਾਅ, ਉਲੰਘਣਾ ਅਦਾਲਤੀ ਫਾਈਲਿੰਗ ਫੀਸਾਂ ਅਤੇ ਸਟਾਫ ਦੇ ਖਰਚੇ। ਹਾਲਾਂਕਿ, ਉਨ੍ਹਾਂ ਨੇ ਕਿਹਾ ਕਿ ਉਦੇਸ਼ ਉਲੰਘਣਾ ਕਰਨ ਵਾਲਿਆਂ 'ਤੇ ਕਾਰਵਾਈ ਕਰਨਾ ਅਤੇ ਸਟਾਫ ਨੂੰ ਸੁਰੱਖਿਅਤ ਰੱਖਣਾ ਹੈ।

# ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜੀ ਨੇ ਨਿਊਜ਼ੀਲੈਂਡ 'ਚ ਦਿੱਤਾ ਸੁਨੇਹਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਗੁਰੂ ਰਵਿਦਾਸ ਜੀ ਦਾ ਬੇਗਮ ਪੁਰਾ ਸੰਕਲਪ ਪ੍ਰਤੀ ਬੜਾ ਸੁੰਦਰ ਵਾਕ ਹੈ ਕਿ 'ਨਾ ਤਸਵੀਸ ਖਿਰਾਜੁ ਨਾ ਮਾਲੁ॥ ਖਉਫੁ ਨਾ ਖਤਾ ਨਾ ਤਰਸੁ ਜਵਾਲੁ।' ਮਤਲਬ ਕਿ ਅਜਿਹਾ ਰਾਜ ਜਿੱਥੇ ਕੋਈ ਦੁੱਖ ਤਕਲਿਫ ਨਾ ਹੋਵੇ, ਕੋਈ ਡਰ ਭੈਅ ਨਾ ਹੋਵੇ, ਕੋਈ ਮਾਲੀਆ ਨਾ ਹੋਵੇ ਆਦਿ। ਇਸ ਸੰਕਲਪ ਉਤੇ ਨਿਊਜ਼ੀਲੈਂਡ ਦੌਰੇ 'ਤੇ ਪਹੁੰਚੇ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜੀ ਨੇ ਬੋਲਦਿਆਂ ਕਿਹਾ ਕਿ ਗੁਰੂਆਂ ਦੀ ਸੋਚ ਦੇ ਅਧਾਰ ਤੇ ਲੋਕਾਂ ਦੀ ਲਾਮਬੰਦੀ ਆਖਰੀ ਸਾਹ ਤੱਕ ਜਾਰੀ ਰਹੇਗੀ। ਸ੍ਰੀ ਗੁਰੂ ਰਵਿਦਾਸ ਟੈਂਪਲ ਹੇਸਟਿੰਗ ਨਿਊਜ਼ੀਲੈਂਡ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਇਕ 'ਜਾਗਰਤੀ ਸਮਾਗਮ' ਕਰਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਵਿਚਾਰ ਚਰਚਾਵਾਂ ਸ਼ੁਰੂ ਹੋਈਆਂ। ਇਸ ਮੌਕੇ ਸ. ਜਸਵੀਰ ਸਿੰਘ ਗੜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਗੁਰੂ ਸਾਹਿਬਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕਰਨ ਵੇਲੇ ਜਾਤਾ-ਪਾਤਾਂ ਨੂੰ ਖਤਮ ਕਰਦਿਆਂ ਮਹਾਂਪੁਰਸ਼ਾਂ ਦੀ ਬਾਣੀ ਨੂੰ ਇਕ ਸਾਂਝੇ ਥਾਂ ਉਤੇ ਤਰਤੀਬਬਾਰ ਲਗਾ ਕੇ ਜੋ ਸੁਨੇਹਾ ਦਿੱਤਾ ਉਹ ਸੀ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।'' ਗੁਰੂ ਰਵਿਦਾਸ ਮਹਾਰਾਜ ਨੇ ਬੇਗਮਪੁਰਾ ਸ਼ਹਿਰ ਦਾ ਸੰਕਲਪ ਦਿੱਤਾ, ਜਿੱਥੇ ਕਿਸੇ ਵੀ ਪ੍ਰਕਾਰ ਦਾ ਗਮ ਤੇ ਉਦਾਸੀ ਨਾ ਹੋਵੇ। ਉਨ੍ਹਾਂ ਸਰੋਤਿਆਂ ਨੂੰ ਗੁਰਬਾਣੀ ਅਧਾਰ ਗੱਲ ਕਰਕੇ ਸਮੁੱਚੇ ਸਮਾਜ ਨੂੰ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਸੁਪਨਾ 'ਇਨ ਗਰੀਬ ਸਿਖਨ ਕੋ ਦਿ 'ਪਾਤਸਾਹੀ' ਦੇ ਆਧਾਰ ਤੇ ਇਕੱਠਾ ਹੋਣ ਲਈ ਸੁਨੇਹਾ ਦਿੱਤਾ।



ਪੰਜਾਬ ਵੱਲ੍ਹ ਧਿਆਨ ਦਿਵਾਉਂਦਿਆਂ ਉਨ੍ਹਾਂ ਕਿਹਾ ਕਿ ''ਪਿਛਲੇ 10 ਸਾਲਾਂ ਦਾ ਰਿਕਾਰਡ ਸੀ ਕਿ ਸਲਾਨਾ 1500 ਦੇ ਕਰੀਬ ਸ਼ਿਕਾਇਤਾਂ ਕਮਿਸ਼ਨ ਦੇ ਦਫਤਰ ਹੀ ਪੁੱਜਦੀਆਂ ਸਨ, ਕਿਉਂਕ ਹੱਲ ਹੋਣ ਦਾ ਭਰੋਸਾ ਨਹੀਂ ਸੀ, ਪਰੰਤੂ ਜਦੋਂ ਤੋਂ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਉਹਨਾਂ ਦੀ ਨਿਯੁਕਤੀ ਹੋਈ ਹੈ, ਲੋਕਾਂ ਦੀਆਂ 1500 ਤੋਂ ਜਿਆਦਾ ਸ਼ਿਕਾਇਤਾਂ ਕਮਿਸ਼ਨ ਦੇ ਦਫਤਰ ਵਿੱਚ ਸਿਰਫ ਤਿੰਨ ਮਹੀਨਿਆਂ ਵਿੱਚ ਪੁੱਜ ਚੁੱਕੀਆਂ ਹਨ। ਇਸਦਾ ਸਿੱਧਾ ਭਾਵ ਹੈ ਕਿ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਕੰਮਕਾਜ ਵਿੱਚ ਆਮ ਲੋਕਾਂ ਦਾ ਭਰੋਸਾ ਵਧਿਆ ਹੈ।

ਮੰਚ ਮੰਚ ਸੰਚਾਲਨ ਸ੍ਰੀ ਮਨਜੀਤ ਸੰਧੂ ਨੇ ਕੀਤਾ ਅਤੇ ਹਰ ਦੌਰੇ ਉਤੇ ਇਥੇ ਆਉਣ ਦੀ ਬੇਨਤੀ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ। ਜਸਵੀਰ ਸਿੰਘ ਗੜ੍ਹੀ ਦਾ ਧੰਨਵਾਦ ਕਰਦਿਆਂ ਮਾਨ-ਸਨਮਾਨ ਕੀਤਾ ਗਿਆ। ਸੰਗਤਾਂ ਦੇ ਇਕੱਠ ਵਿੱਚ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਸ੍ਰੀ ਰਮਨ ਕਾਂਤ, ਉਪ-ਪ੍ਰਧਾਨ ਜਸਵਿੰਦਰ ਕੁਮਾਰ, ਸਕੱਤਰ ਜੋਗਾ ਸਿੰਘ, ਉਪ-ਸਕੱਤਰ ਰਵੀ ਕੁਮਾਰ, ਮਹਿਮੀ, ਖਜਾਨਚੀ ਮਨਜੀਤ ਸੰਧੂ, ਉਪ-ਖਜਾਨਚੀ ਜਸਵਿੰਦਰ ਸਹਜਲ, ਰਾਮਜੀਤ ਸਿੰਘ, ਚਰਨਦਾਸ, ਟਹਿਲ ਰਾਮ, ਮਹਿੰਦਰ ਪਾਲ, ਸੋਹਨ ਲਾਲ, ਗੁਰਬਖ਼ਸ਼ ਕੌਰ, ਕਸ਼ਮੀਰ ਕੌਰ, ਨੀਲਮ ਰਾਣੀ, ਹੇਮਾ ਚੁੰਬਰ, ਗੁਰਪ੍ਰੀਤ ਮੱਲ ਤੇ ਸੁਰਿੰਦਰ ਮਾਹੀ ਆਦਿ ਹਾਜਰ ਸਨ।

# ਵਿਦਿਆਰਥੀਆਂ ਵੱਲੋਂ ਬਣਾਏ ਈ-ਰਿਕਸਾ ਪ੍ਰੋਜੈਕਟ ਬਣਾਉਣ 'ਤੇ ਕੈਬਨਿਟ ਮੰਤਰੀ ਪੰਜਾਬ ਨੇ ਕੀਤਾ ਸਨਮਾਨਿਤ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)–** ਪੰਜਾਬ ਸਰਕਾਰ ਇੱਕ ਟੀਚਾ ਲੈ ਕੇ ਚਲੀ ਸੀ ਵਧੀਆ ਸਿਹਤ ਸੇਵਾਵਾਂ ਅਤੇ ਚੰਗੀ ਸਿੱਖਿਆ, ਸਿਹਤ ਸੇਵਾਵਾਂ ਦੇ ਲਈ ਸਰਕਾਰ ਵੱਲੋਂ ਆਮ ਆਦਮੀ ਕਲੀਨਿਕ ਖੋਲੇ ਗਏ ਅਤੇ ਸਿੱਖਿਆ ਦੇ ਅੰਦਰ ਭਾਰੀ ਬਦਲਾਅ ਲਿਆਂਦੇ ਗਏ, ਸਕੂਲ ਆਫ ਐਮੀਨੈਂਸ ਜਿਸ ਨਾਲ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀ ਆਈ, ਉਹ ਸੁਵਿਧਾਵਾਂ ਜੋ ਚੰਗੇ ਪ੍ਰਾਈਵੇਟ ਸਕੂਲ ਵਿਦਿਆਰਥੀਆਂ ਨੂੰ ਦਿੰਦੇ ਹਨ ਉਸ ਤੋਂ ਵੀ ਵੱਧ ਸਹੂਲਤਾਂ ਸਰਕਾਰੀ ਸਕੂਲਾਂ ਅੰਦਰ ਮੁਹੇਈਆਂ ਕਰਵਾਈਆਂ ਜਾ ਰਹੀਆ ਹਨ ਅੱਜ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਸਿੱਖਿਆ ਦੇ ਖੇਤਰ ਅੰਦਰ ਵੱਖਰੀ ਪਹਿਚਾਨ ਬਣਾ ਰਹੇ ਹਨ ਤਾਂ ਸਰਕਾਰ ਦਾ ਵੀ ਚੰਗੀ ਸਿੱਖਿਆ ਦੇਣ ਦਾ ਉਦੇਸ ਪੂਰਾ ਹੋ ਰਿਹਾ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਪਿੰਡ ਕਟਾਰੂਚੱਕ ਵਿਖੇ ਸਥਿਤ ਦਫਤਰ ਵਿੱਚ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀ ਨੂੰ ਸਨਮਾਨਤ ਕਰਨ ਮਗਰੋਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਾਜੇਸ ਕੁਮਾਰ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਪਠਾਨਕੋਟ, ਅਮਨਦੀਪ ਕੁਮਾਰ ਡਿਪਟੀ ਡੀ.ਈ. . ਸੈਕੰਡਰੀ, ਪਿੰ: ਮੋਨਿਕਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਮੀਨੀ, ਲਲਿਤ ਮੋਹਣ ਪ੍ਰੋਜੈਕਟ ਕੋਆਰਡੀਨੇਟਰ, ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਵਿੰਗ ਪਠਾਨਕੋਟ, ਪਵਨ ਕੁਮਾਰ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜ ਕਰਤਾ ਹਾਜਰ ਸਨ।





ਜਿਕਰਯੋਗ ਹੈ ਕਿ ਪਿਛਲੇ ਦਿਨ੍ਹਾਂ ਦੌਰਾਨ ਆਈ।ਆਈ।ਟੀ ਰੋਪੜ ਵਿਖੇ ਪੰਜਾਬ ਸਰਕਾਰ ਵੱਲੋਂ ਚਲਾਏ ਬਿਜਨੈਸ ਬਲਾਸਟਰ ਪ੍ਰੋਜੈਕਟ ਸਰੂ ਕੀਤੇ ਗਏ ਸਨ ਅਤੇ ਉਸ ਅਧੀਨ ਇੱਕ ਪ੍ਰਤਿਯੋਗਿਤਾ ਕਰਵਾਈ ਗਈ ਸੀ। ਜਿਸ ਅਧੀਨ ਪੂਰੇ ਪੰਜਾਬ ਵਿੱਚੋਂ 10 ਸਕੂਲ ਟਾੱਪ-10 ਰੱਖੇ ਗਏ ਸਨ ਅਤੇ ਸਕੂਲ ਆਫ ਐਮੀਨੈਸ ਲਮੀਨੀ ਦੀ ਟੀਮ ਨੇ ਈ-ਸਾਈਕਲ ਬਣਾਇਆ ਜੋ ਬੈਟਰੀ ਨਾਲ ਚਲਦਾ ਹੈ ਅਤੇ ਚਾਰਜਬੈਲ ਵੀ ਹੈ ਇਸ ਪ੍ਰੋਜੈਕਟ ਨੂੰ ਵੇਖਦਿਆਂ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਵੱਲੋਂ ਉਕਤ ਟੀਮ ਨੂੰ 1 ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਅਤੇ ਬੱਚਿਆਂ ਨੂੰ ਯਾਦਗਾਰ ਚਿਨ੍ਹ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ ਸੀ।

ਅੱਜ ਦੈ ਸਮਾਰੋਹ ਦੋਰਾਨ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਖੁਸੀ ਦੀ ਗੱਲ ਹੈ ਕਿ ਜਿਲ੍ਹਾ ਪਠਾਨਕੋਟ ਵਿਖੇ ਚਲਾਏ ਜਾ ਰਹੇ ਸਕੂਲ ਆਫ ਐਮੀਨੈਸ ਲਮੀਨੀ ਦੇ ਵਿਦਿਆਰਥੀਆਂ ਵੱਲੋਂ ਈ-ਰਿਕਸਾ ਬਣਾਇਆ ਗਿਆ ਹੈ ਅਤੇ ਰੋਪੜ ਵਿਖੇ ਕਰਵਾਏ ਮੁਕਾਬਲਿਆਂ ਵਿੱਚੋਂ ਟਾੱਪ-10 ਦੀ ਲਿਸਟ ਵਿੱਚ ਨਾਮ ਦਰਜ ਕਰਵਾ ਕੇ ਪਠਾਨਕੋਟ ਦਾ ਨਾਮ ਪੂਰੇ ਪੰਜਾਬ ਰੋਸਨ ਕੀਤਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਨੂੰ ਧਿਆਨ ਵਿੱਚ ਰੱਖਕੇ ਬੱਚਿਆਂ ਵੱਲੋਂ ਈ-ਰਿਕਸਾ ਬਣਾਇਆ ਗਿਆ ਹੈ ਅਤੇ ਪ੍ਰੋਜੈਕਟ ਮੁਕਾਬਲਿਆਂ ਵਿੱਚ ਪਠਾਨਕੋਟ ਵੀ ਟਾੱਪ ਰਿਹਾ ਹੈ। ਉਨ੍ਹਾਂ ਜਿਲ੍ਹਾ ਪਠਾਨਕੋਟ ਅਤੇ ਪਠਾਨਕੋਟ ਸਿਟੀ ਦੇ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਹੈ ਆ ਅਸੀਂ ਸਾਰੇ ਮਿਲ ਕੇ ਸਿੱਖਿਆ ਦੇ ਖੇਤਰ ਅੰਦਰ ਇੱਕ ਕ੍ਰਾਂਤੀ ਲਿਆ ਸਕਦੇ ਹਾਂ। ਉਨ੍ਹਾਂ ਕਿਹਾ ਕਿ ਕਿ ਸਰਕਾਰੀ ਸਕੂਲਾਂ ਵਿੱਚ ਬੱਚਿਆ ਦੇ ਅੰਦਰ ਦੀ ਸਖਸੀਅਤ ਨੂੰ ਨਿਖਾਰਣ ਦੇ ਲਈ ਪੰਜਾਬ ਸਰਕਾਰ ਵੱਲੋਂ ਹੋਰ ਵੀ ਵਿਸੇਸ ਉਪਰਾਲੇ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਅੱਜ ਪੰਜਾਬ ਅੰਦਰ ਜਿਲ੍ਹਾ ਪਠਾਨਕੋਟ ਦਾ ਨਾਮ ਰੋਸਨ ਕਰਨ ਤੇ ਇਨ੍ਹਾਂ ਬੱਚਿਆਂ ਨੂੰ ਵਧਾਈ ਦਿੰਦੇ ਹਨ ਅਤੇ ਉਮੀਦ ਕਰਦੇ ਹਨ ਕਿ ਇਹ ਬੱਚੇ ਜਿਲ੍ਹਾ ਪਠਾਨਕੋਟ ਦਾ ਨਾਮ ਅਤੇ ਅਪਣੇ ਮਾਪਿਆਂ ਦਾ ਨਾਮ ਪੂਰੇ ਭਾਰਤ ਅੰਦਰ ਵੀ ਰੋਸਨ ਕਰਨਗੇ।

# ਪੰਜਾਬ ਸਰਕਾਰ ਨੇ ਜ਼ਿਲ੍ਹੇ ਦੇ 155 ਪਰਿਵਾਰਾਂ ਦਾ 1 ਕਰੋੜ 84 ਲੱਖ ਤੋਂ ਵੱਧ ਦਾ ਕਰਜ਼ਾ ਮੁਆਫ ਕੀਤਾ - ਡਾ. ਚੱਬੇਵਾਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਅੱਜ ਚੱਬੇਵਾਲ ਹਲਕੇ ਦੇ ਲੋੜਵੰਦ ਅਤੇ ਪੱਛੜੇ ਵਰਗ ਦੇ ਪਰਿਵਾਰਾਂ ਨੂੰ ਕਰਜ਼ਾ ਮੁਆਫੀ ਦੇ ਸਰਟੀਫਿਕੇਟ ਵੰਡੇ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਪਰਿਵਾਰਾਂ ਦੇ 56 ਲੱਖ 52 ਹਜ਼ਾਰ 909 ਰੁਪਏ ਦੇ ਕਰਜ਼ੇ ਮੁਆਫ ਕੀਤੇ ਗਏ ਹਨ। ਡਾ. ਰਾਜ ਕੁਮਾਰ ਚੱਬੇਵਾਲ ਅਤੇ ਡਾ। ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ 67.84 ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਹਨ, ਜਿਸ ਨਾਲ ਸੂਬੇ ਦੇ ਗਰੀਬ ਅਤੇ ਪੱਛੜੇ ਵਰਗ ਨੂੰ ਵੱਡੀ ਰਾਹਤ ਮਿਲੀ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ 155 ਪਰਿਵਾਰਾਂ ਦੇ 1 ਕਰੋੜ 84 ਲੱਖ 37,150 ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਗਏ ਹਨ, ਜਿਸ ਨਾਲ ਪੰਜਾਬ ਸਰਕਾਰ ਨੇ ਗਰੀਬ ਪਰਿਵਾਰਾਂ ਨੂੰ ਵੱਡੀ ਰਾਹਤ ਦਿੱਤੀ ਹੈ। ਡਾ. ਚੱਬੇਵਾਲ ਨੇ ਅੱਗੇ ਕਿਹਾ ਕਿ ਇਹ ਉਪਰਾਲਾ ਪੰਜਾਬ ਸਰਕਾਰ ਵੱਲੋਂ ਗਰੀਬਾਂ ਦੇ ਜੀਵਨ ਵਿੱਚ ਖੁਸ਼ਹਾਲੀ ਲਿਆਉਣ ਲਈ ਇਕ ਵੱਡਾ ਕਦਮ ਹੈ, ਤਾਂ ਜੋ ਕੋਈ ਵੀ ਵਿੱਤੀ ਤੰਗੀ ਕਾਰਨ ਪਿੱਛੇ ਨਾ ਰਹੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੇ ਬਰਾਬਰ ਵਿਕਾਸ ਨੂੰ ਯਕੀਨੀ ਬਣਾ ਰਹੀ ਹੈ ਅਤੇ ਸਾਰੀਆਂ ਨੀਤੀਆਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕੀਤਾ ਜਾ ਰਿਹਾ ਹੈ। ਡਾ। ਚੱਬੇਵਾਲ ਨੇ ਕਿਹਾ ਕਿ ਜਦੋਂ ਸਾਰੇ ਵਰਗ ਬਰਾਬਰ ਵਿਕਾਸ ਕਰਨਗੇ ਤਾਂ ਹੀ ਸੂਬਾ ਵਿਕਾਸ ਦੇ ਮਾਮਲੇ ਵਿੱਚ ਤੇਜ਼ੀ ਨਾਲ ਅੱਗੇ ਵਧੇਗਾ। ਇਸ ਮੌਕੇ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਚੱਬੇਵਾਲ ਵਿਚ ਜਿਨ੍ਹਾਂ ਪਰਿਵਾਰਾਂ ਨੂੰ ਰਾਹਤ ਦਿੱਤੀ ਗਈ ਹੈ, ਉਹ ਪਿਛਲੇ ਕਈ ਸਾਲਾਂ ਤੋਂ ਇਸ ਕਰਜ਼ੇ ਕਾਰਨ ਮਾਨਸਿਕ ਤਣਾਅ ਤੋਂ ਪੀੜਤ ਸਨ, ਪਰ ਹੁਣ ਪੰਜਾਬ ਸਰਕਾਰ ਨੇ ਇਨ੍ਹਾਂ ਪਰਿਵਾਰਾਂ ਦੇ ਤਣਾਅ ਨੂੰ ਦੂਰ ਕਰਕੇ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਦਾ ਮੌਕਾ ਪ੍ਰਦਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਚੱਬੇਵਾਲ ਹਲਕੇ ਵਿੱਚ ਵਿਕਾਸ ਕਾਰਜ ਲਗਾਤਾਰ ਜਾਰੀ ਹਨ ਅਤੇ ਆਉਣ ਵਾਲੇ ਸਮੇਂ ਵਿਚ ਪੰਜਾਬ ਸਰਕਾਰ ਵੱਲੋਂ ਹਲਕੇ ਲਈ ਹੋਰ ਵੀ ਕਈ ਪ੍ਰੋਜੈਕਟ ਦਿੱਤੇ ਜਾ ਰਹੇ ਹਨ ਅਤੇ ਸਾਡਾ ਇੱਕੋ ਇੱਕ ਉਦੇਸ਼ ਚੱਬੇਵਾਲ ਹਲਕੇ ਨੂੰ ਵਿਕਾਸ ਪੱਖੋਂ ਪੰਜਾਬ ਦਾ ਨੰਬਰ ਇੱਕ ਹਲਕਾ ਬਣਾਉਣਾ ਹੈ। ਇਸ ਮੌਕੇ ਪਹੁੰਚੇ ਪਰਿਵਾਰਾਂ ਨੇ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਦਾ ਧੰਨਵਾਦ ਕੀਤਾ।



# ਆਂਗਨਵਾੜੀ ਵਰਕਰਾਂ ਨੂੰ ਦਿੱਤੀ ਪੋਸ਼ਣ ਅਭਿਆਨ ਤਹਿਤ ਪੋਸ਼ਣ ਟਰੈਕਰ ਮੋਬਾਇਲ ਐਪਲੀਕੇਸ਼ਨ ਦੀ ਟ੍ਰੇਨਿੰਗ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲਾ ਪ੍ਰਸ਼ਾਸਨ ਵਲੋਂ ਬਲਾਕ ਨਵਾਂਸ਼ਹਿਰ ਦੇ ਮੁਬਾਰਕਪੁਰ, ਉਸਮਾਨਪੁਰ, ਗੁਜ਼ਰਪੁਰ ਕਲਾਂ ਅਤੇ ਮੁਜੱਫਰਪੁਰ ਦੇ ਆਂਗਨਵਾੜੀ ਸਰਕਲਾਂ ਵਿਖੇ ਆਂਗਨਵਾੜੀ ਵਰਕਰਾਂ ਨੂੰ ਪੋਸ਼ਣ ਅਭਿਆਨ ਸਕੀਮ ਤਹਿਤ ਪੋਸ਼ਣ ਟਰੈਕਰ ਮੋਬਾਇਲ ਐਪਲੀਕੇਸ਼ਨ ਦੀ ਟ੍ਰੇਨਿੰਗ ਦਿੱਤੀ ਗਈ। ਬਾਲ ਵਿਕਾਸ ਪ੍ਰੋਜੈਕਟ ਅਫਸਰ ਪੂਰਨ ਪੰਕਜ ਸ਼ਰਮਾ ਨੇ ਦੱਸਿਆ ਕਿ ਵਿਭਾਗੀ ਸਕੀਮ ਸਕਸ਼ਮ ਆਂਗਨਵਾੜੀ ਸੈਂਟਰ ਅਤੇ ਪੋਸ਼ਣ 2.0 ਸਕੀਮ ਤਹਿਤ ਉਕਤ ਦਰਸਾਏ ਆਂਗਨਵਾੜੀ ਸਰਕਲਾਂ ਵਿਖੇ ਆਂਗਨਵਾੜੀ ਵਰਕਰਾ ਦੀ ਪੋਸ਼ਣ ਟਰੈਕਰ ਮੋਬਾਇਲ ਐਪਲੀਕੇਸ਼ਨ ਐਪਲੀਕੇਸ਼ਨ ਦੀ ਵਿਸਥਾਰਪੂਰਵਕ ਟ੍ਰੇਨਿੰਗ ਕਰਵਾਈ ਗਈ ਜਿਸ ਦਾ ਮੁੱਖ ਮਕਸਦ ਆਂਗਨਵਾੜੀ ਵਰਕਰਾਂ ਦੇ ਹੁਨਰ ਅਤੇ ਸਮਰੱਥਾ ਨੂੰ ਹੋਰ ਸੁਚਾਰੂ ਬਣਾਉਣਾ ਹੈ। ਇਸ ਮੋਬਾਇਲ ਐਪਲੀਕੇਸ਼ਨ ਰਾਹੀ ਵਿਭਾਗੀ ਸਕੀਮ ਦੀ ਬੇਹਤਰ ਮੋਨੀਟਰਿੰਗ, ਲਾਭਪਾਤਰੀਆ ਨੂੰ ਸਕੀਮ ਅਨੁਸਾਰ ਲਾਭਾਂ ਦੀ ਵੰਡ ਵਿੱਚ ਪਾਰਦਰਸ਼ਿਤਾ ਵਿੱਚ ਸਹਾਇਤਾ ਮਿਲੇਗੀ। ਉਨ੍ਹਾ ਨੇ ਦੱਸਿਆ ਕਿ ਇਸ ਮੋਬਾਇਲ ਐਪਲੀਕੇਸ਼ਨ ਰਾਹੀ ਸਕੀਮ ਦੇ ਲਾਭ ਦੀ ਪ੍ਰਾਪਤੀ ਲਈ ਲਾਭਪਾਤਰੀਆਂ ਨੂੰ ਆਪਣਾ ਐਫ. ਆਰ. ਐਸ. ਕਰਵਾਉਣਾ ਜ਼ਰੂਰੀ ਹੈ। ਲਾਭਪਾਤਰੀ ਆਪਣੇ ਸਬੰਧਿਤ ਆਂਗਨਵਾੜੀ ਵਰਕਰ ਨਾਲ ਸੰਪਰਕ ਕਰਕੇ ਜਾਂ ਆਪ ਵੀ ਮੋਬਾਇਲ ਐਪਲੀਕੇਸ਼ਲ 'ਤੇ ਰਜਿਸਟ੍ਰੇਸ਼ਨ ਰਾਹੀ ਆਪਣੇ ਐਫ. ਆਰ. ਐਸ. ਕਰਵਾ ਸਕਦੇ ਹਨ। ਇਸ ਮੋਕੇ 'ਤੇ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਜਲਦ ਤੋ ਜਲਦ ਐਫ. ਆਰ. ਐਸ. ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾ ਜ਼ੋ ਉਨ੍ਹਾ ਨੂੰ ਨਿਰਵਿਘਨ ਸਕੀਮ ਦਾ ਲਾਭ ਦਿੱਤਾ ਜਾ ਸਕੇ। ਇਸ ਟ੍ਰੇਨਿੰਗ ਵਿੱਚ ਦਵਿੰਦਰ ਕੋਰ, ਅਮਰਜੀਤ ਕੋਰ , ਬਿਮਲਾ ਦੇਵੀ, ਕਮਲੇਸ਼ ਕੁਮਾਰੀ ਸੁਪਰਵਾਈਜ਼ਰਾ ਨੇ ਬਤੌਰ ਰਿਸੋਰਸ ਪਰਸਨ ਦੇ ਤੌਰ 'ਤੇ ਹਾਜ਼ਰ ਆਗਨਵਾੜੀ ਵਰਕਰਾ ਨੂੰ ਟ੍ਰੇਨਿੰਗ ਕਰਵਾਈ ਗਈ।

# ਸਮਾਜ ਸੇਵੀਆਂ ਦਾ ਵਫ਼ਦ ਗੜ੍ਹਸ਼ੰਕਰ ਐਸ ਡੀ ਐਮ ਨੂੰ ਮਿਲਿਆ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਗੜ੍ਹਸ਼ੰਕਰ ਇਲਾਕੇ ਵਿੱਚ ਕੰਮ ਕਰ ਰਹੀਆਂ ਵੱਖ ਵੱਖ ਸੰਸਥਾਵਾਂ ਆਦਰਸ਼ ਸੋਸ਼ਲ ਵੈਲਫੇਅਰ ਸੋਸਾਇਟੀ ਰਜਿ. ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ, ਜੀਵਨ ਜਾਗ੍ਰਿਤੀ ਮੰਚ ਰਜਿ।, ਦੁਆਬਾ ਸਾਹਿਤ ਸਭਾ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸਾਂਝੇ ਵਫਦ ਵਲੋਂ ਸਾਂਝੇ ਰੂਪ ਵਿੱਚ ਇਲਾਕੇ ਦੀ ਗੰਭੀਰ ਸਮੱਸਿਆ ਬਾਰੇ ਐਸਡੀਐਮ ਮੈਡਮ ਇਸ਼ੀ ਮੰਡਲ ਨਾਲ ਮੁਲਾਕਾਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਆਦਰਸ਼ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸ਼ਤੀਸ਼ ਕੁਮਾਰ ਸੋਨੀ ਅਤੇ ਅਧਿਆਪਕ ਆਗੂ ਮੁਕੇਸ਼ ਕੁਮਾਰ ਨੇ ਦੱਸਿਆ ਕਿ ਗੜ੍ਹਸ਼ੰਕਰ ਤੋਂ ਕੋਟ-ਫਤੂਹੀ ਜਾ ਰਹੀ ਨਹਿਰ ਦੇ ਨਾਲ ਨਾਲ ਜਾ ਰਹੀ ਸੜਕ 'ਤੇ ਪਿਛਲੇ ਡੇਢ ਦੋ ਮਹੀਨੇ ਵਿੱਚ ਨਹਿਰ ਦੇ ਨਾਲ ਰੇਲਿੰਗ ਨਾ ਹੋਣ ਕਾਰਨ ਕਾਫੀ ਐਕਸੀਡੈਂਟ ਹੋ ਚੁੱਕੇ ਹਨ।

ਇਹਨਾਂ ਐਕਸੀਡੈਂਟਾਂ ਵਿੱਚ ਕਾਫੀ ਜਾਨ ਮਾਲ ਦਾ ਨੁਕਸਾਨ ਹੋ ਚੁੱਕਾ ਹੈ ਅਤੇ ਇਸੇ ਤਰੀਕੇ ਨਾਲ ਗੜ੍ਹਸ਼ੰਕਰ ਤੋਂ ਬਲਾਚੌਰ ਜਾ ਰਹੀ ਸੜਕ 'ਤੇ ਸਮੁੰਦੜੇ ਦੇ ਕੋਲ ਦੁਬਾਰਾ ਸੜਕ ਵਿੱਚ ਡੂੰਘੇ ਟੋਏ ਪੈ ਚੁੱਕੇ ਹਨ। ਇਹਨਾਂ ਦੋਹਾਂ ਸਮੱਸਿਆਵਾਂ ਬਾਰੇ ਐਸਡੀਐਮ ਮੈਡਮ ਨੇ ਗੰਭੀਰਤਾ ਪੂਰਵਕ ਗੱਲ ਸੁਣਦਿਆਂ ਹੋਇਆਂ ਐਕਸੀਅਨ ਨੂੰ ਲੈ ਕੇ ਖੁਦ ਵਿਜਿਟ ਕਰਕੇ ਇਸ ਸਮੱਸਿਆ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਸਮੇਂ ਵਫਦ ਵਿੱਚ ਪ੍ਰਿੰਸੀਪਲ ਬਿੱਕਰ ਸਿੰਘ, ਸੰਤੋਖ ਸਿੰਘ, ਸੁਰਜੀਤ ਸਿੰਘ, ਮਨਦੀਪ ਕੁਮਾਰ, ਕਮਲਦੇਵ, ਸੁਖਦੇਵ ਡਾਨਸੀਵਾਲ, ਡਾ. ਲਖਵਿੰਦਰ ਲੱਕੀ, ਪ੍ਰੀਤ ਪਾਰੋਵਾਲੀਆ, ਅਮਰਜੀਤ ਸਿੰਘ ਬੰਗੜ, ਹੰਸਰਾਜ ਗੜ੍ਹਸ਼ੰਕਰ ਆਦਿ ਹਾਜ਼ਰ ਸਨ।

# ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸਰਪੰਚ ਅਤੇ ਪੰਚ ਦੇ ਅਹੁਦਿਆਂ ਲਈ 27 ਜੁਲਾਈ ਨੂੰ ਉਪ ਚੋਣ: ਆਸ਼ਿਕਾ ਜੈਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕਮਿਸ਼ਨਰ-ਕਮਿਸ਼ਨਰ-ਜ਼ਿਲ੍ਹਾ ਚੋਣ ਅਧਿਕਾਰੀ ਆਸ਼ਿਕਾ ਜੈਨ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ, ਪੰਜਾਬ ਨੇ ਗ੍ਰਾਮ ਪੰਚਾਇਤਾਂ ਵਿੱਚ ਖਾਲੀ ਅਸਾਮੀਆਂ ਲਈ ਉਪ ਚੋਣਾਂ ਸ਼ਡਿਊਲ ਦਾ ਐਲਾਨ ਕੀਤਾ ਹੈ। ਇਹ ਉਪ ਚੋਣ 27 ਜੁਲਾਈ 2025 (ਐਤਵਾਰ) ਨੂੰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗੀ। ਉਨ੍ਹਾਂ ਕਿਹਾ ਕਿ 15 ਅਕਤੂਬਰ, 2024 ਨੂੰ ਹੋਈਆਂ ਗ੍ਰਾਮ ਪੰਚਾਇਤ ਚੋਣਾਂ ਤੋਂ ਬਾਅਦ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸਰਪੰਚ ਦੀਆਂ 151 ਅਸਾਮੀਆਂ ਅਤੇ 4 ਪੰਚਾਂ ਦੀਆਂ 151 ਅਸਾਮੀਆਂ ਖਾਲੀ ਸਨ, ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਇਹ ਉਪ ਚੋਣ ਕਰਵਾਈ ਜਾ ਰਹੀ ਹੈ। ਜ਼ਿਲ੍ਹਾ ਚੋਣ ਅਧਿ-ਕਾਰੀ ਆਸ਼ਿਕਾ ਜੈਨ ਨੇ ਦੱਸਿਆ ਕਿ 14 ਜੁਲਾਈ 2025 (ਸੋਮਵਾਰ) ਤੋਂ 17 ਜੁਲਾਈ 2025 (ਵੀਰਵਾਰ) ਤੱਕ, ਸਬੰਧਤ ਰਿਟਰਨਿੰਗ ਅਧਿਕਾਰੀਆਂ ਦੇ ਦਫ਼ਤਰ ਵਿਖੇ ਰੋਜ਼ਾਨਾ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਦਾਖਲਾ ਲਿਆ ਜਾ ਸਕਦਾ ਹੈ। ਨਾਮਜ਼ਦਗੀ ਪੱਤਰਾਂ ਦੀ ਜਾਂਚ 18 ਜੁਲਾਈ 2025 (ਸ਼ੁੱਕਰਵਾਰ) ਨੂੰ ਕੀਤੀ ਜਾਵੇਗੀ। ਉਮੀਦਵਾਰੀ ਵਾਪਸ ਲੈਣ ਦੀ ਆਖਰੀ ਮਿਤੀ 19 ਜੁਲਾਈ 2025 (ਸ਼ਨੀਵਾਰ) ਦੁਪਹਿਰ 3 ਵਜੇ ਤੱਕ ਹੈ। ਜ਼ਿਲ੍ਹਾ ਚੋਣ ਅਧਿਕਾਰੀ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ ਤੋਂ ਬਾਅਦ ਉਸੇ ਦਿਨ ਸਬੰਧਤ ਪੋਲਿੰਗ ਕੇਂਦਰ 'ਤੇ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅੱਪਡੇਟ ਕੀਤੀਆਂ ਵੋਟਰ ਸੂਚੀਆਂ ਦਾ ਅੰਤਿਮ ਪ੍ਰਕਾਸ਼ਨ 23 ਮਈ, 2025 ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਰਪੰਚ ਦੇ ਅਹੁਦੇ ਲਈ ਵੱਧ ਤੋਂ ਵੱਧ ਖਰਚ ਸੀਮਾ 40,000 ਰੁਪਏ ਹੈ ਅਤੇ ਪੰਜ ਅਹੁਦਿਆਂ ਲਈ ਵੱਧ ਤੋਂ ਵੱਧ ਖਰਚ ਸੀਮਾ 30,000 ਰੁਪਏ ਹੈ। ਆਸ਼ਿਕਾ ਜੈਨ ਨੇ ਜ਼ਿਲ੍ਹੇ ਦੇ ਸਾਰੇ ਯੋਗ ਵੋਟਰਾਂ ਨੂੰ ਲੋਕਤੰਤਰੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਅਤੇ ਯੋਗ ਲੋਕ ਪ੍ਰਤੀਨਿਧੀਆਂ ਨੂੰ ਵੋਟ ਪਾਉਣ ਅਤੇ ਚੁਣਨ ਦੀ ਅਪੀਲ ਕੀਤੀ ਹੈ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਚੋਣਾਂ ਨੂੰ ਸ਼ਾਂਤੀਪੂਰਨ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਪ੍ਰਸ਼ਾਸਨ ਵੱਲੋਂ ਸਾਰੇ ਜ਼ਰੂਰੀ ਪ੍ਰਬੰਧ ਕੀਤੇ ਜਾ ਰਹੇ ਹਨ।



# ਸਵੇਰੇ 7 ਤੋਂ ਰਾਤ 9 ਵਜੇ ਤੱਕ ਨਵਾਂਸ਼ਹਿਰ ਵਿਚੋਂ ਓਵਰਲੋਡਡ ਹੈਵੀ ਵਾਹਨਾਂ ਦੇ ਦਾਖ਼ਲੇ 'ਤੇ ਪਾਬੰਦੀ

**ਨਵਾਂਸ਼ਹਿਰ–** ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ਼ਹਿਰ ਨਵਾਂਸ਼ਹਿਰ ਵਿਚੋਂ ਸਵੇਰੇ 7 ਵਜੇ ਤੋਂ ਰਾਤ 9 ਵਜੇ ਤੱਕ ਵਰਲੋਡਡ ਹੈਵੀ ਵਾਹਨਾਂ (ਬੱਜਰੀ, ਸੀਮਿੰਟ, ਰੇਤ, ਮਿੱਟੀ, ਸਰੀਆ, ਵਰਲੋਡਡ ਤੂੜੀ/ਫੱਕ ਵਾਲੀਆਂ ਟਰਾਲੀਆਂ/ਟਰੱਕ, ਕਮਰਸ਼ੀਅਲ ਤੌਰ 'ਤੇ ਜਾਣ ਵਾਲਾ ਸਾਮਾਨ ਆਦਿ) ਨੂੰ ਲੰਘਣ/ਦਾਖ਼ਲ ਹੋਣ 'ਤੇ ਪਾਬੰਦੀ ਲਗਾ ਦਿੱਤੀ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਹੈ ਕਿ ਜ਼ਿਲ੍ਹੇ ਵਿਚੋਂ ਗੜ੍ਹਸ਼ੰਕਰ-ਨਵਾਂਸ਼ਹਿਰ ਰੋਡ ਤੋਂ ਰੋਜ਼ਾਨਾ ਦਿਨ ਅਤੇ ਰਾਤ ਸਮੇਂ ਵਰਲੋਡਡ ਵਾਹਨਾਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਹੈ, ਜਿਸ ਕਾਰਨ ਸਵੇਰ ਸਮੇਂ ਸਕੂਲ ਜਾ ਰਹੇ ਬੱਚਿਆਂ ਅਤੇ ਦਫ਼ਤਰ ਜਾ ਰਹੇ ਮੁਲਾਜ਼ਮਾਂ/ਆਮ ਵਿਅਕਤੀਆਂ ਨੂੰ ਕਾਫ਼ੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਰੋਜ਼ਾਨਾ ਕੋਈ ਨਾ ਕੋਈ ਵੱਡਾ ਹਾਦਸਾ ਵਾਪਰ ਜਾਂਦਾ ਹੈ। ਜਿਸ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੋ ਸਕਦਾ ਹੈ ਅਤੇ ਟ੍ਰੈਫਿਕ ਸਮੱਸਿਆ ਬਣੀ ਰਹਿੰਦੀ ਹੈ। ਇਸ ਲਈ ਰੋਜ਼ਾਨਾ ਵਾਪਰਨ ਵਾਲੇ ਹਾਦਸਿਆਂ ਨੂੰ ਰੋਕਣ ਲਈ, ਪਬਲਿਕ ਦੇ ਜਾਨ ਤੇ ਮਾਲ ਨੂੰ ਨੁਕਸਾਨ ਤੋਂ ਬਚਾਉਣ ਅਤੇ ਸ਼ਹਿਰ ਵਿਚ ਟ੍ਰੈਫਿਕ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਉਕਤ ਹੁਕਮ ਲਾਗੂ ਕੀਤਾ ਗਿਆ ਹੈ। ਇਹ ਹੁਕਮ 8 ਜਨਵਰੀ 2026 ਤੱਕ ਲਾਗੂ ਰਹੇਗਾ।

# ਦੁਆਬੇ ਦੇ ਵਿਦਿਆਰਥੀ ਸਾਹਿਤਕਾਰਾਂ ਨੇ ਸ਼ਾਨਦਾਰ ਕਲਾ ਦਾ ਪ੍ਰਦਰਸ਼ਨ ਕੀਤਾ

**ਮਾਹਿਲਪੁਰ–** ਤੁਸੀਂ ਲਿਖਦੇ ਜਾ ਮੈਂ ਪੁਸਤਕਾਂ ਛਾਪਦਾ ਜਾਵਾਂਗਾ। ਇਹ ਵਿਚਾਰ ਪੰਜਾਬ ਭਵਨ ਸਰੀ ਦੇ ਸੰਸਥਾਪਕ ਅਤੇ ਨਵੀਆਂ ਕਲਮਾਂ ਨਵੀਂ ਉਡਾਣ ਦੇ ਸਰਪ੍ਰਸਤ ਸੁੱਖੀ ਬਾਠ ਨੇ ਵਿਦਿਆਰਥੀਆਂ ਦੇ ਇੱਕ ਭਰਵੇਂ ਇਕੱਠ ਨੂੰ ਕੈਂਬਰਿਜ ਇੰਟਰਨੈਸ਼ਨਲ ਸਕੂਲ ਫਗਵਾੜਾ ਵਿੱਚ ਆਖੇ। ਉਹਨਾਂ ਅੱਗੇ ਕਿਹਾ ਕਿ ਨਵੀਆਂ ਕਲਮਾਂ ਨਵੀਂ ਉਡਾਣ ਦਾ ਮਨੋਰਥ ਪੰਜਾਬੀ ਭਾਸ਼ਾ ਪ੍ਰਤੀ ਨਵੀਂ ਪਨੀਰੀ ਵਿੱਚ ਮੋਹ ਜਾਗ੍ਰਿਤ ਕਰਨਾ ਹੈ ਤਾਂ ਕਿ ਆਉਣ ਵਾਲੇ ਕੱਲ ਨੂੰ ਅੰਮ੍ਰਿਤਾ ਪ੍ਰੀਤਮ ਅਤੇ ਸੰਤ ਸਿੰਘ ਸੇਖੋਂ ਬਣ ਸਕਣ। ਉਹਨਾਂ ਇਹ ਵੀ ਕਿਹਾ ਕਿ ਜਿਹੜੇ ਵਿਦਿਆਰਥੀ ਸਾਹਿਤ ਪ੍ਰੇਮੀ ਬਣ ਜਾਂਦੇ ਹਨ ਉਹ ਆਦਰਸ਼ ਨਾਗਰਿਕ ਵੀ ਬਣਦੇ ਹਨ। ਇਸ ਤਰ੍ਹਾਂ ਇਹ ਪ੍ਰੋਜੈਕਟ ਵਿਦਿਆਰਥੀਆਂ ਨੂੰ ਨਵੀਂ ਰੌਸ਼ਨੀ ਅਤੇ ਨਰੋਈ ਜ਼ਿੰਦਗੀ ਪ੍ਰਦਾਨ ਕਰ ਰਿਹਾ ਹੈ। ਇਸ ਮੌਕੇ ਦੁਆਬੇ ਦੇ ਚਾਰ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਦੁਆਰਾ ਰਚੀਆਂ ਪੁਸਤਕਾਂ ਦਾ ਲੋਕ ਅਰਪਣ ਵੀ ਕੀਤਾ ਗਿਆ। ਇਸ ਮੌਕੇ ਨਵਾਂ ਸ਼ਹਿਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਜਲੰਧਰ ਦੇ ਨਵੀਆਂ ਕਲਮਾਂ ਨਵੀਂ ਉਡਾਣ ਪ੍ਰੋਜੈਕਟ ਨਾਲ ਜੁੜੇ ਸੰਪਾਦਕ ਅਤੇ ਗਾਈਡ ਅਧਿਆਪਕ ਉਚੇਚੇ ਤੌਰ ਤੇ ਹਾਜ਼ਰ ਹੋਏ। ਸਾਹਿਤ ਸਿਰਜਣਾ ਕਰਨ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮੈਡਲ, ਸਰਟੀਫਿਕੇਟ ਅਤੇ ਪੁਸਤਕਾਂ ਨਾਲ ਨਿਵਾਜਿਆ ਗਿਆ। ਪ੍ਰੋਜੈਕਟ ਇੰਚਾਰਜ ੦ਕਾਰ ਸਿੰਘ ਤੇਜੇ ਨੇ ਕਿਹਾ ਕਿ ਇਸ ਪ੍ਰੋਜੈਕਟ ਦਾ ਮਨੋਰਥ 100 ਪੁਸਤਕਾਂ ਦਾ ਪ੍ਰਕਾਸ਼ਨ ਕਰਨਾ ਹੈ। ਦੇਸ਼ ਵਿਦੇਸ਼ ਵਿੱਚ ਜਿੱਥੇ ਵੀ ਪੰਜਾਬੀ ਵੱਸਦੇ ਹਨ ਉੱਥੇ ਇਹ ਪ੍ਰੋਜੈਕਟ ਸ਼ੁਰੂ ਹੋ ਚੁੱਕਾ ਹੈ। ਪਾਕਿਸਤਾਨ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਵੀ ਇਸ ਪ੍ਰੋਜੈਕਟ ਤੇ ਕਾਰਜ ਕੀਤਾ ਜਾ ਰਿਹਾ ਹੈ। ਪ੍ਰੋਜੈਕਟ ਦਾ ਸਾਰਾ ਖਰਚਾ ਸ੍ਰੀ ਸੁੱਖੀ ਬਾਠ ਦੁਆਰਾ ਕੀਤਾ ਜਾ ਰਿਹਾ ਹੈ। ਉਹਨਾਂ ਇਸ ਪ੍ਰੋਜੈਕਟ ਨਾਲ ਜੁੜੇ ਅਧਿਆਪਕਾਂ, ਮਾਪਿਆਂ ਅਤੇ ਵਿਦਿਆਰਥੀਆਂ ਨੂੰ ਹੋਰ ਹਿੰਮਤ ਨਾਲ ਕਾਰਜ ਕਰਨ ਦੀ ਹੱਲਾਸ਼ੇਰੀ ਦਿੱਤੀ।



ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਸ਼੍ਰੋਮਣੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਇਹਨਾਂ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਲਿਖਣ ਤੋਂ ਪਹਿਲਾਂ ਵੱਧ ਤੋਂ ਵੱਧ ਪੜ੍ਹਨਾਂ ਚਾਹੀਦਾ ਹੈ ਤਾਂ ਕਿ ਉਹਨਾਂ ਕੋਲ ਸ਼ਬਦ ਭੰਡਾਰ ਅਤੇ ਗਿਆਨ ਵਿਗਿਆਨ ਦਾ ਤਜਰਬਾ ਇਕੱਤਰ ਹੋ ਸਕੇ। ਜਿਹੜੇ ਵਿਦਿਆਰਥੀ ਬਾਲ ਸਾਹਿਤ ਦੀਆਂ ਪੁਸਤਕਾਂ ਤੇ ਰਸਾਲੇ ਪੜ੍ਹਦੇ ਹਨ ਉਹ ਸਿਰਜਣਾ ਵੀ ਵਧੀਆ ਕਰਦੇ ਹਨ। ਜ਼ਿਲ੍ਹਾ ਹੁਸ਼ਿਆਰਪੁਰ ਦੇ ਭਾਸ਼ਾ ਖੋਜ ਅਫ਼ਸਰ ਡਾ। ਜਸਵੰਤ ਰਾਏ ਨੇ ਇਸ ਪ੍ਰੋਜੈਕਟ ਨਾਲ ਸੰਬੰਧਿਤ ਪ੍ਰਬੰਧਕਾਂ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਕਿ ਅਜਿਹੇ ਯਤਨ ਸਾਡੀ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਤ ਹੀ ਨਹੀਂ ਕਰਦੇ ਜਦੋਂ ਸਗੋਂ ਸਾਡੇ ਅਸਤਿਤਵ ਨੂੰ ਨਰੋਆ ਵੀ ਬਣਾਉਂਦੇ ਹਨ। ਇਸ ਪ੍ਰੋਜੈਕਟ ਨੂੰ ਵਿਸ਼ਵ ਪੱਧਰ ਤੱਕ ਪਹੁੰਚਾਉਣਾ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ ਜਿਸ ਵਾਸਤੇ ਸੁੱਖੀ ਬਾਠ ਅਤੇ ਪ੍ਰਬੰਧਕਾਂ ਨੂੰ ਸਭ ਦੀਆਂ ਦੁਆਵਾਂ ਮਿਲ ਰਹੀਆਂ ਹਨ। ਅਸ਼ੋਕ ਮਹਿਰਾ ਨੇ ਖ਼ੂਨ ਦਾਨ, ਅੰਗ ਦਾਨ ਅਤੇ ਸਰੀਰ ਦਾਨ ਸਬੰਧੀ ਪ੍ਰਕਾਸ਼ਿਤ ਕੀਤੀ ਜਾ ਰਹੀ ਪੁਸਤਕ ਬਾਰੇ ਜਾਣਕਰੀ ਦਿੰਦਿਆਂ ਕਿਹਾ ਕਿ ਇਸ ਸੰਸਾਰ ਤੋਂ ਛੱਡਣ ਤੋਂ ਬਾਅਦ ਵੀ ਜਿਉਂਦੇ ਰਹਿਣ ਦਾ ਇੱਕੋ ਇੱਕ ਤਰੀਕਾ ਆਪਣੇ ਅੰਗ, ਸਰੀਰ ਜਾਂ ਖ਼ੂਨ ਦਾਨ ਕਰਨ ਨਾਲ ਹੀ ਸੰਭਵ ਹੈ। ਇਸ ਮੌਕੇ ਇੰਡੀਆ ਬੁੱਕ ਆਫ ਰਿਕਾਰਡਸ ਵਿੱਚ ਸ਼ਾਮਿਲ ਪੰਜਾਬੀ ਦੇ ਇੱਕੋ ਇੱਕ ਬਾਲ ਸਾਲੇ ਨਿੱਕੀਆਂ ਕਰੂੰਬਲਾਂ ਦਾ ਤਾਜ਼ਾ ਅੰਕ ਵੀ ਜਾਰੀ ਕੀਤਾ ਗਿਆ। ਜਿਸ ਬਾਰੇ ਬੋਲਦਿਆਂ ਸਟੇਟ ਅਵਾਰਡੀ ਟੀਚਰ ਅਜੇ ਕੁਮਾਰ ਖਟਕੜ, ਸਟੇਟ ਅਵਾਰਡੀ ਨਿਤਨ ਸੁਮਨ, ਡਾ. ਕੇਵਲ ਰਾਮ, ਅੰਜੂ ਵ. ਰੱਤੀ, ਰਾਮ ਤੀਰਥ ਪਰਮਾਰ, ਯੰਗ ਅਵਾਰਡੀ ਵੰਧਨਾ ਹੀਰ ਅਤੇ ਜਸਵੀਰ ਸਿੱਧੂ ਨੇ ਕਿਹਾ ਕਿ ਇਹ ਰਸਾਲਾ ਹਰ ਘਰ ਅਤੇ ਹਰ ਸਕੂਲ ਵਿੱਚ ਪੁੱਜਣਾ ਚਾਹੀਦਾ ਹੈ ਤਾਂ ਕਿ ਵਿਦਿਆਰਥੀ ਸਮੇਂ ਦੇ ਹਾਣੀ ਬਣ ਸਕਣ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਕਮਲੇਸ਼ ਕੌਰ ਸੰਧੂ ਨੇ ਸ਼ਾਨਦਾਰ ਸ਼ਬਦਾਂ ਨਾਲ ਨਿਭਾਉਂਦਿਆਂ ਸਭ ਦਾ ਮਨ ਮੋਹੀ ਰੱਖਿਆ।

ਇਸ ਮੌਕੇ ਤਿੰਨਾਂ ਜ਼ਿਲ੍ਹਿਆਂ ਦੇ ਚੋਣਵੇਂ ਵਿਦਿਆਰਥੀਆਂ ਨੇ ਆਪਣੀਆਂ ਸ਼ਾਨਦਾਰ ਪੇਸ਼ਕਾਰੀਆਂ ਨਾਲ ਸਭ ਦਾ ਮਨ ਮੋਹ ਲਿਆ। ਮੌਲਿਕ ਕਵਿਤਾਵਾਂ, ਲੇਖ ਅਤੇ ਕਹਾਣੀਆਂ ਪੇਸ਼ ਕਰਦਿਆਂ ਵਿਦਿਆਰਥੀਆਂ ਨੇ ਅਹਿਸਾਸ ਕਰਵਾਇਆ ਕਿ ਉਹ ਸੱਚਮੁੱਚ ਹੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਵਾਰਿਸ ਹਨ। ਇਸ ਮੌਕੇ ਰਵਨਜੋਤ ਕੌਰ ਸਿੱਧੂ ,ਮੱਖਣ ਬਖਲੌਰ, ਦੇਸ ਰਾਜ, ਰਾਜੇਸ਼ ਕੁਮਾਰ ਭਗਤ, ਸੀਮਾ ਰਾਣੀ, ਡਾ. ਵੀਨਾ ਅਰੋੜਾ, ਸ਼ਮਾ ਰਾਣੀ, ਅਰਵਿੰਦਰ ਕੌਰ, ਸਰਬਜੀਤ ਕੌਰ, ਬੰਧਨਾ ਸੈਣੀ, ਯੋਗੇਸ਼ ਕੌਲ ਜੋਗੀ, ਗੀਤਾਂਜਲੀ, ਮਾਸਟਰ ਪਰਦੀਪ ਸਿੰਘ ਮੌਜੀ, ਕੇਵਲ ਕੌਰ, ਸੱਤ ਪ੍ਰਕਾਸ਼, ਪਰਮਿਲਾ ਦੇਵੀ, ਹਰਵੀਰ ਮਾਨ, ਸੁਰਿੰਦਰ ਕੌਰ, ਮਨਜਿੰਦਰ ਕੁਮਾਰ, ਸਮੇਤ ਬਹੁ ਗਿਣਤੀ ਵਿੱਚ ਵਿਦਿਆਰਥੀ, ਮਾਪੇ ਅਤੇ ਗਾਈਡ ਟੀਚਰ ਹਾਜ਼ਰ ਹੋਏ। ਬਾਲ ਸਾਹਿਤ ਦੇ ਉਤਸਵ ਨੂੰ ਸ਼ਾਨਦਾਰ ਰੰਗਤ ਪ੍ਰਦਾਨ ਕਰਨ ਵਿੱਚ ਸਾਹਿਬਾ ਜੀਟਨ ਕੌਰ, ਹਰਜਿੰਦਰ ਸਿੰਘ ਨਿਆਣਾ, ਦਿਲਜੀਤ ਕੌਰ, ਸਿਮਰਤ ਕੌਰ ਅਤੇ ਸੁਖਦੇਵ ਸਿੰਘ ਬੋਹਾਨੀ ਆਦਿ ਨੇ ਅਹਿਮ ਯੋਗਦਾਨ ਪਾਇਆ। ਮੁੱਖ ਸੰਪਾਦਕ ਹਰਜਿੰਦਰ ਸਿੰਘ ਨਿਆਣਾ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬੀ ਹੋਣ ਦੇ ਨਾਤੇ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਕਿ ਮਾਤ ਭਾਸ਼ਾ ਪੰਜਾਬੀ ਦੀ ਪ੍ਰਫੁਲਤਾ ਵਿੱਚ ਯੋਗਦਾਨ ਪਾਇਆ ਜਾਵੇ।

# ਸਰਕਾਰੀ ਕਾਲਜ 'ਚ 'ਵਿਸ਼ਵ ਆਬਾਦੀ ਦਿਵਸ' ਅਤੇ 'ਅੰਤਰਰਾਸ਼ਟਰੀ ਸਾਖਰਤਾ ਹਫ਼ਤਾ' ਮਨਾਉਣ ਲਈ ਪ੍ਰੋਗਰਾਮ ਆਯੋਜਿਤ ਕੀਤੇ ਗਏ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਸਰਕਾਰੀ ਕਾਲਜ ਵਿੱਚ ਕਾਲਜ ਹੁਸ਼ਿਆਰਪੁਰ ਦੇ ਪ੍ਰਿੰਸੀਪਲ ਗੁਰਮੀਤ ਸਿੰਘ ਜੀ, ਵਾਈਸ ਪ੍ਰਿੰਸੀਪਲ ਅਤੇ ਰੈੱਡ ਰਿਬਨ ਕਲੱਬ ਇੰਚਾਰਜ ਪ੍ਰੋ। ਵਿਜੇ ਕੁਮਾਰ ਦੇ ਸਹਿਯੋਗ ਨਾਲ, 'ਵਿਸ਼ਵ ਆਬਾਦੀ ਦਿਵਸ' ਅਤੇ 'ਅੰਤਰਰਾਸ਼ਟਰੀ ਸਾਖਰਤਾ ਹਫ਼ਤਾ' ਮੁਹਿੰਮ ਤਹਿਤ ਪ੍ਰੋਗਰਾਮ ਆਯੋਜਿਤ ਕੀਤੇ ਗਏ। ਪ੍ਰੋ. ਵਿਜੇ ਕੁਮਾਰ ਨੇ ਵਿਸ਼ਵ ਆਬਾਦੀ ਦਿਵਸ ਦੇ ਮੌਕੇ 'ਤੇ ਵਧਦੀ ਆਬਾਦੀ 'ਤੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਦੁਨੀਆ ਦੀ ਮੌਜੂਦਾ ਸਥਿਤੀ ਅਤੇ ਧਰਤੀ ਦਾ ਵਿਨਾਸ਼ ਆਬਾਦੀ ਕਾਰਨ ਹੈ। ਇਸ ਲਈ, ਸਾਨੂੰ ਸਾਰਿਆਂ ਨੂੰ ਵਧਦੀ ਆਬਾਦੀ ਨੂੰ ਰੋਕਣ ਵਿੱਚ ਸਹਿਯੋਗ ਕਰਨਾ ਪਵੇਗਾ। ਧਰਮ, ਮੁੰਡੇ-ਕੁੜੀਆਂ ਵਿੱਚ ਵਿਤਕਰਾ, ਜਾਤੀਵਾਦ, ਜਾਦੂ-ਟੂਣੇ ਦੀਆਂ ਭਾਵਨਾਵਾਂ ਤੋਂ ਉੱਪਰ ਉੱਠ ਕੇ, ਮਨੁੱਖਾਂ ਨੂੰ ਆਬਾਦੀ ਨੂੰ ਕੰਟਰੋਲ ਕਰਨ ਵਿੱਚ ਸਹਿਯੋਗ ਕਰਨਾ ਪਵੇਗਾ, ਤਾਂ ਹੀ ਅਸੀਂ ਇਸ ਦਿਨ ਨੂੰ ਮਨਾਉਣ ਵਿੱਚ ਸਫਲ ਹੋ ਸਕਦੇ ਹਾਂ।




ਪ੍ਰੋ. 'ਅੰਤਰਰਾਸ਼ਟਰੀ ਸਾਖਰਤਾ ਹਫ਼ਤਾ' ਮਨਾਉਂਦੇ ਹੋਏ, ਵਿਜੇ ਕੁਮਾਰ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਕਾਲਜ ਸਟਾਫ਼ ਸਾਹਮਣੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਗਰੀਬ ਬੱਚਿਆਂ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਨਾ ਪਵੇਗਾ। ਇਹ ਸੁਨੇਹਾ ਉਨ੍ਹਾਂ ਤੱਕ ਪਹੁੰਚਾਉਣ ਦੀ ਲੋੜ ਹੈ ਕਿ ਸਰਕਾਰ ਹਰ ਗਰੀਬ ਬੱਚੇ ਨੂੰ ਸਿੱਖਿਆ ਦੇਣ ਵਿੱਚ ਪੂਰਾ ਸਹਿਯੋਗ ਦੇ ਰਹੀ ਹੈ। ਉਹ ਉਸਦੀ ਫੀਸ, ਖਾਣੇ ਅਤੇ ਕਿਤਾਬਾਂ ਦਾ ਪ੍ਰਬੰਧ ਖੁਦ ਕਰ ਰਹੀ ਹੈ। ਸਾਡਾ ਫਰਜ਼ ਹੈ ਕਿ ਅਸੀਂ ਅਨਪੜ੍ਹਾਂ ਨੂੰ ਪੜ੍ਹਾਈ ਲਈ ਜਾਗਰੂਕ ਕਰੀਏ। ਜੇਕਰ ਕੋਈ ਸਿੱਖਿਅਤ ਹੋ ਜਾਂਦਾ ਹੈ ਤਾਂ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਹੀਂ ਹੋਵੇਗਾ, ਜਿਸਦੀ ਅੱਜ ਦੇ ਸਮੇਂ ਵਿੱਚ ਬਹੁਤ ਲੋੜ ਹੈ। ਪ੍ਰੋ. ਵਿਜੇ ਕੁਮਾਰ, ਪ੍ਰੋ: ਹਰਜਿੰਦਰ ਪਾਲ, ਪ੍ਰੋ: ਸੂਰਜ ਕੁਮਾਰ, ਪ੍ਰੋ: ਮੋਹਿਤ ਮੋਹਨ, ਪ੍ਰੋ: ਸੋਫੀਆ ਗਿੱਲ, ਪ੍ਰੋ: ਹਰਪ੍ਰੀਤ ਕੌਰ, ਪ੍ਰੋ: ਮੋਨਿਕਾ ਕੰਵਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਵੀ ਇਸ ਸਮੇਂ ਹਾਜ਼ਰ ਸਨ। ਇਸ ਮੌਕੇ ਵਿਸ਼ੇ ਅਨੁਸਾਰ ਪੋਸਟਰਾਂ ਰਾਹੀਂ ਜਾਗਰੂਕਤਾ ਵੀ ਫੈਲਾਈ ਗਈ।

# ਆਬਾਦੀ ਦਿਵਸ 'ਤੇ ਬੱਚਿਆਂ ਦੇ ਅਜੋਵਾਲ ਸਕੂਲ ਵਿੱਚ ਵੱਖ-ਵੱਖ ਮੁਕਾਬਲੇ ਕਰਵਾਏ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਜ਼ਿਲ੍ਹਾ ਸਿੱਖਿਆ ਅਧਿਕਾਰੀ ਮੈਡਮ ਲਲਿਤਾ ਅਰੋੜਾ ਦੇ ਨਿਰਦੇਸ਼ਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜੋਵਾਲ ਵਿਖੇ ਵਿਸ਼ਵ ਆਬਾਦੀ ਦਿਵਸ ਮੌਕੇ ਪ੍ਰਿੰਸੀਪਲ ਅਸ਼ੋਕ ਕੁਮਾਰ ਦੀ ਪ੍ਰਧਾਨਗੀ ਹੇਠ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਇਸ ਮੌਕੇ ਵਿਦਿਆਰਥੀਆਂ ਨੇ ਬਹਿਸ, ਭੂਮਿਕਾ ਨਿਭਾਉਣੀ, ਕਹਾਣੀ ਲਿਖਣਾ, ਕਵਿਤਾ ਲਿਖਣਾ, ਸਲੋਗਨ ਲਿਖਣਾ, ਪੋਸਟਰ ਮੇਕਿੰਗ ਅਤੇ ਸਕਿੱਟ ਮੁਕਾਬਲੇ ਵਿੱਚ ਹਿੱਸਾ ਲੈ ਕੇ ਵਧਦੀ ਆਬਾਦੀ ਦੇ ਮਾੜੇ ਪ੍ਰਭਾਵਾਂ ਨੂੰ ਉਜਾਗਰ ਕੀਤਾ। ਇਸ ਮੌਕੇ ਮੈਡਮ ਸੁਕ੍ਰਿਤੀ ਕਸ਼ਯਪ ਨੇ ਕਿਹਾ ਕਿ ਆਬਾਦੀ ਦਿਵਸ ਇੱਕ ਮਹੱਤਵਪੂਰਨ ਮੌਕਾ ਹੈ। ਸਾਨੂੰ ਤੇਜ਼ੀ ਨਾਲ ਵੱਧ ਰਹੀ ਆਬਾਦੀ ਅਤੇ ਇਸ ਨਾਲ ਜੁੜੀਆਂ ਚੁਣੌਤੀਆਂ ਤੋਂ ਜਾਣੂ ਕਰਵਾਉਂਦਾ ਹੈ। ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਆਬਾਦੀ ਨਿਯੰਤਰਣ ਅਤੇ ਪਰਿਵਾਰ ਨਿਯੋਜਨ ਦੇ ਮੁੱਦਿਆਂ 'ਤੇ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ। 2023 ਦੇ ਅਨੁਮਾਨਾਂ ਅਨੁਸਾਰ, ਭਾਰਤ ਦੀ ਆਬਾਦੀ 1.4 ਬਿਲੀਅਨ ਦੇ ਨੇੜੇ ਹੈ। ਇਹ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ, ਅਤੇ 2030 ਤੱਕ ਇਹ ਭਾਰਤ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣਨ ਦੀ ਸੰਭਾਵਨਾ ਹੈ। ਭਾਰਤ ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਵੱਧ ਸੰਘਣੀ ਆਬਾਦੀ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਇਹ ਆਬਾਦੀ ਦੇ ਮਾਮਲੇ ਵਿੱਚ ਚੀਨ ਤੋਂ ਪਿੱਛੇ ਹੈ, ਪਰ ਇਹ ਭਵਿੱਖਬਾਣੀ ਕੀਤੀ ਗਈ ਹੈ ਕਿ ਇਹ ਆਉਣ ਵਾਲੇ ਸਾਲਾਂ ਵਿੱਚ ਚੀਨ ਨੂੰ ਪਿੱਛੇ ਛੱਡ ਸਕਦਾ ਹੈ।

ਇਸ ਮੌਕੇ 'ਤੇ, ਬਬਨੀਤ ਕੌਰ ਨੇ ਕਿਹਾ ਕਿ ਇਹ ਦਿਨ ਗਰਭ ਨਿਰੋਧ ਅਤੇ ਪਰਿਵਾਰ ਨਿਯੋਜਨ ਦੀ ਮਹੱਤਤਾ ਬਾਰੇ ਜਾਗਰੂਕਤਾ ਲਈ ਸਮਰਪਿਤ ਹੈ। ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਆਬਾਦੀ ਵਿਸਫੋਟ, ਪਰਿਵਾਰ ਨਿਯੋਜਨ, ਲਿੰਗ ਸਮਾਨਤਾ, ਗਰੀਬੀ, ਮਾਵਾਂ ਦੀ ਸਿਹਤ ਅਤੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਮਹੱਤਵਪੂਰਨ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨਾ ਹੈ। ਲੋਕ ਸਹੀ ਜਾਣਕਾਰੀ ਅਤੇ ਸਰੋਤਾਂ ਨਾਲ ਆਪਣੇ ਪਰਿਵਾਰ ਦੀ ਯੋਜਨਾ ਬਣਾ ਸਕਦੇ ਹਨ ਅਤੇ ਆਪਣੇ ਜੀਵਨ ਨੂੰ ਬਿਹਤਰ ਬਣਾ ਸਕਦੇ ਹਨ। ਤੇਜ਼ੀ ਨਾਲ ਵਧਦੀ ਆਬਾਦੀ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਕਰਦੀ ਹੈ, ਜਿਵੇਂ ਕਿ ਸਰੋਤਾਂ ਦੀ ਘਾਟ, ਵਾਤਾਵਰਣ ਪ੍ਰਦੂਸ਼ਣ ਅਤੇ ਜੀਵਨ ਦੀ ਗੁਣਵੱਤਾ ਵਿੱਚ ਗਿਰਾਵਟ। ਇਸ ਦਿਨ ਦਾ ਉਦੇਸ਼ ਲੋਕਾਂ ਨੂੰ ਇਨ੍ਹਾਂ ਸਮੱਸਿਆਵਾਂ ਬਾਰੇ ਜਾਗਰੂਕ ਕਰਨਾ ਅਤੇ ਹੱਲ ਪੇਸ਼ ਕਰਨਾ ਹੈ।

# ਪ੍ਰੋਜੈਕਟ ਜੀਵਨ ਜੋਤ ਤਹਿਤ ਬਾਲ ਭਿੱਖਿਆ ਖਿਲਾਫ ਮੁਹਿੰਮ ਜਾਰੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਨਿਰਦੇਸ਼ਾਂ ‘ਤੇ ਜ਼ਿਲੇ ਵਿਚ ਚੱਲ ਰਹੀ ਮੁਹਿੰਮ ਤਹਿਤ ਨਵਾਂ ਸ਼ਹਿਰ ਅਧੀਨ ਬਸ ਸਟੈਂਡ , ਕੋਠੀ ਰੋਡ, ਬੰਗਾ ਰੋਡ ਰੇਲਵੇ ਰੋਡ ‘ਤੇ ਬਾਲ ਭਿੱਖਿਆ ਖਿਲਾਫ ਚੈਕਿੰਗ ਕੀਤੀ ਗਈ ਅਤੇ 18 ਸਾਲ ਤੋਂ ਘੱਟ ਉਮਰ ਦੇ ਤਿੰਨ ਬੱਚਿਆਂ ਨੂੰ ਰੈਸਕਿਊ ਕੀਤਾ ਗਿਆ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀਆਂ ਹਦਾਇਤਾਂ ‘ਤੇ ਪ੍ਰੋਜੇਕਟ ਜੀਵਨ ਜੋਤ ਨੂੰ ਲਾਗੂ ਕਰਨ ਲਈ ਜਿਲੇ ਵਿੱਚ ਬਾਲ ਭਿੱਖਿਆ ਖਿਲਾਫ ਮੁਹਿੰਮ ਜਾਰੀ ਹੈ। ਜ਼ਿਲਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਅਗਵਾਈ ਅਤੇ ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਪ੍ਰਧਾਨਗੀ ਹੇਠ ਨਵਾਂ ਸ਼ਹਿਰ ਵਿਖੇ ਬੱਸ ਸਟੈਂਡ , ਕੋਠੀ ਰੋਡ, ਬੰਗਾ ਰੋਡ ਰੇਲਵੇ ਰੋਡ ‘ਤੇ ਖਿਲਾਫ ਚੈਕਿੰਗ ਕੀਤੀ ਗਈ। ਕੰਚਨ ਅਰੋੜਾ ਨੇ ਦੱਸਿਆ ਕਿ ਟੀਮ ਵੱਲੋਂ ਚੈਕਿੰਗ ਦੌਰਾਨ 18 ਸਾਲ ਤੋਂ ਘੱਟ ਉਮਰ ਦੇ ਤਿੰਨ ਬੱਚਿਆਂ ਨੂੰ ਰੈਸਕਿਊ ਕੀਤਾ ਗਿਆ ਜਿਸ ਉਪਰੰਤ ਬਾਲ ਭਲਾਈ ਕਮੇਟੀ ਵਿਖੇ ਪੇਸ਼ ਕੀਤਾ ਗਿਆ ਹੈ ਤਾਂ ਜੋ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਗਲੇਰੀ ਕਾਰਵਾਈ ਕੀਤੀ ਜਾ ਸਕੇ।ਜਿਲ੍ਹਾ ਬਾਲ ਸੁਰੱਖਿਆ ਅਫਸਰ ਵੱਲੋਂ ਦੁਕਾਨਦਾਰਾਂ ਅਤੇ ਆਮ ਜਨਤਾ ਨੂੰ ਜਾਗਰੂਕ ਕੀਤਾ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਮੰਗਵਾਉਣਾ ਕਾਨੂੰਨੀ ਤੌਰ ‘ਤੇ ਅਪਰਾਧ ਹੈ । ਬਾਲ ਭਿੱਖਿਆ ਨੂੰ ਜੜ ਤੋਂ ਖਤਮ ਕਰਨ ਲਈ ਭੀਖ ਮੰਗਣ ਵਾਲੇ ਬੱਚਿਆਂ ਨੂੰ ਭੀਖ ਵਿੱਚ ਪੈਸੇ ਨਾ ਦਿੱਤੇ ਜਾਣ ਸਗੋਂ ਉਨਾਂ ਦੇ ਮਾਂ ਪਿ ਦੀ ਕਾਉਂਸਲਿੰਗ ਕੀਤੀ ਜਾਵੇ ਤਾਂ ਜੋ ਉਹ ਆਪਣੇ ਬੱਚਿਆਂ ਨੂੰ ਭੀਖ ਮੰਗਣ ਦੀ ਬਜਾਏ ਸਕੂਲਾਂ ਵਿੱਚ ਪੜ੍ਹਨ ਲਈ ਭੇਜਣ। ਇਸ ਮੌਕੇ ਬਾਲ ਸੁਰੱਖਿਆ ਅਫਸਰ ਗੌਰਵ ਸ਼ਰਮਾ ਵੱਲੋਂ ਸਰਕਾਰ ਵੱਲੋਂ ਲੋੜਵੰਦ ਬੱਚਿਆਂ ਲਈ ਚਲਾਈ ਜਾ ਰਹੀ ਸਪੋਂਸਰਸ਼ਿਪ ਸਕੀਮ ਸਬੰਧੀ ਵੀ ਜਾਣੂ ਕਰਵਾਇਆ ਗਿਆ ਜਿਸ ਤਹਿਤ ਲੋੜਵੰਦ ਅਤੇ ਬੇਸਹਾਰਾ ਬੱਚਿਆਂ ਨੂੰ ਪ੍ਰਤੀ ਮਹੀਨਾ 4000 ਰੁਪਏ ਵਿੱਤੀ ਸਹਾਇਤਾ ਬੱਚਿਆਂ ਨੂੰ ਸਿੱਖਿਅਤ ਕਰਨ ਲਈ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋ ਬਸ ਸਟੈਂਡ ਤੇ ਮੌਜੂਦ ਟੈਕਸੀ ਡਰਾਈਵਰਾਂ ਅਤੇ ਆਮ ਜਨਤਾ ਨੂੰ ਅੱਜ ਕਲ ਬੱਚਿਆ ਨਾਲ ਹੋ ਰਹੇ ਹਰ ਤਰਹਾਂ ਦੇ ਸੋਹਣ ਬਾਰੇ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ ਗਈ ਅਤੇ ਕਿਹਾ ਗਿਆ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ 18 ਸਾਲ ਤੋਂ ਘੱਟ ਉਮਰ ਦਾ ਕੋਈ ਬੱਚਾ ਭਿਖਿਆ ਵਿੱਚ ਲੱਗਿਆ ਦਿਖਾਈ ਦਿੰਦਾ ਹੈ ਤਾਂ ਇਸ ਸਬੰਧੀ ਜਾਣਕਾਰੀ ਜਿਲਾ ਬਾਲ ਸੁਰੱਖਿਆ ਯੂਨਿਟ ਕਮਰਾ ਨੰਬਰ 309 ਦੂਜੀ ਮੰਜ਼ਿਲ ਡੀਸੀ ਦਫਤਰ ਜਾਂ ਚਾਇਲਡ ਹੈਲਪਲਾਈਨ ਨੰਬਰ 1098 ਤੇ ਦਿੱਤੀ ਜਾਣੀ ਯਕੀਨੀ ਬਣਾਈ ਜਾਵੇ। ਚੈਕਿੰਗ ਟੀਮ ਵਿੱਚ ਬਾਲ ਸੁਰੱਖਿਆ ਅਫਸਰ ਗੌਰਵ ਸ਼ਰਮਾ ਅਤੇ ਸੰਤੋਸ਼ ਡੀਈ , ਸੀਡੀਪੀ ਦਫਤਰ ਤੋਂ ਸੁਪਰਵਾਈਜਰ ਹਰਭਜਨ ਕੌਰ, ਪੁਲਿਸ ਵਿਭਾਗ ਤੋਂ ਮੇਹਰ ਚੰਦ ਏ ਐਸ ਆਈ ਅਤੇ ਸੁਰਜੀਤ ਸਿੰਘ ਦੇ ਨਾਲ ਨਾਲ ਸਿੱਖਿਆ ਵਿਭਾਗ ਤੋਂ ਪ੍ਰਾਇਮਰੀ ਟੀਚਰ ਮੋਹਿਤ ਗੁੰਬਰ ਮੌਜੂਦ ਸਨ।



# ਮਨਰੇਗਾ ਮਜ਼ਦੂਰਾਂ ਦੇ ਭਵਿੱਖ ਦਾ ਖਿਆਲ ਵੀ ਸਰਕਾਰ ਵਲੋਂ ਰੱਖਿਆ ਜਾਣਾ ਚਾਹੀਦਾ ਹੈ - ਐਨ ਐਲ ਓ ਰਾਹੋਂ



**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)**– ਨੈਸ਼ਨਲ ਲੇਬਰ ਆਰਗੇਨ-ਾਈਜੇਸ਼ਨ (ਐਨ ਐਲ ) ਦੇ ਕਨਵੀਨਰ ਬਲਦੇਵ ਭਾਰਤੀ ਦੱਸਿਆ ਕਿ ਮਨਰੇਗਾ ਅਧੀਨ ਕਰਵਾਏ ਜਾਂਦੇ ਕੰਮਾਂ ਵਿੱਚੋਂ ਸੜਕਾਂ ਦੇ ਬਰਮਾਂ, ਨਹਿਰਾਂ, ਸੂਇਆਂ, ਛੱਪੜਾਂ ਅਤੇ ਲੈਂਡ ਲੈਵਲਿੰਗ ਦੇ ਕੰਮਾਂ ਤੋਂ ਇਲਾਵਾ ਹੋਰ ਕੱਚੇ ਕੰਮ ਵੀ ਬੰਦ ਕਰ ਦਿੱਤੇ ਗਏ ਹਨ। ਜਿਸ ਨਾਲ ਮਨਰੇਗਾ ਮਜ਼ਦੂਰਾਂ ਅਤੇ ਮੁਲਾਜ਼ਮਾਂ ਲਈ ਰੋਜ਼ਗਾਰ ਦੇ ਮੌਕੇ ਖਤਮ ਹੋ ਰਹੇ ਹਨ। ਅਜਿਹੇ ਮੁੱਖ ਕੰਮ ਬੰਦ ਕਰ ਕੇ ਕੇਂਦਰ ਅਤੇ ਰਾਜ ਸਰਕਾਰ ਮਨਰੇਗਾ ਨੂੰ ਖਤਮ ਕਰਨ ਜਾ ਰਹੀਆਂ ਹਨ। ਇਹ ਸਿਲਸਿਲਾ ਕਰੀਬ 7 ਮਹੀਨਿਆਂ ਤੋਂ ਚੱਲ ਰਿਹਾ ਹੈ। ਉਨ੍ਹਾਂ ਇਸ ਵਰਤਾਰੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਇਸ ਨਾਲ ਮਨਰੇਗਾ ਮਜ਼ਦੂਰਾਂ, ਮੇਹਟਾਂ, ਗ੍ਰਾਮ ਰੋਜ਼ਗਾਰ ਸਹਾਇਕ, ਤਕਨੀਕੀ ਸਹਾਇਕਾਂ ਅਤੇ ਸਹਾਇਕ ਪ੍ਰੋਗਰਾਮ ਅਫ਼ਸਰਾਂ ਆਦਿ ਵੱਖ ਵੱਖ ਕੈਟਾਗਰੀਆਂ ਦੇ ਮੁਲਾਜ਼ਮਾਂ ਦੇ ਭਵਿੱਖ ਉੱਤੇ ਵੱਡਾ ਪ੍ਰਸ਼ਨ ਚਿੰਨ੍ਹ ਲੱਗ ਚੁੱਕਾ ਹੈ। ਮਨਰੇਗਾ ਮਜ਼ਦੂਰਾਂ ਦੇ ਕੀਤੇ ਹੋਏ ਕੰਮ ਦੀ ਮਜ਼ਦੂਰੀ ਅਤੇ ਮਨਰੇਗਾ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਮਹੀਨਿਆਂ ਬੱਧੀ ਰੋਕੇ ਜਾਣ ਨਾਲ ਉਹ ਅਤਿ ਮੰਦੇ ਹਾਲਾਤਾਂ ਵਿੱਚੋਂ ਗੁਜ਼ਰ ਰਹੇ ਹਨ।

ਐਨ ਐਲ ਦੇ ਕਨਵੀਨਰ ਬਲਦੇਵ ਭਾਰਤੀ ਨੇ ਇਹ ਵੀ ਕਿਹਾ ਕਿ ਸਰਕਾਰਾਂ ਮਨਰੇਗਾ ਨੂੰ ਸੁਚੱਜੇ ਢੰਗ ਨਾਲ ਲਾਗੂ ਕਰਨ ਦੀ ਬਜਾਏ ਇਸ ਨੂੰ ਖਤਮ ਕਰਨ ਦੀ ਨੀਅਤ ਅਤੇ ਨੀਤੀ ਤੇ ਚੱਲ ਰਹੀਆਂ ਹਨ ਅਤੇ ਇਸ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਪੁਰਜ਼ੋਰ ਮੰਗ ਕੀਤੀ ਕਿ ਮਨਰੇਗਾ ਨੂੰ ਹੂਬਹੂ ਲਾਗੂ ਕੀਤਾ ਜਾਵੇ ਇਸ ਦੇ ਬਜਟ ਵਿੱਚ ਵੀ ਲੋੜੀਂਦਾ ਵਾਧਾ ਕੀਤਾ ਜਾਵੇ।

# ਅਮਨ ਅਰੋੜਾ ਨੇ ਮੁਆਫੀ ਨਾ ਮੰਗੀ ਤਾਂ ਕਰਾਂਗਾ ਮਾਣਹਾਨੀ ਦਾ ਮੁਕੱਦਮਾ: ਮਨਜਿੰਦਰ ਸਿੰਘ ਸਿਰਸਾ

**ਚੰਡੀਗੜ੍ਹ**– ਦਿੱਲੀ ਦੇ ਕੈਬਨਿਟ ਮੰਤਰੀ ਤੇ ਭਾਜਪਾ ਦੇ ਕੌਮੀ ਸਕੱਤਰ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਪੰਜਾਬ ਦੇ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੂੰ ਆਖਿਆ ਹੈ ਕਿ ਜੇਕਰ ਉਹਨਾਂ ਗੈਂਗਸਟਰਾਂ ਨਾਲ ਸੰਬੰਧਾਂ ਨੂੰ ਲੈ ਕੇ ਉਹਨਾਂ ਤੋਂ 24 ਘੰਟਿਆਂ ਅੰਦਰ ਮੁਆਫੀ ਨਾ ਮੰਗੀ ਤਾਂ ਉਹ ਉਹਨਾਂ ਖਿਲਾਫ ਮਾਣਹਾਨੀ ਦਾ ਮੁਕੱਦਮਾ ਦਾਇਰ ਕਰਨਗੇ।

ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਜਦੋਂ ਤੋਂ ਉਹਨਾਂ ਨੇ ਬੀਤੇ ਕੱਲ੍ਹ ਚੰਡੀਗੜ੍ਹ ਵਿਚ ਪ੍ਰੈਸ ਕਾਨਫਰੰਸ ਕੀਤੀ ਹੈ, ਉਦੋਂ ਤੋਂ ਆਪ ਲੀਡਰਸ਼ਿਪ ਬੌਖਲਾਹਟ ਵਿਚ ਹੈ। ਉਹਨਾਂ ਕਿਹਾ ਕਿ ਉਹ ਮੁੜ ਦੁਹਰਾਉਂਦੇ ਹਨ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਦੇ ਰਾਜ ਵਿਚ ਪੰਜਾਬ ਨੂੰ ਪੁਲਿਸ ਸਟੇਟ ਵਿਚ ਬਦਲ ਦਿੱਤਾ ਗਿਆ ਹੈ ਤੇ ਇਥੇ ਝੂਠੇ ਪੁਲਿਸ ਮੁਕਾਬਲੇ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਆਪ ਸਰਕਾਰ ਦੇ ਬੰਦੇ ਕੱਟ-ਕੱਟ ਕੇ ਉਹਨਾਂ ਦੇ ਵੀਡੀ ਸੋਸ਼ਲ ਮੀਡੀਆ ’ਤੇ ਪੋਸਟ ਕਰ ਰਹੇ ਹਨ।

ਉਹਨਾਂ ਕਿਹਾ ਕਿ ਜੇਕਰ ਅਮਨ ਅਰੋੜਾ ਨੇ ਜਨਤਕ ਤੌਰ ’ਤੇ ਮੁਆਫੀ ਨਾ ਮੰਗੀ ਤਾਂ ਉਹ ਅਮਨ ਅਰੋੜਾ ਦੇ ਖਿਲਾਫ ਮਾਣਹਾਨੀ ਦਾ ਮੁਕੱਦਮਾ ਦਾਇਰ ਕਰਨਗੇ। ਉਹਨਾਂ ਕਿਹਾ ਕਿ ਵਪਾਰੀ ਸੰਜੇ ਵਰਮਾ ਦੇ ਕਤਲ ਵਿਚ ਜੋ ਲੋਕ ਸ਼ਾਮਲ ਹਨ, ਉਹਨਾਂ ਦੇ ਸਿੱਧੇ ਆਪ ਆਗੂਆਂ ਨਾਲ ਸੰਬੰਧ ਹਨ।

ਉਹਨਾਂ ਨੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਸ਼ਾਮਲ ਅਫਸਰਾਂ ਨੂੰ ਵੀ ਚੇਤਾਵਨੀ ਦਿੱਤੀ ਕਿ ਉਹ ਉਹਨਾਂ ਦੀਆਂ ਪਰਤਾਂ ਦਰ ਪਰਤਾਂ ਖੋਲ੍ਹ ਕੇ ਰੱਖ ਦੇਣਗੇ। ਉਹਨਾਂ ਕਿਹਾ ਕਿ ਸੱਚਾਈ ਸਾਹਮਣੇ ਆਉਣ ਤੋਂ ਰੋਕਣ ਵਾਸਤੇ ਝੂਠੇ ਪੁਲਿਸ ਮੁਕਾਬਲੇ ਬਣਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਖੁਦ ਮੁਕਾਬਲੇ ਕਰਵਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਜੇਕਰ ਅਮਨ ਅਰੋੜਾ ਨੇ ਜਨਤਕ ਮੁਆਫੀ ਨਾ ਮੰਗੀ ਤਾਂ ਉਹਨਾਂ ਖਿਲਾਫ ਮਾਣਹਾਨੀ ਦਾ ਕੇਸ ਵੀ ਕਰਨਗੇ ਤੇ ਫੌਜਦਾਰੀ ਕੇਸ ਦਾਇਰ ਕਰ ਕੇ ਅਜਿਹਾ ਸਬਕ ਸਿਖਾਉਣਗੇ ਕਿ ਜ਼ਿੰਦਗੀ ਵਿਚ ਦੁਬਾਰਾ ਕਦੇ ਉਹ ਅਜਿਹੀ ਫਰਾਡ ਵੀਡੀ ਪਾਉਣ ਦਾ ਯਤਨ ਨਹੀਂ ਕਰਨਗੇ।

# ਰਿਕਵਰੀ ਮਾਮਲਿਆਂ 'ਤੇ ਗੰਭੀਰਤਾ ਨਾਲ ਕੰਮ ਕਰਨ ਮਾਲ ਅਧਿਕਾਰੀ - ਆਸ਼ਿਕਾ ਜੈਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**–ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਅੱਜ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਜ਼ਿਲ੍ਹੇ ਦੇ ਸਾਰੇ ਮਾਲ ਅਧਿਕਾਰੀਆਂ ਦੀ ਮਹੀਨਾਵਾਰ ਮੀਟਿੰਗ ਆਯੋਜਿਤ ਕੀਤੀ ਗਈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੂੰ ਹਦਾਇਤਾਂ ਦਿੰਦਿਆਂ ਕਿਹਾ ਕਿ ਰਿਕਵਰੀ ਸਬੰਧੀ ਮਾਮਲਿਆਂ ਵਿੱਚ ਗੰਭੀਰਤਾ ਵਿਖਾਈ ਜਾਵੇ ਅਤੇ ਡਿਫਾਲਟਰਾਂ ਦੀ ਸੂਚੀ ਬਣਾ ਕੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਜਾਵੇ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ "ਈਜ਼ੀ ਰਜਿਸਟ੍ਰੇਸ਼ਨ" ਦੀਆਂ ਤਿਆਰੀਆਂ ਦੀ ਸਮੀਖਿਆ ਕਰਦਿਆਂ ਦੱਸਿਆ ਕਿ ਇਸ ਪੋਰਟਲ ਰਾਹੀਂ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਹੋਰ ਵੀ ਪਾਰਦਰਸ਼ੀ ਅਤੇ ਸੁਵਿਧਾਜਨਕ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੇ "ਮੇਰਾ ਘਰ ਮੇਰੇ ਨਾਮ" ਯੋਜਨਾ ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਖਸਰਾ-ਵਾਰ ਮੈਪਿੰਗ ਅਤੇ ਜਮਾਬੰਦੀ ਅਪਡੇਟ ਵਰਗੇ ਕੰਮਾਂ ਵਿੱਚ ਤੇਜ਼ੀ ਲਿਆਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਲੰਬਿਤ ਇੰਤਕਾਲ (ਮਿਊਟੇਸ਼ਨ) ਦੇ ਮਾਮਲਿਆਂ ਨੂੰ ਜਲਦੀ ਨਿਪਟਾਉਣ ਦੇ ਨਿਰਦੇਸ਼ ਦਿੱਤੇ ਅਤੇ ਖਾਸ ਤੌਰ 'ਤੇ ਜਲ ਸੰਸਾਧਨ ਵਿਭਾਗ ਦੇ ਲੰਬਿਤ ਇੰਤਕਾਲ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਉਣ ਲਈ ਕਿਹਾ। ਪੀ. ਐਲ. ਆਰ. ਐਸ. ਦੇ ਕੰਮਾਂ ਦੀ ਸਮੀਖਿਆ ਕਰਦਿਆਂ ਉਨ੍ਹਾਂ ਮੁਸਾਵੀ ਦੇ ਡਿਜੀਟਲੀਕਰਨ ਨੂੰ ਜਲਦੀ ਪੂਰਾ ਕਰਨ 'ਤੇ ਜ਼ੋਰ ਦਿੱਤਾ। ਡਿਪਟੀ ਕਮਿਸ਼ਨਰ ਨੇ ਮੀਟਿੰਗ ਵਿੱਚ ਅਧਿਕਾਰੀਆਂ ਨੂੰ ਪਾਰਦਰਸ਼ਿਤਾ, ਸਮਾਂਬੱਧ ਅਤੇ ਜਵਾਬਦੇਹੀ ਨਾਲ ਕੰਮ ਕਰਨ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਮਾਲ ਪ੍ਰਣਾਲੀ ਆਮ ਲੋਕਾਂ ਨਾਲ ਜੁੜੀ ਹੁੰਦੀ ਹੈ, ਇਸ ਲਈ ਇਸ ਵਿੱਚ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।



# ਜਨਤਾ ਦੇ ਸੇਵਕ-ਰਾਜੇ ਮਹਾਰਾਜੇ ਕਿਉਂ ਬਣੇ?



ਗੁਰਮੀਤ ਪਲਾਹੀ
91-98158-02070

ਲੋਕਤੰਤਰਿਕ ਦੇਸ਼ਾਂ ਵਿੱਚ ਪੁਰਾਣੀ ਰਾਜਾਸ਼ਾਹੀ ਪ੍ਰਥਾ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ । ਸਾਡੇ ਮਹਾਨ ਦੇਸ਼ ਭਾਰਤ ਵਿੱਚ ਚੋਣ ਜਿੱਤਣ ਤੋਂ ਬਾਅਦ ਲੋਕ ਆਪਣੇ-ਆਪ ਨੂੰ ਮਹਾਰਾਜਾ ਸਮਝਣ ਲਗਦੇ ਹਨ। ਦੇਸ਼ ਦਾ ਆਮ ਆਦਮੀ ਸਿਆਸਤਦਾਨਾਂ ਦੇ ਨਖ਼ਰਿਆਂ ਅਤੇ ਆਪਹੁਦਰੇਪਨ ਤੋਂ ਪੂਰੀ ਤਰ੍ਹਾਂ ਤੰਗ ਆਇਆ ਹੋਇਆ ਹੈ, ਇਸ ਵੇਲੇ!

ਸਿਆਸੀ ਲੋਕ ਆਪਣੇ-ਆਪ ਨੂੰ ਵੀ.ਆਈ.ਪੀ. (ਵੱਡੇ ਆਦਮੀ) ਸਮਝਦੇ ਹਨ ਅਤੇ ਆਮ ਲੋਕਾਂ ਦੀ ਪ੍ਰਵਾਹ ਕਰਨੀ ਛੱਡ ਦਿੰਦੇ ਹਨ। ਉਹਨਾ ਆਮ ਲੋਕਾਂ ਦੀ, ਜਿਹਨਾ ਨੇ ਉਹਨਾ ਨੂੰ ਆਪਣੇ ਵੋਟ ਦੇ ਕੇ ਵਿਧਾਨ ਸਭਾ ਜਾਂ ਲੋਕ ਸਭਾ ਵਿੱਚ ਭੇਜਿਆ ਹੁੰਦਾ ਹੈ।


ਦੇਸ਼ ਵਿੱਚ ਵੀ.ਆਈ.ਪੀ. ਕਲਚਰ ਕੈਂਸਰ ਰੋਗ ਵਾਂਗਰ ਫ਼ੈਲ ਚੁੱਕਾ ਹੈ। ਗਿਆਰਾਂ ਸਾਲ ਪਹਿਲਾਂ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਬਨਣ ਦੇ ਫੌਰਨ ਬਾਅਦ ਦਿੱਲੀ 'ਚ ਸੰਸਦ ਮੈਂਬਰਾਂ ਦੀਆਂ ਗੱਡੀਆਂ ਤੋਂ ਲਾਲ ਬੱਤੀਆਂ ਹਟਵਾ ਲਈਆਂ ਸਨ ਅਤੇ ਵੀ.ਆਈ.ਪੀ. ਕਲਚਰ ਦੇ ਵਿਰੁੱਧ ਬੋਲੇ ਹਨ। ਲੇਕਿਨ ਫਿਰ ਜਿਵੇਂ ਉਹ ਭੁੱਲ ਹੀ ਗਏ ਕਿ "ਜਨਤਾ ਦੇ ਇਹਨਾ ਸੇਵਕਾਂ" ਦੀਆਂ ਵਿਗੜੀਆਂ ਆਦਤਾਂ ਸੁਧਾਰਨ ਦੀ ਸਖ਼ਤ ਲੋੜ ਹੈ।

ਸਾਡੇ ਸੂਬੇ ਦੇ ਮੌਜੂਦਾ ਮੁੱਖ ਮੰਤਰੀ ਨੂੰ ਵੀ ਵੀ.ਆਈ.ਪੀ. ਕਲਚਰ ਤੋਂ ਸਖ਼ਤ ਨਫ਼ਰਤ ਸੀ। ਪਰ ਹੁਣ ਤਾਂ ਉਹ ਵੀ ਆਪਣੇ ਕੀਤੇ ਹੋਏ ਵਾਅਦਿਆਂ ਨੂੰ ਜਿਵੇਂ ਭੁੱਲ ਹੀ ਚੁੱਕੇ ਹਨ, ਕਿਉਂਕਿ ਪੰਜਾਬ ਵਿੱਚ ਵੀ ਸਿਆਸਤਦਾਨ ਹੁਣ "ਆਮ ਆਦਮੀ" ਨਹੀਂ ਖ਼ਾਸ ਆਦਮੀ ਬਣ ਚੁੱਕਾ ਹੈ।

ਵਿਕਸਤ ਪੱਛਮੀ ਦੇਸ਼ਾਂ ਵਿੱਚ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਇੱਥੋਂ ਤਕ ਕਿ ਰਾਜਾ ਵੀ ਮੈਟਰੋ ਜਾਂ ਬੱਸ 'ਚ ਸਫ਼ਰ ਕਰਦਾ ਹੈ। ਪਰ ਭਾਰਤ ਵਿੱਚ ਤਾਂ ਇਹ ਚੀਜ਼ਾਂ ਸੁਪਨੇ ਸਮਾਨ ਹਨ। ਜਦ ਕੋਈ ਭਾਰਤੀ "ਲੋਕ ਨੁਮਾਇੰਦਾ" ਟੀ।ਵੀ। ਕੈਮਰੇ ਸਾਹਮਣੇ ਆਪਣੀ ਝੂਠੀ ਨਿਮਰਤਾ ਸਾਬਤ ਕਰਨਾ ਚਾਹੁੰਦਾ ਹੈ ਤਾਂ ਹੀ ਉਹ ਬੱਸ, ਰੇਲ ਗੱਡੀ 'ਚ ਨਜ਼ਰ ਆਉਂਦਾ ਹੈ। ਹੁਣ ਤਾਂ ਸਥਿਤੀ ਇਹ ਹੈ ਕਿ ਇਹ ਲੋਕ-ਨੁਮਾਇੰਦੇ ਚੋਣ ਜਿੱਤਣ ਤੋਂ ਬਾਅਦ ਜਨਤਾ ਨੂੰ ਭੁੱਲਕੇ ਐਸ਼ੋ-ਅਰਾਮ ਦੀ ਜ਼ਿੰਦਗੀ ਵਸਰ ਕਰਨ ਲੱਗਦੇ ਹਨ, ਉਦੋਂ ਤੱਕ ਜਦੋਂ ਤੱਕ ਦੂਜੀ ਚੋਣ ਸਿਰ 'ਤੇ ਨਹੀਂ ਆ ਜਾਂਦੀ।

ਸਿਆਸੀ ਲੋਕਾਂ ਦੀ ਸੋਚ 'ਚ ਇੰਨਾ ਨਿਘਾਰ ਆ ਚੁੱਕਾ ਹੈ । ਉਹ ਇਹ ਵੀ ਭੁੱਲ ਜਾਂਦੇ ਹਨ ਕਿ ਉਹਨਾ ਦਾ ਕੰਮ ਜਨਤਾ ਦੀ ਸੇਵਾ ਕਰਨਾ ਹੈ, ਨਾ ਕਿ ਆਪਣੇ ਸਕੇ-ਸੰਬੰਧੀਆਂ ਦੀ। ਹੈਰਾਨ ਹੋਈਦਾ ਹੈ ਉਸ ਵੇਲੇ ਕਿ ਇਹਨਾ ਜਨਤਾ ਸੇਵਕਾਂ ਕੋਲ ਮਹਿੰਗੀਆਂ ਗੱਡੀਆਂ ਕਿੱਥੋਂ ਆ ਜਾਂਦੀਆਂ ਹਨ? ਕਿਵੇਂ ਉਹ ਰਾਜੇ-ਮਹਾਰਾਜਿਆਂ ਵਾਂਗਰ ਪੰਜ ਤਾਰਾ ਹੋਟਲਾਂ 'ਚ ਖਾਣਾ ਖਾਣ ਜਾਂਦੇ ਹਨ? ਆਪਣੇ ਲਈ ਵਧੀਆ ਮਹੱਲ, "ਸ਼ੀਸ਼ ਮਹੱਲ" ਉਸਾਰ ਲੈਂਦੇ ਹਨ। ਆਉਂਦੀਆਂ ਕਈ ਪੁਸ਼ਤਾਂ ਲਈ ਧੰਨ ਇਕੱਠਾ ਕਰ ਲੈਂਦੇ ਹਨ। ਕਿਵੇਂ ਉਹ ਆਮ ਲੋਕਾਂ ਵਿਚਲੀ ਪਹਿਲੀ ਰਿਹਾਇਸ਼ ਛੱਡਕੇ, ਮਹੀਨਿਆਂ, ਦਿਨਾਂ 'ਚ ਉਹਨਾ ਮਹਿੰਗੇ ਰਿਹਾਇਸ਼ੀ ਇਲਾਕਿਆਂ 'ਚ ਜਾ ਵਸੇਰਾ ਕਰਦੇ ਹਨ, ਜਿਥੇ 90 ਫ਼ੀਸਦੀ ਵੱਡੇ ਧਨਾਢ ਕਾਰੋਬਾਰੀ ਨਿਵਾਸ ਰੱਖਦੇ ਹਨ ਅਤੇ ਇਹੀ "ਚੁਣੇ ਸੇਵਕ", ਵੱਡੇ ਸਕਿਊਰਿਟੀ ਗਾਰਡਾਂ ਅਤੇ ਆਪਣੇ ਨਾਲ ਰੱਖੇ ਨੌਕਰਾਂ-ਚਾਕਰਾਂ ਦੀਆਂ ਵੱਡੀਆਂ ਟੋਲੀਆਂ ਨਾਲ ਵਿਚਰਨ ਲੱਗਦੇ ਹਨ, ਖ਼ਾਸ ਕਰਕੇ ਉਹਨਾ ਲੋਕਾਂ 'ਚ ਜਿਹੜੇ ਵੱਡੇ ਧੰਨ-ਕੁਬੇਰ ਹਨ, ਹੋਟਲਾਂ, ਵਪਾਰਕ ਅਦਾਰਿਆਂ ਦੇ ਮਾਲਕ ਹਨ।

ਚੋਣ ਉਪਰੰਤ ਬਣੇ ਵੱਡੇ ਸੇਵਕ ਸਿਆਸੀ ਹੈਂਕੜ 'ਚ ਆਕੇ ਲੋਕਾਂ ਨਾਲ ਬੋਲ ਚਾਲ ਤਾਂ ਜਿਵੇਂ ਬਦਲ ਹੀ ਲੈਂਦੇ ਹਨ। ਉਹ ਆਪਣੇ ਸਿਆਸੀ ਵਿਰੋਧੀਆਂ 'ਤੇ ਤਿੱਖੇ ਬਾਣ ਚਲਾਉਣ ਤੋਂ ਵੀ ਦਰੇਗ ਨਹੀਂ ਕਰਦੇ। ਪਿਛਲੇ ਦਿਨਾਂ 'ਚ ਪੰਜਾਬ ਵਿਧਾਨ ਸਭਾ 'ਚ ਵਾਪਰੀਆਂ ਉਹਨਾ ਬਹਿਸਾਂ ਦਾ ਇਥੇ ਜ਼ਿਕਰ ਕਰਨਾ ਬਣਦਾ ਹੈ, ਜਿਥੇ ਸਿਆਸੀ ਸੋਚ ਨਾਲੋਂ ਨਿੱਜੀ ਕਿੜਾਂ ਕੱਢਣ ਲਈ ਹਾਕਮ ਤੇ ਵਿਰੋਧੀ ਧਿਰ ਦੇ ਵੱਡੇ ਨੇਤਾ ਇੱਕ-ਦੂਜੇ ਨਾਲ ਉਲਝਦੇ ਵੇਖੇ ਗਏ। ਉਹਨਾ ਤਨਜਾਂ ਕੱਸੀਆਂ, ਬਿਲਕੁਲ ਉਵੇਂ ਹੀ ਜਿਵੇਂ ਸ਼ਰੀਕ ਆਪਸ 'ਚ ਲੜਦੇ ਹਨ, "ਮੁੱਛਾਂ ਨੂੰ ਤਾਅ ਦਿੰਦੇ ਹਨ,



"ਦੇਖ ਲੈਣ" ਦੀਆਂ ਧਮਕੀਆਂ ਦਿੰਦੇ ਹਨ।" ਕਿਹੋ ਜਿਹਾ ਸਿਆਸੀ ਕਿਰਦਾਰ ਰਹਿ ਗਿਆ ਹੈ ਇਹਨਾ ਸੇਵਕਾਂ ਦਾ? ਜੋ ਲੋਕ ਅਸਲਿਆਂ ਤੋਂ ਮੂੰਹ ਮੋੜਕੇ ਸਿਰਫ਼ ਕੁਰਸੀ ਲਈ ਯੁੱਧ ਕਰਦੇ ਨਜ਼ਰ ਆਉਂਦੇ ਹਨ। ਭਾਰਤੀ ਸਿਆਸਤਦਾਨਾਂ ਦੀ ਸਵਾਰਥੀ ਸੋਚ ਨੇ ਭਾਰਤੀ ਲੋਕ ਮਸਲਿਆਂ ਤੋਂ ਮੂੰਹ ਮੋੜਿਆ ਹੋਇਆ ਹੈ, ਉਹਨਾ ਦਾ ਮੁੱਖ ਨਿਸ਼ਾਨਾ ਲੋਕ ਸੇਵਾ ਨਹੀਂ ਸਗੋਂ ਕੁਰਸੀ ਹਥਿਆਉਣਾ ਹੈ।

ਲੋਕ ਰਾਜ ਦੇ ਨਾਂਅ 'ਤੇ ਦੇਸ਼ ਦੇ ਮੌਜੂਦਾ ਵੱਡੇ ਹਾਕਮ ਦੇ ਸੱਤਾ ਹਥਿਆਉਣ ਤੇ ਸੱਤਾ ਬਰਕਰਾਰ ਰੱਖਣ ਦੇ ਪੈਂਤੜੇ ਕਿਸੇ ਤੋਂ ਲੁਕੇ ਛੁਪੇ ਨਹੀਂ ਹਨ। ਉਸ ਵੱਲੋਂ ਸਾਮ-ਦਾਮ-ਦੰਡ ਦੀ ਵਰਤੋਂ ਕਰਦਿਆਂ ਅਤੇ ਜਾਤ-ਧਰਮ ਦੀ ਰਾਜਨੀਤੀ ਕਰਦਿਆਂ "ਸਿਆਸਤਦਾਨਾਂ" ਦੇ ਅਸਲੀ ਅਕਸ ਉਤੇ ਲਗਾਤਾਰ ਛਿੱਟੇ ਪਾਏ ਗਏ ਹਨ। ਤਦੇ ਇਹ ਸਿਰਫ਼ ਤਾਕਤ ਦੇ ਭੁੱਖੇ ਸਿਆਸਤਦਾਨ ਲੋਕ ਮਸਲਿਆਂ ਤੋਂ ਪਿੱਛਾ ਛੁਡਾਉਂਦੇ, ਆਮ ਲੋਕਾਂ ਨੂੰ ਭਰਮਾਉਂਦੇ ਅਤੇ ਆਪਣਾ ਹਿੱਤ ਸਾਧਦੇ ਨਜ਼ਰ ਆਉਂਦੇ ਹਨ।

ਸੂਬਾ ਪੰਜਾਬ ਦੇ ਸਿਆਸਤਦਾਨਾਂ ਦੀ ਕਾਰਗੁਜ਼ਾਰੀ ਕਈ ਪੱਖਾਂ ਤੋਂ ਨਿਰਾਸ਼ ਕਰਨ ਵਾਲੀ ਹੈ। ਵਿਰੋਧੀ 'ਤੇ ਹਾਕਮ ਧਿਰ ਵਿਚਲੀ ਤਲਖ਼ਕਲਾਮੀ ਕਾਫ਼ੀ ਦੁੱਖਦਾਇਕ ਹੈ, ਉਸ ਵੇਲੇ ਜਦੋਂ ਪੰਜਾਬ ਕਈ ਹਾਲਤਾਂ 'ਚ ਪੱਛੜ ਰਿਹਾ ਹੈ। ਉਸ ਵੇਲੇ ਜਦੋਂ ਪੰਜਾਬ ਨਸ਼ਿਆਂ 'ਚ ਗਰਕਿਆ ਪਿਆ ਹੈ। ਉਸ ਵੇਲੇ ਜਦੋਂ ਪੰਜਾਬ ਖੇਤੀ ਸੰਕਟ 'ਚ ਹੈ। ਉਸ ਵੇਲੇ ਜਦੋਂ ਪੰਜਾਬ ਬੇਰੁਜ਼ਗਾਰੀ ਦਾ ਮਾਰਿਆ ਹੋਇਆ ਹੈ। ਉਸ ਵੇਲੇ ਜਦੋਂ ਪੰਜਾਬ ਦਾ ਨੌਜਵਾਨ ਪ੍ਰੇਸ਼ਾਨ ਹੈ, ਪ੍ਰਵਾਸ ਹੰਢਾਉਣ ਲਈ ਮਜ਼ਬੂਰ ਹੈ। ਉਸ ਵੇਲੇ ਜਦੋਂ ਪੰਜਾਬ ਕੋਲ ਆਪਣਾ ਕੋਈ ਤਰੱਕੀ "ਵਿਜ਼ਨ" ਹੀ ਨਹੀਂ ਹੈ। ਪੰਜਾਬ ਦੇ ਸਿਆਸਤਦਾਨ ਸਿਰ ਜੋੜਕੇ ਕੋਈ ਹੱਲ ਲੱਭਣ ਦੀ ਵਿਜਾਏ ਨਿੱਜੀ ਗੱਲਾਂ ਅਤੇ ਕਿੜ੍ਹਾਂ ਕੱਢਣ ਦੀ ਕੋਸ਼ਿਸ਼ 'ਚ ਲੱਗੇ ਹੋਏ ਹਨ। ਇੱਕ-ਦੂਜੇ ਵਿਰੁੱਧ ਬੋਲਦਿਆਂ ਮਰਿਆਦਾ ਭੁੱਲ ਚੁੱਕੇ ਹਨ। ਇਵੇਂ ਲਗਦਾ ਹੈ ਜਿਵੇਂ ਸੱਤਾਧਾਰੀ ਸੱਤਾ ਦੇ ਗਰੂਰ 'ਚ ਹਨ ਅਤੇ ਵਿਰੋਧੀ ਧਿਰ ਵਾਲੇ ਈਰਖਾ ਨਾਲ ਭਰੇ ਹੋਏ। ਪੰਜਾਬ ਆਰਥਿਕ ਅਤੇ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਦੀ ਅਮਨ ਕਾਨੂੰਨ ਸਥਿਤੀ ਵੀ ਕਈ ਹਾਲਤਾਂ 'ਚ ਗੰਭੀਰ ਬਣੀ ਹੋਈ ਹੈ। ਕੀ ਆਪਸੀ ਦੂਸ਼ਣਬਾਜ਼ੀ ਅਜਿਹੇ ਗੰਭੀਰ ਮਸਲਿਆਂ ਦਾ ਹੱਲ ਹੋ ਸਕਦੀ ਹੈ?

ਪੰਜਾਬ ਇਸ ਸਮੇਂ ਸਿਆਸੀ ਖਿਲਾਅ 'ਚ ਹੈ। ਪੰਜਾਬ ਦੀਆਂ ਇਲਾਕਾਈ ਮੰਗਾਂ ਸਮੇਤ ਖੁਦਮੁਖਤਾਰੀ ਦੀ ਮੰਗ ਦੀ ਪੂਰਤੀ ਲਈ ਇਲਾਕਾਈ ਪਾਰਟੀ ਦੀ ਲੋੜ ਪੂਰੀ ਨਾ ਹੋਣ ਦੇ ਕਾਰਨ ਪੰਜਾਬ ਦੇ ਲੋਕ ਮਨੋ ਪ੍ਰੇਸ਼ਾਨ ਹਨ। ਉਹ ਕਿਸੇ ਵੀ ਤਰ੍ਹਾਂ ਦਿੱਲੀ ਦੇ ਹਾਕਮਾਂ ਦੀ ਟੈਂਅ ਮੰਨਣ ਦੇ ਮੂਡ ਵਿੱਚ ਨਹੀਂ ਹਨ, ਕਿਉਂਕਿ ਕਿਸੇ ਵੀ ਰਾਸ਼ਟਰੀ ਧਿਰ ਨੇ ਬੀਤੇ ਸਮੇਂ 'ਚ ਪੰਜਾਬੀਆਂ ਨਾਲ ਇਨਸਾਫ਼ ਨਹੀਂ ਕੀਤਾ। ਉਹਨਾ ਨੂੰ ਸਮੇਂ-ਸਮੇਂ ਵੱਡੇ ਜ਼ਖ਼ਮ ਦਿੱਤੇ ਪਰ ਉਹਨਾ ਦੇ ਫੈਹਾ ਲਾਉਣ ਲਈ ਕਿਸੇ ਨੇ ਵੀ ਪਹਿਲਕਦਮੀ ਨਹੀਂ ਕੀਤੀ, ਸਗੋਂ ਹਰ ਹੀਲੇ ਉਹਨਾ ਨੂੰ ਵਰਤਣ ਦਾ ਯਤਨ ਕੀਤਾ।

ਪੰਜਾਬ ਦੀਆਂ ਵੱਖੋ-ਵੱਖਰੀਆਂ ਪਾਰਟੀਆਂ ਦੇ ਸਿਆਸਤਦਾਨਾਂ ਸਮੇਤ ਇਲਾਕਾਈ ਪਾਰਟੀ ਦੇ ਸਿਆਸਤਦਾਨਾਂ ਨੇ ਪੰਜਾਬ ਦੇ ਲੋਕਾਂ ਦੇ ਦਰਦ ਨੂੰ ਨਹੀਂ ਸਮਝਿਆ, ਸਗੋਂ ਆਪਣੀਆਂ ਗੱਦੀਆਂ ਪੱਕੀਆਂ ਕਰਨ ਲਈ ਨਾਪਾਕ ਗੱਠਜੋੜ ਕੀਤੇ। ਪਿਛਲੇ ਸਮੇਂ 'ਚ ਪਾਰਟੀਆਂ ਨੇ ਪੰਜਾਬ ਨੂੰ ਕਾਬੂ ਕਰਨ ਲਈ "ਆਇਆ ਰਾਮ ਗਿਆ ਰਾਮ" ਵਾਲੀ ਸਿਆਸਤ ਕਰਦਿਆਂ , ਇੱਕ-ਦੂਜੇ ਦੀਆਂ ਪਾਰਟੀਆਂ ਦੇ ਨੇਤਾ ਆਪਣੇ ਪਾਲੇ 'ਚ ਕੀਤੇ। ਉਦਾਹਰਨ ਕਾਂਗਰਸ ਹੈ। ਉਦਾਹਰਨ ਅਕਾਲੀ ਦਲ ਪਾਰਟੀ ਹੈ। ਭਾਜਪਾ 'ਚ ਕਾਂਗਰਸ ਸ਼ਾਮਲ ਹੋਏ। ਆਮ ਆਦਮੀ ਪਾਰਟੀ 'ਚ ਕਾਂਗਰਸੀ ਜਾ ਵੜੇ। ਅਕਾਲੀ ਦਲ ਦੋ ਨਹੀਂ ਕਈ ਹਿੱਸਿਆਂ 'ਚ ਵੰਡਿਆ ਗਿਆ। ਅਸੂਲ ਕਿਥੇ ਹਨ, ਉਹ ਭੁੱਲ ਗਏ। ਅੱਜ ਸਥਿਤੀ ਇਹ ਹੈ ਕਿ ਕਾਂਗਰਸ ਦੇ ਨੇਤਾ ਆਪੋ-ਆਪਣੇ ਰਾਹ ਹਨ। ਉਹਨਾ ਨੂੰ ਹਿੱਤ ਪੰਜਾਬੀਆਂ ਦਾ ਨਹੀਂ, ਆਪਣਾ ਹੈ। ਅਕਾਲੀ ਦਲ ਖੇਰੂ-ਖੇਰੂ ਹੋ ਗਿਆ। ਮੁੜ ਉਭਰੇਗਾ ਕਿ ਨਹੀਂ? ਨਿੱਜੀ ਰੰਜਿਸ਼ਾਂ, ਨਿੱਜੀ ਟੱਕਰਾਂ, ਪੰਥਕ ਸੋਚ ਨੂੰ ਤਿਲਾਂਜਲੀ ਉਹਨਾ ਦਾ ਕਿਰਦਾਰ ਬਣ ਚੁੱਕਾ ਹੈ।

ਸੱਤਾਧਾਰੀ ਪਾਰਟੀ ਨੇ ਬੜਕਾਂ ਮਾਰਕੇ ਲੋਕ ਡਰਾ ਰੱਖੇ ਹਨ। ਕਿਸਾਨਾਂ ਦੇ ਮਸਲੇ, ਮਜ਼ਦੂਰਾਂ ਦੀਆਂ ਮੰਗਾਂ, ਬੇਰੁਜ਼ਗਾਰ ਮੁਲਾਜ਼ਮਾਂ ਨਾਲ ਡਾਂਗ-ਸੋਟਾ ਨਿੱਤ-ਦਿਹਾੜੇ ਵੇਖਣ ਨੂੰ ਮਿਲ ਰਿਹਾ ਹੈ। ਕੀ ਸਿਰਫ਼ ਅੰਕੜਿਆਂ ਅਤੇ ਭਾਸ਼ਣਾਂ ਨਾਲ ਸਰਕਾਰ ਦੀ ਦਿੱਖ ਚੰਗੇਰੀ ਬਣਾਈ ਜਾ ਸਕਦੀ ਹੈ? ਕੀ ਇੰਜ ਪੰਜਾਬੀਆਂ ਦਾ ਮਨ ਜਿੱਤਿਆ ਜਾ ਸਕਦਾ ਹੈ? ਕੀ ਸਿਰਫ਼ "ਜਲੰਧਰ", "ਲੁਧਿਆਣਾ" ਜਿਮਨੀ ਚੋਣ ਜਿੱਤਣ ਨੂੰ ਹਰਮਨ ਪਿਆਰਤਾ ਆਖਿਆ ਜਾ ਸਕਦਾ ਹੈ? ਜਦੋਂ ਕਿ ਉਥੇ ਵੋਟਾਂ ਦੀ ਪ੍ਰਤੀਸ਼ਤ ਕੁੱਲ ਵੋਟਾਂ ਦੇ ਅੱਧ ਨੂੰ ਮਸਾ ਹੀ ਟੱਪ ਸਕੀ।

ਪੰਜਾਬ ਦੇ ਮੌਜੂਦਾ ਹਾਲਾਤ ਪ੍ਰਪੱਕ ਸਿਆਸਤਦਾਨਾਂ ਅਤੇ ਨੀਤੀਵਾਨਾਂ ਦੀ ਮੰਗ ਕਰਦੇ ਹਨ। ਪੰਜਾਬ ਦੇ ਸਿਆਸਤਦਾਨਾਂ ਨੂੰ ਕਾਬੂ ਕਰਨ ਲਈ ਬੁੱਧੀਜੀਵੀਆਂ, ਵਿਚਾਰਵਾਨਾਂ ਦਾ ਕੁੰਡਾ ਚਾਹੀਦਾ ਹੈ। ਪੰਜਾਬ ਨੂੰ ਤਰੱਕੀ ਲਈ ਇੱਕ ਵਿਜ਼ਨ ਚਾਹੀਦੀ ਹੈ, ਜਿਸ ਉਤੇ ਸਾਰੇ ਸਿਆਸਤਦਾਨ ਸਿਰ ਜੋੜਕੇ ਕੰਮ ਕਰਨ, ਗੱਦੀ ਹਥਿਆਉਣਾ ਉਹਨਾ ਦਾ ਕਿਰਦਾਰ ਨਾ ਹੋਏ।

ਅੱਜ ਦੇਸ਼ ਨੂੰ ਦਮਦਾਰ ਸਿਆਸਤਦਾਨਾਂ ਦੀ ਲੋੜ ਹੈ, ਜੋ ਸਵਾਰਥ ਰਹਿਤ ਹੋ ਕੇ ਦੇਸ਼ ਦੇ ਅਰਥਚਾਰੇ ਨੂੰ ਥਾਂ ਸਿਰ ਲਿਆਉਣ, ਕਿਉਂਕਿ ਕਾਰੋਪੋਰੇਟਾਂ ਨੇ ਧਨ ਦੇ ਬਲਬੂਤੇ ਅਤੇ ਗੋਦੀ ਮੀਡੀਆ ਦੀ ਸਹਾਇਤਾ ਨਾਲ ਵਿਰੋਧੀ ਸਿਆਸਤਦਾਨ ਤਾਂ ਨੁਕਰੇ ਲਾਏ ਹੀ ਹੋਏ ਹਨ, ਹਾਕਮ ਧਿਰ ਨੂੰ ਵੀ ਨਿੱਸਲ ਕੀਤਾ ਹੋਇਆ ਹੈ। ਚੇਤੰਨ ਲੋਕਾਂ ਨੂੰ ਖੂੰਜੇ ਧੱਕਿਆ ਜਾ ਰਿਹਾ ਹੈ। ਦੇਸ਼ ਦੇ ਸਿਆਸਤਦਾਨ ਆਪਣਾ ਕਿਰਦਾਰ ਭੁੱਲਕੇ ਸਿਆਸਤ ਦਾ ਅਸਲ ਅਰਥ ਸਮਝਣੋਂ ਅੱਖਾਂ ਮੀਟਕੇ "ਐਸ਼ੋ ਆਰਾਮ" ਅਤੇ ਸੁਖਮਈ ਜੀਵਨ ਦੇ ਆਦੀ ਹੋ ਗਏ ਹਨ। ਗੋਦੀ ਮੀਡੀਆ ਦੀ ਸਹਾਇਤਾ ਨਾਲ ਕਾਰਪੋਰੇਟ ਲਾਬੀ ਸਰਕਾਰ ਦੇ ਅੰਗ-ਸੰਗ ਖੜੋਕੇ, ਹਰੇ-ਭਰੇ ਲੋਕ ਲੁਭਾਉਣੇ ਨਾਹਰੇ ਲੋਕਾਂ ਸਾਹਮਣੇ ਪੇਸ਼ ਕਰਦਿਆਂ, ਵੋਟ ਬੈਂਕ ਕਾਬੂ ਕਰਨ 'ਚ ਕਾਮਯਾਬ ਹੋ ਚੁੱਕੀ ਹੈ। ਇੰਜ ਸਿਆਸਤਦਾਨ ਆਪਣੀ ਮੁਢਲੀ ਲੋਕ ਹਿਤੈਸ਼ੀ ਭੂਮਿਕਾ ਗੁਆ ਚੁੱਕਾ ਹੈ।


ਹੁਣ ਇਹਨਾ ਸਿਆਸਤਦਾਨਾਂ ਦਾ ਰੋਹਬ ਆਮ ਲੋਕਾਂ ਤੱਕ ਪਹੁੰਚ ਚੁੱਕਾ ਹੈ। ਉਹਨਾ ਦੇ ਰੁਤਬੇ ਦੀ ਧੌਂਸ, ਲੋਕ ਆਪਣੇ ਮਨਾਂ 'ਚ ਵਸਾ ਚੁੱਕੇ ਹਨ ਅਤੇ ਅਜੋਕੇ ਸਿਆਸਤਦਾਨ, ਸਿਆਸਤ ਨੂੰ ਆਪਣਾ 'ਕਿੱਤਾ' ਸਮਝ, ਆਪਣੀ 'ਰਾਜ ਗੱਦੀ' ਰਾਜਾਸ਼ਾਹੀ ਵਾਂਗਰ ਆਪਣੀ ਸੰਤਾਨ ਨੂੰ ਸੌਂਪ ਰਹੇ ਹਨ। ਦੇਸ਼ ਦੀ ਜਨਤਾ ਇਸਨੂੰ ਬੁਰਾ ਨਹੀਂ ਮੰਨ ਰਹੀ। ਨਹੀਂ ਮੰਨ ਰਹੀ ਬੁਰਾ ਕਿ ਉਹਨਾ ਦੇ ਸੰਸਦ ਮੈਂਬਰ ਅਤੇ ਵਿਧਾਇਕ ਪੁਰਾਣੇ ਰਾਜੇ-ਮਹਾਰਾਜਿਆਂ ਦੀ ਤਰ੍ਹਾਂ ਰਹਿਣ ਲਗੇ ਹਨ, ਭਾਵੇਂ ਕਿ ਪੁਸ਼ਾਕ ਦੇ ਤੌਰ 'ਤੇ ਉਹ ਖੱਦਰ ਦੇ ਕੁੜਤੇ ਪਹਿਨਦੇ ਹਨ।

# ਜਦੋਂ ਮੈਂ ਲੈਬ ਤੋਂ ਵੱਡਾ ਡਿਸਕਾਊਂਟ ਲਿਆ



ਮੇਜਰ ਸਿੰਘ ਨਾਭਾ
91-94635-53962

ਕਿਸੇ ਵੀ ਬਿਮਾਰੀ ਦਾ ਇਲਾਜ ਕਰਾਉਣਾ ਆਮ ਲੋਕਾਂ ਲਈ ਸੌਖਾ ਨਹੀਂ ਕਿਉਂ ਕਿ ਟੈਸਟ, ਦਵਾਈਆਂ, ਇੰਜੈਕਸ਼ਨ, ਥਰੇਪੀਆਂ ਆਦਿ ਬਹੁਤ ਮਹਿੰਗੀਆਂ ਹਨ। ਪੰਜਾਬ ਸਰਕਾਰ ਨੇ ਸਾਰਿਆਂ ਲਈ ਦਸ ਲੱਖ ਤੱਕ ਦਾ ਇਲਾਜ਼ ਫਰੀ ਕਰਨ ਦਾ ਐਲਾਨ ਕੀਤਾ ਹੈ ਜੋ ਵਧੀਆ ਗੱਲ ਹੈ। ਇਸ ਨਾਲ ਬਹੁਤ ਸਾਰੇ ਲੋੜਵੰਦਾਂ ਨੂੰ ਜਰੂਰ ਰਾਹਤ ਮਿਲੇਗੀ। ਮੈਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ ਇਥੇ ਥਰੇਪੀ ਲਈ ਦਵਾਈ ਅਤੇ ਪੈਟ ਡਾਟਾ ਸਕੇਨ ਲਈ ਲੰਬੀ ਵੇਟਿੰਗ ਚਲ ਰਹੀ ਹੈ। ਇਲਾਜ਼ ਲਈ ਤੁਰੰਤ ਥਰੇਪੀ ਲਈ ਸਤੰਬਰ 24 'ਚ ਮੈਂ ਜਰਮਨ ਤੋਂ ਇੱਕ ਦਿੱਲੀ ਦੀ ਕੰਪਨੀ ਰਾਹੀਂ ਦੋ ਲੱਖ ਅਠਾਈ ਹਜ਼ਾਰ ਸੱਤ ਸੌ ਚੁਰਾਸੀ ਰੁਪਏ ਦੀ ਦਵਾਈ ਮੰਗਵਾਈ। ਇਸ ਤੋਂ ਬਾਅਦ ਨਵੰਬਰ ਵਿੱਚ ਪੀ.ਜੀ.ਆਈ. ਵਲੋਂ ਵੀਹ ਹਜ਼ਾਰ ਦੀ ਉਹੋ ਦਵਾਈ ਉਪਲੱਭਦ ਹੋਣ ਕਾਰਨ ਥਰੈਪੀ ਹੋ ਗਈ। ਅਗਲੀ ਥਰੈਪੀ ਲਈ ਜੂਨ 25 ਤੱਕ ਦਵਾਈ ਨਾ ਆਉਣ ਕਾਰਨ ਗੈਪ ਪੈਣ ਕਾਰਨ ਡਾਕਟਰ ਨੇ ਦੁਬਾਰਾ ਪੈਟ ਡਾਟਾ ਸਕੇਨ ਕਰਾ ਕੇ ਅਗਲੇ ਟਰੀਟਮੈਂਟ ਨੂੰ ਕਰਨ ਲਈ ਕਿਹਾ। ਇਸ ਟੈਸਟ ਲਈ ਵੀ ਪੀ.ਜੀ.ਆਈ. ਵਿੱਚ ਲੰਬੀ ਉਡੀਕ ਕਰਨੀ ਪੈਣੀ ਸੀ, ਇਸ ਲਈ ਮੈਨੂੰ ਬਾਹਰੋਂ ਪ੍ਰਾਈਵੇਟ ਲੈਬ ਤੋਂ ਇਹ ਸਕੈਨ ਕਰਾਉਣਾ ਪਿਆ। ਮੈਂ ਪਹਿਲਾਂ ਵੀ ਇੱਕ ਵਾਰ ਇਥੋਂ ਜਨਵਰੀ 25 'ਚ ਸਕੇਨ ਕਰਾਇਆ ਸੀ ।ਹੁਣ ਛੇ ਮਹੀਨੇ ਬਾਅਦ ਮੈਂ ਉਸੇ ਲੈਬ ਤੋਂ ਫਿਰ ਸਕੈਨ ਦੀ ਤਾਰੀਖ ਲੈ ਲਈ ਅਤੇ ਉਨ੍ਹਾਂ ਰੇਟ ਡਿਸਕਾਊਂਟ ਕਰਕੇ ਵੀਹ ਹਜ਼ਾਰ ਦੱਸਿਆਂ। ਮੈਂ ਜਦੋਂ ਪਿਛਲੇ ਵਾਰ ਦੇ ਰੇਟ ਅਠਾਰਾਂ ਹਜ਼ਾਰ ਬਾਰੇ ਗੱਲ ਕੀਤੀ ਤਾਂ ਅਟੈਂਡੈਂਟ ਨੇ ਪੁੱਛ ਕੇ ਰੇਟ ਦੱਸਣ ਦੀ ਗੱਲ ਕਹੀ। ਥੋੜੀ ਦੇਰ ਬਾਅਦ ਅਠਾਰਾਂ ਹਜ਼ਾਰ 'ਚ ਹੀ ਕਰਨ ਦਾ ਮੈਸ਼ੇਜ਼ ਆ ਗਿਆਂ। ਮੈਂ ਨਿਸਚਿਤ ਦਿਨ ਲੈਬ ਤੇ ਗਿਆਂ ਤਾਂ ਕਾਊਂਟਰ ਤੇ ਬੈਠੇ ਅਟੈਂਡੈਂਟ ਨੇ ਫਾਰਮ ਭਰ ਕੇ 27500 ਰੁ: ਭਰਨ ਲਈ ਕਿਹਾ। ਮੈਂ ਉਸ ਨੂੰ ਜਦੋਂ ਮੈਸ਼ੇਜ਼ ਦਿਖਾਇਆ ਤਾਂ



ਉਹ ਅੰਦਰ ਜਾ ਕੇ ਗੱਲ ਕਰ ਵਾਪਿਸ ਆ ਅਠ੍ਹਾਰਾਂ ਹਜ਼ਾਰ ਭਰਾਉਣ ਲਈ ਸਹਿਮਤ ਹੋ ਗਿਆ। ਪਰ ਮੈਂ ਇਸ ਵੱਡੇ ਅੰਤਰ ਬਾਰੇ ਸੋਚ ਰਿਹਾਂ ਕਿ ਆਮ ਲੋਕ ਤਾਂ ਮੰਗੇ ਪੈਸੇ ਭਰਾ ਹੀ ਦਿੰਦੇ ਹੋਣਗੇ, ਜੇ ਮੈਨੂੰ ਵੀ ਪਤਾ ਨਾ ਹੁੰਦਾ ਤਾਂ ਮੈਂ ਵੀ ਪੂਰ ਹੀ ਭਰਵਾ ਦੇਣੇ ਸੀ। ਇਸ ਤਰ੍ਹਾਂ 9500 ਸੌ ਦਾ ਡਿਸਕਾਊਂਟ ਦੇਣਾ ਆਮ ਲੋਕਾਂ ਲਈ ਜਾਣਕਾਰੀ ਨਾ ਹੋਣਾ ਲੁੱਟ ਦਾ ਕਾਰਨ ਹੋ ਸਕਦਾ ਹੈ। ਵੈਸੇ ਗਰੀਬ ਲੋਕਾਂ ਲਈ ਏਨਾ ਮਹਿੰਗਾ ਇਲਾਜ਼ ਕਰਾਉਣਾ ਉਨ੍ਹਾਂ ਦੇ ਵਸ ਦੀ ਗੱਲ ਨਹੀਂ। ਟੈਸਟਾਂ ਦੇ ਰੇਟ 'ਚ ਇਹ ਵੱਡੇ ਫਰਕ ਤੋਂ ਇਲਾਵਾ ਕਮਿਸ਼ਨ ਵੀ ਤਾਂ ਵੱਖਰਾ ਹੋਵੇਗਾ। ਮਨਮਰਜ਼ੀ ਦੇ ਰੇਟ ਮਰੀਜ਼ਾਂ ਦੀ ਮਜਬੂਰੀ ਕਾਰਨ ਮਿਲਣ ਕਰਕੇ ਇਨ੍ਹਾਂ ਲੋਕਾਂ ਦੇ ਦਿਨਾਂ 'ਚ ਅਮੀਰ ਬਣਨ ਦੇ ਰਸਤੇ ਖੁੱਲ੍ਹੇ ਹੋਏ ਹਨ, ਜ਼ਿੰਦਗੀ ਦੇ ਅਖੀਰੀ ਸਮੇਂ 'ਚ ਇਨ੍ਹਾਂ ਦੀ ਜ਼ਮੀਰ ਜਰੂਰ ਫਿਟਲਾਨ੍ਹਤਾਂ ਦੇਵੇਗੀ ਜਦੋਂ ਇਹ ਸਾਰਾ ਪੈਸਾ ਛੱਡ ਕੇ ਇਨ੍ਹਾਂ ਨੂੰ ਖਾਲੀ ਹੱਥ ਜਾਣਾ ਪਵੇਗਾ। ਇਨਸਾਨੀਅਤ ਨਾਮ ਦਾ ਇਹ ਲੋਕ ਘਾਣ ਕਰਦੇ ਨਜ਼ਰ ਆ ਰਹੇ ਹਨ। ਇਸ ਤਰ੍ਹਾਂ ਮਰੀਜ਼ਾਂ ਨਾਲ ਐਨਾ ਧੋਖਾ ਕਰਨਾ ਡਾਕਟਰੀ ਪੇਸ਼ੇ ਨਾਲ ਖਿਲਵਾੜ ਹੀ ਹੈ। ਭਾਈ ਕਨ੍ਹਈਆ ਦੀ ਸੋਚ ਨੂੰ ਕਿਉਂ ਨਹੀਂ ਇਹ ਲੋਕ ਵਿਚਾਰਦੇ। ਜਦੋਂ ਕਿ ਆਮ ਲੋਕਾਂ ਦੀ ਮਹੀਨੇ ਦੀ ਏਨੀ ਕਮਾਈ ਵੀ ਨਹੀਂ ਹੁੰਦੀ ਹੁਣ ਦੱਸੋ ਕਿ ਇਹੋ ਜਿਹੀਆਂ ਬਿਮਾਰੀਆਂ ਦਾ ਇਲਾਜ਼ ਕਿਵੇਂ ਕਰਵਾਇਆ ਜਾਵੇ।

ਕੇਂਦਰ ਸਰਕਾਰ ਨੇ ਕਈ ਵੱਡੇ-ਵੱਡੇ ਫੈਸਲੇ ਲਏ ਹਨ ਪਰ ਲੈਬ ਟੈਸਟਾਂ ਦੇ ਰੇਟ ਸਰਕਾਰੀ ਰੇਟਾਂ ਤੋਂ ਕਈ ਗੁਣਾਂ ਵੱਧ ਹੋਣਾ ਜਨਤਾ ਦੀ ਲੁੱਟ ਕਰਨ ਨੂੰ ਖੁੱਲ੍ਹ ਦੇ ਰਹੀ ਹੈ। ਸਰਕਾਰ ਦਵਾਈਆਂ ਦੀਆਂ ਕੀਮਤਾਂ ਐਨੀਆਂ ਜ਼ਿਆਦਾ ਕੰਪਨੀਆਂ ਨੂੰ ਕਿਉਂ ਪ੍ਰਿੰਟ ਕਰਨ ਲਈ ਆਗਿਆ ਦੇ ਰਹੀ ਹੈ ਜਦੋਂ ਕਿ ਅਸਲ ਕੀਮਤ ਬਹੁਤ ਘੱਟ ਹੁੰਦੀ ਹੈ। ਭੋਲੇ ਭਾਲੇ ਮਰੀਜ਼ਾਂ ਦੀ ਅੰਨ੍ਹੀ ਲੁੱਟ ਇਸ ਕਰਕੇ ਹੀ ਹੋ ਰਹੀ ਹੈ। ਮਰੀਜ਼ ਨੂੰ ਸਮਝ ਨਹੀਂ ਆਉਂਦਾ ਕਿ ਦਵਾਈਆਂ ਅਤੇ ਟੈਸਟਾਂ ਦੇ ਰੇਟਾਂ ਬਾਰੇ ਕਿਵੇਂ ਪੜਤਾਲ ਕਰੇ ਅਤੇ ਕਿਵੇਂ ਵੱਧ ਤੋਂ ਵੱਧ ਡਿਸਕਾਊਂਟ ਲਵੇ ਕਿਉਂ ਕਿ ਡਿਸਕਾਊਂਟ ਦੁਕਾਨ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ। ਮਰੀਜ਼ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਇਸ ਸਾਰੇ ਵਰਤਾਰੇ ਬਾਰੇ ਜਾਗਰੂਕ ਹੋਣ ਦੀ ਲੋੜ ਹੈ। ਸੋ ਸਰਕਾਰ ਨੂੰ ਸਖਤੀ ਨਾਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਉੱਪਰ ਕੰਟਰੋਲ ਕਰਕੇ ਉਨ੍ਹਾਂ ਦੀ ਆਈ ਲਾਗਤ ਨਾਲੋਂ ਕਿੰਨਾ ਵੱਧ ਰੇਟ ਪ੍ਰਿੰਟ ਕਰਨਾ ਹੈ ਇਹ ਤਹਿ ਕਰਨ ਲਈ ਦਿਸ਼ਾ ਨਿਰਦੇਸ਼ ਦੇਣੇ ਚਾਹੀਦੇ ਹਨ ਜੇ ਕੋਈ ਕੰਪਨੀ ਇਸ ਦੀ ਉਲੰਘਣਾ ਕਰਦੀ ਹੈ ਤਾਂ ਉਸਦੀ ਮਾਨਤਾ / ਲਾਇਸੰਸ ਕੈਂਸ਼ਲ ਕਰ ਦੇਣਾ ਚਾਹੀਦਾ ਹੈ ।ਰਾਜ ਸਰਕਾਰ ਨੂੰ ਵੀ ਇਸ ਵਿਸ਼ੇ ਵੱਲ ਗੰਭੀਰਤਾ ਨਾਲ ਲੈ ਕੇ ਦਵਾਈਆਂ, ਟੈਸਟਾਂ ਅਤੇ ਹੋਰ ਡਾਕਟਰੀ ਸਾਜੋ-ਸਮਾਨ ਦੇ ਰੇਟਾਂ ਉੱਪਰ ਨਿਯੰਤਰਨ ਕਰਨ ਲਈ ਕਦਮ ਉਠਾਉਣੇ ਚਾਹੀਦੇ ਹਨ ਤਾਂ ਜੋ ਸਿਹਤ ਸਹੂਲਤਾਂ ਨੂੰ ਹਰੇਕ ਦੀ ਪਹੁੰਚ ਤੱਕ ਪਹੁੰਚਾਇਆ ਜਾਵੇ।

# 'ਏਕ ਗ੍ਰੰਥ-ਏਕ ਪੰਥ- ਸੇਵਾ ਜਾਂ ਸਾਜ਼ਿਸ਼', ਚਰਚਾ ਦਾ ਵਿਸ਼ਾ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਸ. ਗੁਰਚਰਨਜੀਤ ਸਿੰਘ ਜੀ ਲਾਂਬਾ ਜੀ,
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ।

ਸ। ਗੁਰਚਰਨਜੀਤ ਸਿੰਘ ਜੀ, ਪਿਛਲੇ ਕਈ ਦਿਨਾਂ ਤੋਂ ਆਪ ਜੀ ਦੀ ਇਕ ਲਿਖਤ, 'ਏਕ ਗ੍ਰੰਥ-ਏਕ ਪੰਥ- ਸੇਵਾ ਜਾਂ ਸਾਜ਼ਿਸ਼', ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਹ ਲੇਖ ਕਿਸੇ ਅਖ਼ਬਾਰ ਦੀ ਸੰਪਾਦਕੀ ਹੈ, ਆਪ ਜੀ ਦੇ ਨਾਲ ਨਾਮ ਵੀ 'ਗੈਸਟਐਡੀਟਰ' ਲਿਖਿਆ ਹੋਇਆ ਹੈ। ਤੁਹਾਡੇ ਵੱਲੋਂ ਲਿਖੇ ਨਿਮਰਤਾ ਭਰੇ ਸ਼ਬਦ, "ਬੇਨਤੀ ਹੈ ਕਿ ਇਸ ਅਹਿਮ ਲੇਖ ਬਾਰੇ ਆਪਣੇ ਵਿਚਾਰ ਜਰੂਰ ਦੇਣ ਦੀ ਕਿਰਪਾ ਕਰਨੀ ਜੀ", ਤੋਂ ਪ੍ਰਭਾਵਤ ਹੋ ਕੇ, ਮੈਂ ਆਪ ਜੀ ਨੂੰ ਬੇਨਤੀ ਕੀਤੀ ਸੀ ਕਿ ਅਖ਼ਬਾਰ ਦਾ ਨਾਮ ਅਤੇ ਈ ਮੇਲ ਪਤਾ ਦੱਸਿਆ ਜਾਵੇ ਤਾਂ ਜੋ ਵਿਚਾਰ ਭੇਜੇ ਜਾ ਸਕਣ। ਪਰ ਆਪ ਜੀ ਨੇ ਕੋਈ ਹੁੰਗਾਰਾ ਨਹੀਂ ਭਰਿਆ। ਇਸੇ ਦੌਰਾਨ ਪਟਿਆਲਾ ਤੋਂ ਛਪਦੀ 'ਚੜਦੀ ਕਲਾ' ਨਾਮ ਦੀ ਅਖ਼ਬਾਰ ਵਿੱਚ ਵੀ ਤੁਹਾਡਾ ਇਹ ਲੇਖ ਛਪਣ ਦੀ ਜਾਣਕਾਰੀ ਮਿਲੀ ਤਾਂ ਮੈਂ ਆਪਣੇ ਵਿਚਾਰ ਉਨ੍ਹਾਂ ਨੂੰ ਭੇਜ ਦਿੱਤੇ। ਪਰ, ਇਕ 'ਖਾਸ ਰੰਗ ਦੀ ਪੱਤਰਕਾਰੀ' ਦਾ ਸਬੂਤ ਦਿੰਦਿਆਂ, ਉਨ੍ਹਾਂ ਨੇ ਮੇਰੇ ਵਿਚਾਰਾਂ ਨੂੰ ਥਾਂ ਨਹੀਂ ਦਿੱਤੀ। ਬੀਤੇ ਕੱਲ, ਤੁਹਾਡੇ ਵੱਲੋਂ ਅਸਿੱਧੇ ਤਰੀਕੇ ਨਾਲ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਕ ਜਦੋਂ ਪੈੜ ਕੱਢੀ ਤਾਂ ਜਾਣਕਾਰੀ ਮਿਲੀ ਕਿ 'ਰੋਜ਼ਾਨਾ ਪੰਜ ਆਬ' ਜਰਮਨ ਤੋਂ ਛਪਦੀ ਹੈ। ਆਪ ਜੀ ਨੂੰ ਨਵੀ ਅਖ਼ਬਾਰ ਦੀਆਂ ਬਹੁਤ-ਬਹੁਤ ਵਧਾਈਆਂ।

ਸ। ਗੁਰਚਰਨਜੀਤ ਸਿੰਘ ਜੀ, ਤੁਸੀਂ ਆਪਣੇ ਲੇਖ (ਸੰਪਾਦਕੀ) 'ਏਕਗ੍ਰੰਥ-ਏਕਪੰਥ-ਸੇਵਾ ਜਾਂ ਸਾਜ਼ਿਸ਼' ਵਿਚ ਕੇਸਰ ਸਿੰਘ ਛਿੱਬਰ ਦੇ ਹਵਾਲੇ ਨਾਲ, ਸੰਮਤ 1755 ਬਿ: ਦੀ ਘਟਨਾ ਦਾ ਜਿਕਰ ਕਰਦੇ ਹੋਏ ਲਿਖਿਆ ਹੈ,"ਉਥੇ ਦੋ ਗ੍ਰੰਥ ਸਨ ਅਤੇ ਸਿੱਖਾਂ ਨੇ ਸਤਿਗੁਰ ਜੀ ਨੂੰ ਬੇਨਤੀ ਕੀਤੀ ਕਿ ਇਨਹਾਂ ਦੋਨਾਂ ਨੂੰ ਰਲਾ ਦਿੱਤਾ ਜਾਵੇ। ਕਲਗੀਧਰ ਪਿਤਾ ਦਾ ਜਵਾਬ ਬਹੁਤ ਸਪੱਸ਼ਟ ਸੀ ਅਤੇ ਦੋਹਾਂ ਗ੍ਰੰਥਾਂ ਦੇ ਰੁਤਬੇ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੰਦਾ ਹੈ"।
ਸੰਮਤ ਸਤਾਰਾਂ ਸੈ ਪਚਵੰਜੇ ਸਿਖਾਂ ਸਾਹਿਬ ਆਗੈ ਬਿਨਤੀ ਸੀ ਕੀਤੀ।
ਗ੍ਰੀਬ ਨਿਵਾਜ ! ਜੇ ਬਚਨ ਹੋਵੇ ਤਾਂ ਦੁਹਾਂ ਗ੍ਰੰਥਾਂ ਦੀ ਜਿਲਦ ਚਾਹੀਐ ਇਕ ਕਰ ਲੀਤੀ।
ਸਾਹਿਬ ਬਚਨ ਕੀਤਾ, 'ਆਦਿ ਗੁਰੂ ਹੈ ਗ੍ਰੰਥ।
ਇਹ ਅਸਾਡੀ ਹੈ ਖੇਡ, ਜੁਦਾ ਰਹੇ ਮਨ ਮੰਥ। ੩੯੯। (ਦਸਵਾਂ ਚਰਣ)
(ਨੋਟ:- ਇਸ ਛੰਦ ਦਾ ਨੰਬਰ ੩੯੯ ਨਹੀਂ ੩੮੯ ਹੈ, ਪੰਨਾ 161)

ਗੁਰਚਰਨਜੀਤ ਸਿੰਘ ਜੀ, ਹੁਣ ਜੇ 'ਸੰਮਤ ਸਤਾਰਾਂ ਸੈ ਪਚਵੰਜਾ' (1698 ਈ:) ਦੀ ਇਸ ਸਾਖੀ ਨੂੰ ਸੱਚ ਮੰਨ ਲਿਆ ਜਾਵੇ ਤਾਂ ਅਸੀਂ ਦਾਵੇ ਨਾਲ ਕਹਿ ਸਕਦੇ ਹਾਂ ਕਿ, ਕੇਸਰ ਸਿੰਘ ਛਿੱਬਰ ਇਸ ਘਟਨਾ ਦਾ ਚਸ਼ਮਦੀਦ ਗਵਾਹ ਨਹੀਂ ਹੈ। ਕੇਸਰ ਸਿੰਘ ਛਿੱਬਰ ਦਾ ਜਨਮ 1715 ਈ: ਵਿੱਚ ਹੋਇਆ ਸੀ ਅਤੇ 'ਬੰਸਾਵਲੀਨਾਮਾ' 1769 ਈ: ਵਿੱਚ ਲਿਖਿਆ ਗਿਆ ਸੀ। ਸਪੱਸ਼ਟ ਹੈ ਕਿ ਕੇਸਰ ਸਿੰਘ ਛਿੱਬਰ ਨੇ ਸੁਣੀ-ਸੁਣਾਈ ਵਾਰਤਾ ਹੀ ਲਿਖੀ ਹੈ।

ਅੱਗੇ ਆਪ ਜੀ ਲਿਖਦੇ ਹੋ, "ਸੰਮਤ ੧੭੫੫ (ਈ ਸੰਨ ੧੬੯੮) ਖਾਲਸੇ ਦੀ ਸਿਰਜਨਾ ਤੋਂ ਇਕ ਸਾਲ ਪਹਿਲਾ", ਇਸ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਖਾਲਸੇ ਦੀ ਸਿਰਜਨਾ ਸੰਮਤ 1755 ਬਿਕ੍ਰਮੀ ਤੋਂ ਇਕ ਸਾਲ ਪਿਛੋਂ ਭਾਵ, ਸੰਮਤ 1756 ਬਿ, (1699 ਈ:) ਵਿੱਚ ਹੋਈ ਸੀ। ਜੋ ਕਿ ਸਹੀ ਹੈ। ਪਰ ਕੇਸਰ ਸਿੰਘ ਛਿੱਬਰ ਲਿਖਦਾ ਹੈ,
"ਸੰਮਤ ਸਤਾਰਾ ਸੈ ਚਉਰੰਜਾ ਗਏ... ਬਚਨ ਕੀਤਾ ਕਟੋਰਾ ਸੁਚੇਤ ਕਰਕੇ ਜਲ ਲੈ ਆਉ"।
(ਪੰਨਾ 153) ਇਸ ਦਾ ਭਾਵ ਹੈ ਕਿ ਖਾਲਸੇ ਦੀ ਸਿਰਜਨਾ ਸੰਮਤ 1754 ਬਿਕ੍ਰਮੀ (1697 ਈ:) ਵਿੱਚ ਕੀਤੀ ਗਈ ਸੀ। ਇਸ ਸਬੰਧੀ ਆਪ ਜੀਦਾ ਕੀ ਵਿਚਾਰ ਹੈ, ਕੀ ਆਪ ਜੀ ਇਸ ਨਾਲ ਸਹਿਮਤ ਹੋ?

ਹਾਂ! ਸੱਚ ਇਕ ਹੋਰ ਗੱਲ, ਸ. ਗੁਰਚਰਨਜੀਤ ਸਿੰਘ ਜੀ, ਕੇਸਰ ਸਿੰਘ ਛਿੱਬਰ ਵੱਲੋਂ ਖੰਡੇ ਦੀ ਪਹੁਲ ਤਿਆਰ ਕਰਨ ਵੇਲੇ, ਦੋ ਬਾਣੀਆਂ ਪੜ੍ਹਨ ਦਾ ਹੀ ਜਿਕਰ ਹੈ।
ਜਪੁ ਅਤੇ ਅਨੰਦ ਰਸਨੀਂ ਕਰਿ ਉਚਾਰ।
ਤਾਂ ਦਿਵਾਨ ਸਾਹਿਬ ਚਮਦ, ਹੱਥ ਜੋੜ ਖਲੋਤਾ ਵਿਚਿ ਦਰਬਾਰ।

ਇਸ ਬਾਰੇ ਆਪ ਜੀ ਦੀ ਖੋਜ ਕੀ ਕਹਿੰਦੀ ਹੈ? ਉਸ ਵੇਲੇ ਦੋ ਬਾਣੀਆਂ ਪੜ੍ਹੀਆਂ ਗਈਆਂ ਤਾਂ ਵੱਧ-ਘੱਟ? ਕਿਹੜੀ-ਕਿਹੜੀ ਬਾਣੀ ਪੜ੍ਹੀ ਗਈ ਸੀ? ਇਹ ਜਾਣਕਾਰੀ ਸਾਂਝੀ ਕਰਨ ਦੀ ਖੇਚਲ ਵੀ ਝੱਲ ਲੈਣੀ ਜੀ।

ਗੁਰਚਰਨਜੀਤ ਸਿੰਘ ਲਾਂਬਾ ਦੇ ਬਚਨ, "ਸੋ ਏਕ ਗ੍ਰੰਥ-ਏਕ ਪੰਥ ਕਹਿਣਾ ਸਿੱਖੀ 'ਤੇ ਸਿੱਧਾ ਹਮਲਾ ਹੈ। ਇਹ ਹੁੱਜਤ ਸਭ ਤੋਂ ਪਹਿਲਾਬਾਬੂ ਤੇਜਾ ਸਿੰਘ ਭਸੌੜ ਨੇ ਸ਼ੁਰੂ ਕੀਤੀ ਅਤੇ ਪੰਥ ਵਿੱਚੋਂ ਦਰ-ਬਦਰ ਕੀਤਾ ਗਿਆ। ਉਪ੍ਰੰਤ ਪੰਥ 'ਚੋ ਛੇਕੇ ਦਰਸ਼ਨ ਸਿੰਘ ਰਾਗੀ ਨੇ ਤਾਂ ਇਸ ਲਈ ਇਕ ਮੁਹਿੰਮ ਹੀ ਵਿੱਢ ਦਿੱਤੀ। ਹੁਣ ਗਾਹੇ ਬਗਾਹੇ ਉਸ ਦੇ ਪੈਰੋਕਾਰ ਸਿੱਧੇ-ਅਸਿੱਧੇ ਰੂਪ ਵਿੱਚ ਇਹ ਰਾਗ ਅਲਾਪਦੇ ਰਹਿੰਦੇ ਹਨ"।

ਲਾਂਬਾਜੀ, ਇਥੇ ਤੁਸੀ ਬਾਬੂ ਤੇਜਾ ਸਿੰਘ ਭਸੌੜ ਅਤੇ ਪ੍ਰੋ ਦਰਸ਼ਨ ਸਿੰਘ ਨੂੰ ਪੰਥ 'ਚ ਛੇਕੇ ਜਾਣ ਦਾ ਹਵਾਲਾ ਦੇ ਕੇ, (ਗਿਆਨੀ ਭਾਗ ਸਿੰਘ ਅੰਬਾਲਾ ਨੂੰ ਕਿਵੇਂ ਭੁੱਲ ਗਏ?) ਮੌਜੂਦਾ ਸਮੇਂ ਦੌਰਾਨ ਅਖੌਤੀ ਦਸਮ ਗ੍ਰੰਥ ਦਾ ਸੱਚ ਸੰਗਤਾਂ ਸਾਹਮਣੇ ਲਿਆਉਣ ਵਾਲਿਆਂ ਨੂੰ ਅਸਿੱਧੇ ਰੂਪ ਵਿੱਚ ਧਮਕੀ ਦਿੱਤੀ ਹੈ।


ਸੰਪਾਦਕੀ
ਏਕ ਗ੍ਰੰਥ - ਏਕ ਪੰਥ- ਸੇਵਾ ਜਾਂ ਸਾਜ਼ਿਸ਼
ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਦਾ "ਸੁਧਿ ਸਬ ਤੇ ਹਮ ਧਰੀ" ਪੂਰਾ ਸ਼ਬਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਾਹਰ ਨਿਸ਼ਾਨ ਵਾਲੇ ਬੁਰਜ ਦੇ ਉੱਤੇ ਸੰਗਮਰਮਰ

ਲਾਂਬਾ ਜੀ, ਕੀ ਇਹ ਸੱਚ ਨਹੀਂ ਕਿ ਤੁਸੀਂ ਇਕ ਘੰਟੇ ਤੋਂ ਵੱਧ ਦੀ ਰਿਕਾਰਡਿੰਗ 'ਚ, ਕੁਝ ਸਕਿੰਟਾਂ ਦੀ ਵੀਡੀ ਵੱਖਰੀ ਕਰਕੇ, ਅਕਾਲ ਤਖ਼ਤ ਸਾਹਿਬ ਨੂੰ ਗੁਮਰਾਹ ਕੀਤਾ ਸੀ?

ਕੀ ਇਹ ਸੱਚ ਨਹੀਂ, ਕਿ ਪ੍ਰੋ: ਦਰਸ਼ਨ ਸਿੰਘ ਜੀ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋਏ ਸਨ?

ਕੀ ਇਹ ਸੱਚ ਨਹੀਂ ਕਿ ਗਿਆਨੀ ਗੁਰਬਚਨ ਸਿੰਘ ਜੀ, ਤੁਹਾਡੇ ਵਰਗੇ ਕਈ ਸਲਾਹਕਾਰ ਹੋਣ ਦੇ ਬਾਵਜੂਦ ਵੀ ਵਿਚਾਰ ਕਰਨ ਦਾ ਹੌਸਲਾ ਨਹੀਂ ਸੀ ਕਰ ਸਕੇ?

ਕੀ ਇਹ ਸੱਚ ਨਹੀਂ ਕਿ ਅੱਜ ਤੋਂ ਅੱਠ ਸਾਲ ਪਹਿਲਾ, ਵਿਦਵਾਨਾਂ ਦੀ ਤਿੰਨ ਮੈਂਬਰੀ ਟੀਮ ਜਰਮਨੀ ਵਿੱਚ, ਇਸੇ ਵਿਸ਼ੇ ਤੇ ਵਿਚਾਰ ਕਰਨ ਗਈ ਸੀ। ਪਰ ਵਿਚਾਰ ਚਰਚਾ ਵਿੱਚ ਸ਼ਾਮਿਲ ਹੋਏ ਬਿਨਾਂ ਹੀ, ਚਾਰ ਦਿਨ ਸੈਰ-ਸਪਾਟਾ ਕਰਕੇ, ਸੁੱਚੇ ਮੂੰਹ ਹੀ ਵਾਪਸ ਪਰਤ ਗਈ ਸੀ?

ਯਾਦ ਰਹੇ, ਦੋ ਵਿਦਵਾਨ ਕਿਸੇ ਕਾਰਨ ਜਾ ਨਹੀਂ ਸਕੇ ਸਨ, ਅਤੇ ਇਕ ਵਿਦਵਾਨ ਨੇਇਤਰਾਜ਼ਕੀਤਾ ਸੀ ਕਿ ਮੇਰਾਂ ਨਾਮ ਟੀਮ ਦੇ ਮੁਖੀ ਨੇ ਕਟਵਾ ਦਿੱਤਾ ਸੀ।
ਤਸਵੀਰ ਦਾ ਦੂਜਾ ਪਾਸਾ;

ਸ. ਗੁਰਚਰਨਜੀਤ ਸਿੰਘ ਜੀ, ਕੀ ਇਹ ਸੱਚ ਨਹੀਂ, ਕਿ ਪਿਆਰਾ ਸਿੰਘ ਪਦਮ ਨੇ ਅਨੂਪ ਕੌਰ ਵਾਲੇ ਚਰਿਤ੍ਰ (21-22-23) ਸਮੇਤ, ਚਰਿਤ੍ਰਨੰ: 15 (ਕੀਰਤਪੁਰ ਵਾਲਾ) ਚਰਿਤ੍ਰ ਨੰ:16 (ਤੁਰਤ ਤਰਨਿਜਾਵਤ ਭਈ ਮਦ ਸਤ ਬਾਰ ਚੁਆਇ) ਅਤੇ ਚਰਿਤ੍ਰ ਨੰ 71 (ਬਚੀ ਸੁ ਬੇਚਿਤ੍ਰਰੁਤਤਹ ਲਈ) ਨੂੰ, ਗੁਰੂ ਜੀ ਦੀ ਆਪ ਬੀਤੀ ਲਿਖਿਆ ਹੈ? (ਦਸਮ ਗ੍ਰੰਥ ਦਰਸ਼ਨ, ਪੰਨਾ 125)

ਕੀ ਇਹ ਸੱਚ ਨਹੀਂ ਕਿ "ਗੁਰਮਤਿ ਪ੍ਰਕਾਸ਼' (ਫਰਵਰੀ 1959 ਈ:) ਵਿੱਚ ਪ੍ਰੋ: ਰਾਮ ਪ੍ਰਕਾਸ਼ ਦਾ ਲੇਖ 'ਚਾਣਣ ਮੁਨਾਰਾ'' ਛਪਿਆ ਸੀ?

ਕੀ ਇਹ ਸੱਚ ਨਹੀ ਕਿ ਡਾ ਹਰਭਜਨ ਸਿੰਘ ਨੇ ਆਪਣੀ ਕਿਤਾਬ, "ਸ੍ਰੀ ਦਸਮ ਗ੍ਰੰਥ ਸਾਹਿਬ-ਕਰਤਾ ਸਬੰਧੀ ਵਿਵਾਦ ਦੀ ਪੁਨਰ ਸਮੀਖਿਆ" ਵਿੱਚ, ਇਸੇ ਕਹਾਣੀ ਨੂੰ ਗੁਰੂ ਜੀ ਦੀ ਆਪ ਬੀਤੀ ਸਾਬਿਤ ਕਰਨ ਲਈ 13 ਪੰਨੇ (277-289) ਕਾਲੇ ਕੀਤੇ ਹੋਏ ਹਨ?

ਲਾਂਬਾ ਜੀ ਇਹ ਕਿਵੇਂ ਮੰਨ ਲਿਆ ਜਾਵੇ ਕਿ, ਤੁਸੀਂ ਆਪਣੇ ਸਹਿਯੋਗੀ ਵਿਦਵਾਨ ਡਾ ਜੋਧ ਸਿੰਘ ਵੱਲੋਂ ਹਿੰਦੀ ਵਿਚ ਕੀਤਾ ਗਿਆ ਟੀਕਾ ਨਹੀਂ ਪੜ੍ਹਿਆ ਹੋਵੇਗਾ? "ਚੋਰ ਕੀ ਬਾਤ ਸੁਨਕਰ ਰਾਜਾ ਡਰਕਰ ਉਠਾ ਔਰ ਜੂਤਾ ਭੀ ਭੂਲਕਰ ਭਾਗਨੇ ਲਗਾ।1। ਚੋਰ ਕੀ ਪੁਕਾਰ ਸੁਨਕਰ ਸਭੀ ਜਗ ਗਏ ਔਰ ਲੋਗੋਂ ਨੇ ਰਾਜਾ ਕੋ ਭਾਗਨੇ ਨਹੀਂ ਦਿਆ ਤਥਾ ਪਾਚ-ਸਾਤ ਕਦਮ ਕੇ ਬਾਦ ਹੀ ਉਸੇ ਜਾ ਮਿਲੇ।2। ਚੋਰ ਕੀ ਪੁਕਾਰ ਸੁਨਕਰ ਸਭੀਭਾਗੇ ਔਰ ਉਸ ਰਾਜਾ ਕੇ ਖਿਲਾਫ ਤਲਵਾਰੇ ਨਿਕਾਲ ਲੀ। ਵੇ ਲੋਕ ਚਿਲਾਨੇ ਲਗੇ ਕਿ ਜਾਨੇ ਨਹੀਂ ਦੇਗੇ ਔਰ ਹੇ ਤਸਕਰ! ਤੁਮੇਂ ਯਮਲੋਕ ਭੇਜੇਂਗੇ।3। ਆਗੇ ਪੀਛੇ, ਦਾਏ ਬਾਏ ਸਭੀ ਦਿਸ਼ਾ ਸੇ ਉਸੇ ਘੇਰ ਲਿਆ। ਰਾਜਾ ਨੇ ਯਤਨ ਤੋਂ ਕੀਆ ਪਰ ਭਾਗਨੇ ਕੇ ਲੀਏ ਕੋਈ ਰਾਸਤਾ ਨਹੀਂ ਬਚਾ।4॥ ਲੋਗੋ ਨੇ ਹਾਥ ਪਕੜ ਕਰ ਉਸਕੀਦਾੜੀ ਪਕੜ ਲੀ ਔਰ ਉਸਕੀ ਪਗੜੀ ਉਤਾਰ ਲੀ। ਉਸੇ ਚੋਰ ਚੋਰ ਕਹ ਕਰ ਦੋ ਤੀਨ ਡੰਡੇ ਮਾਰਕਰ ਪਕੜ ਲੀਆ॥5॥ ਡੰਡਾ ਲਗਨੇ ਸੇ ਰਾਜਾ ਧਰਤੀ ਪਰ ਗਿਰ ਪੜਾ ਔਰ ਮੂਰਸ਼ਤ ਹੋ ਗਿਆ। ਲੋਗੋਂ ਮੇਂ ਕੋਈ ਭੀ ਰਹਸਯ ਕੋ ਨ ਸਮਝਾ ਔਰ ਉਨੇ ਰਾਜਾ ਕੇ ਹਾਥ ਬਾਂਧ ਲੀਏ॥6॥ (ਸੈਚੀ ਤੀਜੀ, ਪੰਨਾ 227)

ਕੀ ਇਹ ਸੱਚ ਨਹੀਂ, ਕਿ ਗਿਆਨੀ ਹਰਬੰਸ ਸਿੰਘ (ਸ੍ਰੀ ਦਸਮ ਗ੍ਰੰਥ ਦਰਪਣ), ਗਿਆਨੀ ਈਸ਼ਰ ਸਿੰਘ (ਜੀਵਨ ਸੁਮਾਰਗ) ਗਿਆਨੀ ਮਹਾਂ ਸਿੰਘ (ਦਸਮ ਗੁਰ ਗਿਰਾ ਸਰਵੇਖਣ) ਸਮੇਤ ਸ. ਰਣਧੀਰ ਸਿੰਘ ਰੀ: ਸਕਾਲਰ (ਸ਼ਬਦ-ਮੂਰਤਿ) ਅਨੂਪ ਕੌਰ ਵਾਲੇ ਚਰਿਤ੍ਰ (21-22-23) ਨੂੰ ਗੁਰੂ ਜੀ ਦੀ ਆਪ ਬੀਤੀ ਮੰਨਦੇ ਹਨ?

ਗੁਰਚਰਨਜੀਤ ਸਿੰਘ ਲਾਂਬਾ ਜੀ, ਜੇ ਇਹ ਸੱਚ ਹੈ ਤਾਂ, ਪ੍ਰੋ ਦਰਸ਼ਨ ਸਿੰਘ ਜੀ ਦੋਸ਼ੀ ਕਿਵੇਂ?

ਲਾਂਬਾ ਜੀ, ਜੇ ਇਜਾਜ਼ਤ ਹੋਵੇ ਤਾਂ ਇਕ ਹੋਰ ਬੇਨਤੀ ਕਰਾਂ;
ਨਿਤਨੇਮ ਅਤੇ ਖੰਡੇ ਦੀ ਪਹੁਲ ਤਿਆਰ ਕਰਨ ਵੇਲੇ ਪੜੀ ਜਾਣ ਵਾਲੀ 'ਚੌਪਈ ਸਾਹਿਬ', ਜੋ ਆਖਰੀ ਚਰਿਤ੍ਰ ਦੇ ਅਖੀਰ ਵਿੱਚ ਦਰਜ ਹੈ,ਸਬੰਧੀ ਇਹ ਮੰਨਿਆ ਜਾਂਦਾ ਹੈ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਦੁਆਰਾ ਬਿਭੌਰ ਸਾਹਿਬ (ਨੰਗਲ) ਦੇ ਪਾਵਨ ਅਸਥਾਨ ਉਤੇ ਇਸ ਦੀ ਰਚਨਾ ਕੀਤੀ ਸੀ। ਸੰਤ ਸਮਾਜ ਦੀ ਰਹਿਤ ਮਰਯਾਦਾ ਮੁਤਾਬਕ, "ਕਬ੍ਯੋ ਬਾਚ ਬੇਨਤੀ॥ ਚੌਪਈ॥ 'ਹਮਰੀ ਕਰੋ ਹਾਥ ਦੈ ਰੱਛਾ' ਤੋਂ 'ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ' ਤੀਕ ਪੜ੍ਹਨ ਦੀ ਹਦਾਇਤ ਹੈ।

"ਇਸ ਪ੍ਰਕਾਰ ਸਾਧ ਸੰਗਤ ਜੀ! ਜਿਹੜਾ ਰਹਿਰਾਸ ਬਾਣੀ ਪੜ੍ਹਨ ਦਾ, ਗੁਰਮਤਿ ਦਾ ਅਸੂਲ ਸੀ ਪਹਿਲੇ ਪੁਰਾਤਨ ਸਮੇਂ ਅਨੁਸਾਰ ਬਾਣੀ ਸ੍ਰੀ ਕੇਸਗੜ੍ਹ ਤਖ਼ਤ ਸਾਹਿਬ ਜੀ ਵੀ 'ਮਹਾਂ ਕਾਲ ਕੀ ਜੋ ਸਰਨ ਪਏ' ਤੋਂ ਚੌਪਈ ਪੜ੍ਹਿਆ ਕਰਦੇ ਸਨ। ਅਤੇ ਇਸੇ ਪ੍ਰਕਾਰ ਸ੍ਰੀ ਪਟਨੇ ਸਾਹਿਬ ਪੜ੍ਹਿਆ ਕਰਦੇ ਸਨ। ਜਿੰਨੀ ਹੁਣ ਸ੍ਰੀ ਹਜ਼ੂਰ ਸਾਹਿਬ ਸ਼ੁਰੂ ਹੈ। ਬਹੁਰਿਅਸਰੁ ਕਾ ਕਾਟਿਸਮਾਥਾ॥ ਸ੍ਰੀ ਅਸਿਧੁਜ ਜਗਤ ਕੇ ਨਾਥਾ॥" ('ਗੁਰਬਾਣੀ ਪਾਠ ਦਰਪਣ', ਪੰਨਾ 188)

ਇਸ ਸਬੰਧੀ ਤੁਹਾਡੀ ਕਿਤਾਬ ਵਿੱਚ, "ਬੇਨਤੀ ਚੌਪਈ ਪਾਤਸ਼ਾਹੀ 10, 'ਹਮਰੀ ਕਰੋ ਹਾਥ ਦੈ ਰੱਛਾ' ਤੋਂ 'ਦੁਸਟ ਦੋਖ ਤੇ ਲੇਹੁ ਬਚਾਈ' (ਪੰਨਾ 95) ਤੀਕ ਦਰਜ ਹੈ। ਪੰਥਕ ਮਰਯਾਦਾ ਵਿੱਚ ਵੀ ਇਹ ਹੀ ਦਰਜ ਹੈ।
ਇਸ ਸਬੰਧੀ ਬੇਨਤੀ ਹੈ ਕਿ ਅਸਲ ਲਿਖਤ (ਮੌਜੂਦਾ ਦਸਮ ਗ੍ਰੰਥ) ਵਿੱਚ ਤਾਂ 'ਪਾਤਸ਼ਾਹੀ 10' ਨਹੀਂ ਹੈ। ਕੀ ਆਪਣੇ ਤੌਰ ਤੇ ਇਹ ਲਿਖਣਾ ਅਤੇ ਅਸਲ ਲਿਖਤ ਵਿੱਚ ਦਿੱਤੇ ਨੰਬਰ (375 ਤੋਂ 405) ਬਦਲੇ ਕੇ 1-2 ਆਦਿ ਲਿਖਣਾ, ਕਿਵੇਂ ਜਾਇਜ਼ ਹੈ? ਆਪ ਜੀ ਦੀ ਖੋਜ ਮੁਤਾਬਕ, ਗੁਰੂ ਸਾਹਿਬ ਜੀ ਦੀ ਲਿਖਤ ਕਿੰਨੀ ਹੋ ਸਕਦੀ ਹੈ, ਭਾਵ ਜਿਥੋਂ ਤੀਕ ਪੰਥਕ ਰਹਿਤ ਮਰਯਾਦਾ (377 ਤੋਂ401) ਵਿੱਚ ਦਰਜ ਹੈ, ਜਿਥੋਂ ਤੀਕ ਡੇਰੇਦਾਰ (375 ਤੋਂ 405) ਪੜ੍ਹਦੇ ਹਨ, ਜਿਥੋਂ ਤੀਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਪੜ੍ਹੀ ਜਾਂਦੀ ਹੈ (374 ਤੋਂ 405) ਜਾਂ ਜਿਥੋਂ ਤੀਕ ਸੀ ਪੁਰਾਤਨ ਸਮੇਂ 'ਮਹਾਂ ਕਾਲ ਕੀ ਜੋ ਸਰਨ ਪਏ' ਤੋਂ (366 ਤੋਂ 405) ਪੜ੍ਹਿਆ ਕਰਦੇ ਸਨ?
'ਚੌਪਈ ਸਾਹਿਬ' (ਚਰਿਤ੍ਰ 404) ਦੇ ਅਖੀਰਵਿੱਚ, ਇਸ ਦੇ ਸੰਪੂਰਨ ਹੋਣ ਦੀ ਤਾਰੀਖ ਦਰਜ ਹੈ;
ਚੌਪਈ॥ ਸੰਬਤ ਸੱਤ੍ਰ ਹਸ ਹਸ ਭਣਿੱਜੈ॥ ਅਰਧ ਸਹਜ ਫੁਨਿਤੀ ਨਿਕਹਿ ਜੈ॥
ਭਾਦ੍ਰਵ ਸੁਦੀ ਅਸਟਮੀਰ ਵਿਵਾਰਾ॥ ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ॥ (405)

ਭਾਵ ਇਹ ਗ੍ਰੰਥ, ਐਤਵਾਰ ਭਾਦੋਂ ਸੁਦੀ 8 ਸੰਮਤ 1753 ਨੂੰ ਸਤਲੁਜ ਦੇ ਕੰਢੇ ਪੂਰਾ ਹੋਇਆ ਸੀ।

ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ) ਕੈਲੰਡਰ ਮੁਤਾਬਕ, ਸੰਮਤ 1753ਬਿਕ੍ਰਮੀ ਵਿੱਚ ਭਾਦੋਂ ਸੁਦੀ 8 (25 ਭਾਦੋਂ, 25 ਅਗਸਤ 1696 ਜੂਲੀਅਨ) ਨੂੰ ਦਿਨ ਐਤਵਾਰ ਨਹੀਂ ਮੰਗਲਵਾਰ ਸੀ। ਇਸ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ?

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ 10 ਅਪ੍ਰੈਲ 2008 ਈ: ਦਿਨ ਵੀਰਵਾਰ ਨੂੰ ਜਾਰੀ ਕੀਤੇ ਗਏ ਹੁਕਮਨਾਮੇ ਵਿੱਚ ਇਹ ਦਰਜ ਹੈ, "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ 1755 ਬਿਕ੍ਰਮੀ ਨੂੰ ਲਿਖੀ, ਜਿਸ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਸਖ਼ਤ ਹਨ ਜੋ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਵਿਰਾਜਮਾਨ ਹੈ"।ਇਸ ਦੇ ਨਾਲ ਹੀ 'ਸੋਧਕ ਕਮੇਟੀ ਦੀ ਰਿਪੋਰਟ' ਦਾ ਵੀ ਜਿਕਰ ਹੈ, ਜਿਸ ਨੇ 1897 ਈ: ਵਿੱਚ ਰੰਗ-ਬਰੰਗੀਆਂ 32 ਬੀੜਾਂ ਇਕੱਠੀਆਂ ਕਰਕੇ ਅੱਜ ਵਾਲੀ ਬੀੜ ਤਿਆਰ ਕੀਤੀ ਸੀ। ਇਸ ਹੁਕਮਨਾਮੇ ਉਪਰ ਗਿਆਨੀ ਇਕਬਾਲ ਸਿੰਘ ਸਮੇਤ 4 ਹੋਰ ਗ੍ਰੰਥੀ ਸਿੰਘਾਂ ਨੇ ਦਸਖ਼ਤ ਕੀਤੇ ਹੋਏ ਹਨ।

ਲਾਂਬਾ ਜੀ, ਇਹ ਦੋਵੇਂ ਆਪਾ ਵਿਰੋਧੀ ਗੱਲਾਂ, ਸੱਚ ਨਹੀਂ ਹੋ ਸਕਦੀਆਂ। ਤੁਹਾਡੀ ਖੋਜ ਮੁਤਾਬਕ ਕਿਹੜੀ ਗੱਲ ਝੂਠ ਹੈ? ਕੀ ਮੌਜੂਦਾ ਬੀੜ, ਸੰਮਤ 1755 ਬਿਕ੍ਰਮੀ ਵਾਲੀ ਹੈ, ਜਿਸ ਦਾ ਜਿਕਰ ਆਪ ਜੀ ਨੇ ਵੀ, ਕੇਸਰ ਸਿੰਘ ਛਿੱਬਰ ਦੇ ਹਵਾਲੇ ਨਾਲ ਕੀਤਾ ਹੈ, ਜਾਂ ਸੰਮਤ 1954 ਬਿਕ੍ਰਮੀ (1897 ਈ:) ਵਿੱਚ ਸੋਧਕ ਕਮੇਟੀ ਵੱਲੋਂ ਤਿਆਰ ਕੀਤੀ ਗਈ ਬੀੜ ਹੈ?

ਲਾਂਬਾ ਜੀ, ਤੁਸੀਂ ਆਪਣੀ ਕਿਤਾਬ 'ਸਾਖੀ ਰਹਿਤ ਮਰਯਾਦਾ ਜੀ ਕੀ' ਵਿੱਚ ਇਸ ਪੱਥਰ ਤੇ ਉਕਰੀਆਂ ਹੋਈਆਂ ਕੁਝ ਪੰਗਤੀਆਂ ਸਬੰਧੀ ਲਿਖਿਆ ਹੈ ਕਿ "ਇਹ ਸ਼ਬਦ ਕਲਗੀਧਰ ਪਿਤਾ ਵੱਲੋਂ ਰਹਿਤ ਵਿੱਚ ਆਚਰਣ ਦੀ ਉੱਚਤਾ ਦੀ ਤਾਕੀਦ ਹੈ। ਦਰਬਾਰ ਸਾਹਿਬ 'ਤੇ ਹਮਲੇ ਦੇ ਬਾਅਦ ਇਹ ਹੁਣ ਉੱਥੇ ਨਹੀਂ। ਇਹ ਸਾਡਾ ਅਨਮੋਲ ਵਿਰਸਾ ਹੈ। ਜ਼ਰੂਰਤ ਹੈ ਇਸ ਨੂੰ ਮੁੜ ਪ੍ਰਮੁੱਖਤਾ ਨਾਲ ਉੱਥੇ ਲਗਾਉਣ ਦੀ"। (ਪੰਨਾ 156)

ਇਸ ਸਬੰਧੀ ਬੇਨਤੀ ਹੈ ਕਿ ਇਹ ਸ਼ਬਦ, ਕਲਗੀਧਰ ਪਿਤਾ ਜੀ ਵੱਲੋਂ ਕਦੋਂ ਅਤੇ ਕਿਥੇ ਉਚਾਰਿਆ ਗਿਆ ਸੀ? ਅਖੀਰ ਵਿੱਚ ਆਪਜੀ ਲਿਖਦੇ ਹੋ, "ਕੀ ਇਹ ਏਕ ਗ੍ਰੰਥ ਏਕ ਪੰਥ ਦੀ ਸ਼ਰਾਰਤ ਪੂਰਨ ਨਾਸਤਿਕਤਾ ਦੀ ਰਟ ਸਾਡੇ ਹਿੱਸੇ ਹੀ ਆਈ ਹੈ? ਸੁਚੇਤ ਹੋਣ ਦੀ ਲੋੜ ਹੈ"।

ਸ. ਗੁਰਚਰਨਜੀਤ ਸਿੰਘ ਲਾਂਬਾ ਜੀ, ਬੇਨਤੀ ਹੈ ਕਿ ਇਸ ਪੱਤਰ ਨੂੰ ਧਿਆਨ ਨਾਲ ਪੜ੍ਹ ਕੇ, ਮੰਗੀ ਗਈ ਸਾਰੀ ਜਾਣਕਾਰੀ, ਲਿਖਤੀ ਰੂਪ ਵਿੱਚ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ, ਤਾਂ ਜੋ ਪਾਠਕ ਖ਼ੁਦ ਫੈਸਲਾ ਕਰ ਸਕਣ ਕਿ 'ਅਸਲ ਸਾਜਿਸ' ਘਾੜੇ ਕੌਣ ਹਨ, ਅਤੇ ਪੰਥ ਨੂੰ ਕਿਨ੍ਹਾਂ ਤੋਂ ਸੁਚੇਤ ਹੋਣ ਦੀ ਲੋੜ ਹੈ।

**ਧੰਨਵਾਦ- ਸਤਿਕਾਰ ਸਹਿਤ**
**ਸਰਵਜੀਤ ਸਿੰਘ ਸੈਕਰਾਮੈਂਟੋ**
28 ਹਾੜ, ਸੰਮਤ 557 ਨਾਨਕਸ਼ਾਹੀ (12 ਜੂਨ 2025)

# 114 ਸਾਲ ਦੌੜਾਕ ਫੌਜਾ ਸਿੰਘ ਨਹੀਂ ਰਹੇ

**ਜਲੰਧਰ-** 114 ਸਾਲ ਦੀ ਉਮਰ 'ਚ ਵੀ ਰੋਜ਼ਾਨਾ 8 ਕਿਲੋਮੀਟਰ ਤੁਰਨਾ, ਖੁਸ਼ਮਿਜ਼ਾਜ ਤੇ ਹਮੇਸ਼ਾ ਚਿਹਰੇ 'ਤੇ ਮੁਸਕਰਾਹਟ, ਇਹ ਫੌਜਾ ਸਿੰਘ ਦੀ ਸਿਹਤ ਦਾ ਰਾਜ਼ ਸੀ। ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈਥ (ਦੂਜੀ) ਵੀ ਫੌਜਾ ਸਿੰਘ ਦੀ ਪ੍ਰਸ਼ੰਸਕ ਸੀ, ਜੋ ਕਿ ਟਰਬਨ ਟੋਰਨਾਡੋ ਵਜੋਂ ਜਾਣੀ ਜਾਂਦੀ ਸਭ ਤੋਂ ਵੱਡੀ ਉਮਰ ਦੀ ਮੈਰਾਥਨ ਦੌੜਾਕ ਸੀ। ਫੌਜਾ ਸਿੰਘ ਦੇ 100ਵੇਂ ਜਨਮਦਿਨ 'ਤੇ ਮਹਾਰਾਣੀ ਵੱਲੋਂ ਉਨ੍ਹਾਂ ਨੂੰ ਵਧਾਈ ਪੱਤਰ ਭੇਜਿਆ ਗਿਆ ਸੀ। ਫੌਜਾ ਸਿੰਘ ਦੀ ਸ਼ਖ਼ਸੀਅਤ ਅਜਿਹੀ ਸੀ ਕਿ 2016 'ਚ ਉਨ੍ਹਾਂ ਦੀ ਅਮਰੀਕਾ ਫੇਰੀ ਦੌਰਾਨ ਬ੍ਰਿਟਿਸ਼ ਏਅਰਵੇਜ਼ ਨੇ ਉਨ੍ਹਾਂ ਦੇ ਬੋਰਡਿੰਗ ਪਾਸ 'ਤੇ 'ਵਰਲਡ ਰਿਕਾਰਡ ਹੋਲਡਰ-ਸੈਂਚੁਰੀਅਨ ਮੈਰਾਥਨ' ਲਿਖ ਕੇ ਉਨ੍ਹਾਂ ਦੀ ਹਿੰਮਤ ਤੇ ਬਹਾਦਰੀ ਦਾ ਸਨਮਾਨ ਕੀਤਾ। ਫੌਜਾ ਸਿੰਘ ਨੂੰ ਰੈਡੋ ਘੜੀ ਪਹਿਨਣਾ ਬਹੁਤ ਪਸੰਦ ਸੀ। ਉਹ ਹਮੇਸ਼ਾ ਮੈਚਿੰਗ ਕੱਪੜੇ ਪਾ ਕੇ ਘਰੋਂ ਨਿਕਲਦੇ ਸਨ। ਉਹ ਆਪਣੇ ਖੱਬੇ ਹੱਥ 'ਚ ਰੈਡੋ ਘੜੀ ਤੇ ਸੱਤ ਤੋਲੇ ਸੋਨੇ ਦਾ ਬਰੇਸਲੇਟ ਪਹਿਨਣ ਕਦੇ ਨਹੀਂ ਭੁੱਲਦੇ ਸੀ। ਜੇਕਰ ਫੌਜਾ ਸਿੰਘ ਨੂੰ ਕਿਸੇ ਸਕੂਲ, ਕਾਲਜ ਜਾਂ ਯੂਨੀਵਰਸਿਟੀ 'ਚ ਮੁੱਖ



ਮਹਿਮਾਨ ਵਜੋਂ ਬੁਲਾਉਣ ਦਾ ਮੌਕਾ ਮਿਲਦਾ ਸੀ ਤਾਂ ਉਹ ਉਸ ਦਿਨ ਮੈਚਿੰਗ ਕੱਪੜੇ ਪਾ ਕੇ ਤੇ ਟਾਈ ਲਗਾ ਕੇ ਨਿਕਲਦੇ ਸੀ। ਵੱਡੇ ਪੁੱਤਰ ਕੁਲਦੀਪ ਦੀ ਮੌਤ ਤੋਂ ਬਾਅਦ ਫੌਜਾ ਸਿੰਘ ਨੇ ਦੌੜਨਾ ਸ਼ੁਰੂ ਕਰ ਦਿੱਤਾ, ਤਾਂ ਜੋ ਉਹ ਆਪਣੇ ਪੁੱਤਰ ਦਾ ਦੁੱਖ ਭੁੱਲ ਸਕੇ।

ਅੱਜ ਵੀ ਬਿਆਸ ਪਿੰਡ 'ਚ ਉਸਦੇ ਘਰ ਦੇ ਨੇੜੇ ਨੈਸ਼ਨਲ ਹਾਈਵੇ ਦੇ ਕਿਨਾਰੇ ਉਸਦੇ ਪੁੱਤਰ ਕੁਲਦੀਪ ਦੇ ਨਾਮ 'ਤੇ ਕੁਲਦੀਪ ਢਾਬਾ ਬਣਾਇਆ ਹੋਇਆ ਹੈ। ਉਹ ਹਰ ਸ਼ਾਮ ਪੈਦਲ ਢਾਬੇ 'ਤੇ ਚਲੇ ਜਾਂਦੇ ਸੀ। ਉਸ ਦੇ ਛੋਟੇ ਪੁੱਤਰ ਹਰਵਿੰਦਰ ਸਿੰਘ ਤੇ ਰਿਸ਼ਤੇਦਾਰ ਕਰਮਜੀਤ ਸਿੰਘ ਤੇ ਤ੍ਰਿਲੋਚਨ ਸਿੰਘ ਨੇ ਦੱਸਿਆ ਕਿ ਫੌਜਾ ਸਿੰਘ ਦੀ ਸਿਹਤ ਦਾ ਰਾਜ਼ ਇਹ ਸੀ ਕਿ ਉਹ ਸਵੇਰੇ ਉਠ ਕੇ ਹਰ ਰੋਜ਼ ਦੁੱਧ ਦੇ ਨਾਲ ਅਲਸੀ ਦੀ ਪਿੰਨੀ ਖਾਂਦੇ ਸੀ। ਉਨ੍ਹਾਂ ਨੂੰ ਦੁਪਹਿਰ ਵੇਲੇ ਸਬਜ਼ੀਆਂ ਦੇ ਨਾਲ ਰੋਟੀ ਤੇ ਦਹੀਂ ਖਾਣਾ ਪਸੰਦ ਸੀ। ਦੁਪਹਿਰ ਦੇ ਖਾਣੇ ਤੋਂ ਬਾਅਦ 2 ਤੋਂ 3 ਵਜੇ ਉਹ ਪਿੰਡ 'ਚ ਸੱਤ ਤੋਂ ਅੱਠ ਕਿਲੋਮੀਟਰ ਸੈਰ ਕਰਨ ਨਿਕਲ ਜਾਂਦੇ ਸੀ। ਉਹ ਪਿੰਡ ਦੇ ਲੋਕਾਂ ਨੂੰ ਮਿਲਦੇ ਸੀ ਤੇ ਉਨ੍ਹਾਂ ਨਾਲ ਮਜ਼ਾਕ ਕਰਦੇ ਸੀ। ਉਹ ਹਮੇਸ਼ਾ ਖੁਸ਼ ਰਹਿੰਦੇ ਸੀ।

# ਭਾਰਤ ਭਰ ਵਿੱਚ ਵੋਟਰ ਸੂਚੀ ਦੀ ਇੱਕ ਵਿਸ਼ੇਸ਼ ਤੀਬਰ ਸੋਧ ਹੋਵੇਗੀ

## ਭਾਰਤ ਭਰ ਵਿੱਚ ਵੋਟਰ ਸੂਚੀ ਦੀ ਇੱਕ ਵਿਸ਼ੇਸ਼ ਤੀਬਰ ਸੋਧ ਹੋਵੇਗੀ- ਬਿਹਾਰ ਵਿੱਚ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ, 3.5 ਲੱਖ ਵੋਟਰਾਂ ਦੇ ਨਾਮ ਹਟਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ


## ਬਿਹਾਰ ਵਿੱਚ 2003 ਦੀ ਵੋਟਰ ਸੂਚੀ ਨੂੰ ਪ੍ਰਮਾਣਿਕ ਆਧਾਰ ਮੰਨਿਆ ਗਿਆ- 2.93 ਕਰੋੜ ਮੌਜੂਦਾ ਵੋਟਰਾਂ 'ਤੇ ਸੰਭਾਵਿਤ ਪ੍ਰਭਾਵ? ਭਾਰਤ ਭਰ ਵਿੱਚ ਕਰੋੜਾਂ ਵੋਟਰਾਂ ਦੇ ਨਾਮ ਮੌਤ, ਇੱਕ ਤੋਂ ਵੱਧ ਸੂਚੀਆਂ ਵਿੱਚ ਦਰਜ ਨਾਮ, ਜਾਅਲੀ ਸਰਟੀਫਿਕੇਟ ਅਤੇ ਆਧਾਰ ਕਾਰਨ ਵੋਟਰ ਸੂਚੀਆਂ ਤੋਂ ਹਟਾਉਣ ਨਾਲ ਪਾਰਦਰਸ਼ਤਾ ਵਧੇਗੀ - ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ

ਗੋਂਡੀਆ- ਵਿਸ਼ਵ ਪੱਧਰ 'ਤੇ, ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ, ਭਾਰਤ ਦੇ ਲੋਕਤੰਤਰ ਦੇ ਤਿਉਹਾਰ ਦੀ ਪੂਰੀ ਦੁਨੀਆ ਵਿੱਚ ਚਰਚਾ ਹੁੰਦੀ ਹੈ, ਜੋ ਭਾਰਤ ਦੀ ਸ਼ਾਨ ਨੂੰ ਵਧਾਉਂਦਾ ਹੈ, ਪਰ ਮੈਂ, ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ, ਦਾ ਮੰਨਣਾ ਹੈ ਕਿ, ਇਸ ਸ਼ਾਨ ਨੂੰ ਵਧਾਉਣ ਲਈ, ਸੂਚੀਆਂ ਨੂੰ ਸੋਧਣਾ ਅਤੇ ਸ਼ੁੱਧ ਕਰਨਾ ਸਮੇਂ ਦੀ ਲੋੜ ਹੈ, ਇਸ ਦੀਆਂ ਗਲਤੀਆਂ, ਲੀਕੇਜ, ਜਾਅਲੀ ਵੋਟਰਾਂ ਦੀ ਪਛਾਣ ਕਰਕੇ, ਜਿਸਦਾ ਲਾਗੂ ਕਰਨ ਬਿਹਾਰ ਵਿੱਚ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ ਜਿੱਥੇ 2025 ਦੇ ਅੰਤ ਤੱਕ ਚੋਣਾਂ ਹੋਣ ਦੀ ਚਰਚਾ ਹੈ। ਹਾਲਾਂਕਿ, 1950 ਤੋਂ 2004 ਤੱਕ, ਇਸ ਤਰ੍ਹਾਂ ਦੀਆਂ ਵੱਡੀਆਂ ਸੋਧ ਮੁਹਿੰਮਾਂ ਪਹਿਲਾਂ ਵੀ ਕਈ ਵਾਰ ਕੀਤੀਆਂ ਜਾ ਚੁੱਕੀਆਂ ਹਨ। ਪਰ ਇਸ ਵਾਰ ਮੁਹਿੰਮ ਦੋ ਕਾਰਨਾਂ ਕਰਕੇ ਵੱਖਰੀ ਹੈ- ਪਹਿਲਾ, ਪਹਿਲਾਂ ਤੋਂ ਰਜਿਸਟਰਡ ਵੋਟਰਾਂ ਤੋਂ ਦਸਤਾਵੇਜ਼ ਦੁਬਾਰਾ ਮੰਗੇ ਜਾ ਰਹੇ ਹਨ, ਅਤੇ ਦੂਜਾ, ਤਿੰਨ ਦਸਤਾਵੇਜ਼ਾਂ ਨੂੰ ਸ਼ਾਮਲ ਕਰਨ 'ਤੇ ਵਿਚਾਰ ਕੀਤਾ ਹੈ - ਆਧਾਰ, ਵੋਟਰ ਆਈਡੀ ਅਤੇ ਰਾਸ਼ਨ ਕਾਰਡ। ਜ਼ਿਆਦਾਤਰ ਲੋਕਾਂ ਕੋਲ ਇਹ ਦਸਤਾਵੇਜ਼ ਹਨ, ਖਾਸ ਕਰਕੇ ਬਿਹਾਰ ਵਰਗੇ ਰਾਜਾਂ ਵਿੱਚ। ਬਿਹਾਰ ਵਿੱਚ, ਚੋਣ ਕਮਿਸ਼ਨ ਨੇ ਹਾਲ ਹੀ ਵਿੱਚ ਵੋਟਰ ਸੂਚੀ ਦੀ 'ਵਿਸ਼ੇਸ਼ ਤੀਬਰ ਸੋਧ' ਸ਼ੁਰੂ ਕੀਤੀ ਹੈ, ਜਿਸ ਨਾਲ ਬਹੁਤ ਵਿਵਾਦ ਪੈਦਾ ਹੋ ਗਿਆ ਹੈ। ਹੁਣ ਇਹ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚ ਗਿਆ ਹੈ। ਪਰ ਇਸ ਦੌਰਾਨ, ਕਮਿਸ਼ਨ ਨੇ ਇੱਕ ਵੱਡਾ ਕਦਮ ਚੁੱਕਿਆ ਹੈ ਅਤੇ ਦੇਸ਼ ਦੇ ਹੋਰ ਸਾਰੇ ਰਾਜਾਂ ਨੂੰ ਵੀ ਇਸੇ ਤਰ੍ਹਾਂ ਦੀਆਂ ਤਿਆਰੀਆਂ ਕਰਨ ਦੇ ਨਿਰਦੇਸ਼ ਦਿੱਤੇ ਹਨ। ਕਮਿਸ਼ਨ ਨੇ ਸਾਰੇ ਰਾਜਾਂ ਦੇ ਮੁੱਖ ਚੋਣ ਅਧਿਕਾਰੀਆਂ ਨੂੰ ਇੱਕ ਪੱਤਰ ਭੇਜ ਕੇ ਕਿਹਾ ਹੈ ਕਿ ਉਹ 1 ਜਨਵਰੀ, 2026 ਨੂੰ ਆਧਾਰ ਬਣਾ ਕੇ ਵੋਟਰ ਸੂਚੀਆਂ ਦੀ ਮੁੜ ਜਾਂਚ ਕਰਨ ਦੀ ਤਿਆਰੀ ਸ਼ੁਰੂ ਕਰਨ। ਯਾਨੀ ਕਿ ਉਸ ਦਿਨ ਤੱਕ 18 ਸਾਲ ਦੇ ਹੋ ਚੁੱਕੇ ਸਾਰੇ ਨਾਗਰਿਕਾਂ ਦੇ ਨਾਮ ਵੋਟਰ ਰਕਮ 4.52 ਪ੍ਰਤੀਸ਼ਤ ਹੈ। ਜੋ ਕਿ ਕੁੱਲ 7,89,69,844 ਵੋਟਰਾਂ ਵਿੱਚੋਂ 35.5 ਲੱਖ ਹੈ। ਸੋਮਵਾਰ ਨੂੰ ਚੋਣ ਕਮਿਸ਼ਨ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ, ਇਸ ਮੁਹਿੰਮ ਦੇ ਤਹਿਤ, ਹੁਣ ਤੱਕ 83.66 ਪ੍ਰਤੀਸ਼ਤ ਵੋਟਰਾਂ ਦੇ ਗਿਣਤੀ ਫਾਰਮ ਜਮ੍ਹਾਂ ਕਰਵਾਏ ਗਏ ਹਨ। ਕੁੱਲ 7,89,69,844 ਵੋਟਰਾਂ ਵਿੱਚੋਂ, 6,60,67,208 ਵੋਟਰਾਂ ਦੇ ਗਿਣਤੀ ਫਾਰਮ ਜਮ੍ਹਾ ਕਰ ਦਿੱਤੇ ਗਏ ਹਨ। ਇਸ ਤਰ੍ਹਾਂ, 88.18 ਪ੍ਰਤੀਸ਼ਤ ਵੋਟਰਾਂ ਨੇ ਜਾਂ ਤਾਂ ਗਣਨਾ ਫਾਰਮ ਜਮ੍ਹਾ ਕਰ ਦਿੱਤਾ ਹੈ, ਜਾਂ ਮ੍ਰਿਤਕ ਪਾਏ ਗਏ ਹਨ, ਜਾਂ ਨਾਮ ਇੱਕ ਜਗ੍ਹਾ 'ਤੇ ਰੱਖਿਆ ਗਿਆ ਹੈ ਜਾਂ ਸਥਾਈ ਤੌਰ 'ਤੇ ਤਬਦੀਲ ਹੋ ਗਿਆ ਹੈ। ਹੁਣ ਸਿਰਫ 11.82 ਪ੍ਰਤੀਸ਼ਤ ਵੋਟਰਾਂ ਕੋਲ ਗਣਨਾ ਫਾਰਮ ਜਮ੍ਹਾ ਕਰਨ ਲਈ ਬਾਕੀ ਹੈ। ਉਨ੍ਹਾਂ ਵਿੱਚੋਂ ਬਹੁਤਿਆਂ ਨੇ ਆਉਣ ਵਾਲੇ ਦਿਨਾਂ ਵਿੱਚ ਦਸਤਾਵੇਜ਼ਾਂ ਦੇ ਨਾਲ ਫਾਰਮ ਜਮ੍ਹਾ ਕਰਨ ਲਈ ਸਮਾਂ ਮੰਗਿਆ ਹੈ। ਫਾਰਮ ਜਮ੍ਹਾ ਕਰਨ ਦੀ ਆਖਰੀ ਮਿਤੀ 25 ਜੁਲਾਈ ਹੈ। ਇਸ ਤੋਂ ਬਾਅਦ


ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ

ਸਮੇਤ ਪੰਜ ਰਾਜਾਂ ਤੋਂ ਸ਼ੁਰੂ ਹੋ ਸਕਦਾ ਹੈ। ਅਗਲੇ ਸਾਲ ਇਨ੍ਹਾਂ ਸਾਰੇ ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਵੀ ਹੋਣੀਆਂ ਹਨ। ਹਾਸ਼ੀਏ 'ਤੇ ਰਹਿਣ ਵਾਲੇ ਲੋਕ ਇਸ ਪੂਰੀ ਮੁਹਿੰਮ ਤੋਂ ਸਭ ਤੋਂ ਵੱਧ ਡਰਦੇ ਹਨ। EBC, ਦਲਿਤ, ਮੁਸਲਿਮ ਅਤੇ ਗਰੀਬ ਵਰਗ ਦੇ ਲੋਕ ਡਰਦੇ ਹਨ ਕਿ ਉਨ੍ਹਾਂ ਦੇ ਨਾਮ ਮਿਟਾ ਦਿੱਤੇ ਜਾ ਸਕਦੇ ਹਨ। ਕੁਝ ਇਸਨੂੰ "ਪਿੱਛੋਂ ਲਿਆਂਦਾ ਗਿਆ NRC" ਕਹਿ ਰਹੇ ਹਨ। ਭਾਵ, ਨਾਗਰਿਕਤਾ ਦੀ ਸਿੱਧੇ ਤੌਰ 'ਤੇ ਕਹੇ ਬਿਨਾਂ ਜਾਂਚ ਕੀਤੀ ਜਾ







ਕਮਿਸ਼ਨ ਨੇ ਖੁਦ ਆਪਣੀ ਪੁਰਾਣੀ ਵੋਟਰ ਸੂਚੀ ਦੀ ਵੈਧਤਾ 'ਤੇ ਸਵਾਲ ਖੜ੍ਹੇ ਕੀਤੇ ਹਨ। ਕੁੱਲ ਮਿਲਾ ਕੇ, ਆਉਣ ਵਾਲੇ ਦਿਨਾਂ ਵਿੱਚ, ਦੇਸ਼ ਭਰ ਵਿੱਚ ਵੋਟਰ ਸੂਚੀ ਵਿੱਚ ਇੱਕ ਵੱਡਾ ਬਦਲਾਅ ਹੋਣ ਵਾਲਾ ਹੈ, ਅਤੇ ਆਮ ਲੋਕਾਂ ਨੂੰ ਆਪਣੇ ਆਪ ਨੂੰ ਦੁਬਾਰਾ ਸਾਬਤ ਕਰਨ ਲਈ ਤਿਆਰ ਰਹਿਣਾ ਪਵੇਗਾ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਸ਼ਹਿਰਾਂ ਵਿੱਚ ਪ੍ਰਵਾਸ ਵਧਿਆ ਹੈ, ਲੋਕ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਵਸਦੇ ਹਨ, ਪਰ ਪੁਰਾਣੇ ਪਤੇ ਤੋਂ ਆਪਣੇ ਨਾਮ ਨਹੀਂ ਹਟਾਉਂਦੇ। ਇਸ ਕਾਰਨ, ਇੱਕੋ ਵਿਅਕਤੀ ਦਾ ਨਾਮ ਦੋ ਥਾਵਾਂ 'ਤੇ ਦਿਖਾਈ ਦਿੰਦਾ ਹੈ। ਇਸ ਨੂੰ ਠੀਕ ਕਰਨ ਲਈ, ਵੋਟਰ ਸੂਚੀ ਦੀ ਸਫਾਈ ਕੀਤੀ ਜਾ ਰਹੀ ਹੈ। ਰਾਜਨੀਤਿਕ ਪਾਰਟੀਆਂ ਨੇ ਕਈ ਵਾਰ ਜਾਅਲੀ ਵੋਟਿੰਗ ਦੀ ਸ਼ਿਕਾਇਤ ਵੀ ਕੀਤੀ ਹੈ। ਕਾਂਗਰਸ ਨੇਤਾਵਾਂ ਨੇ ਮਹਾਰਾਸ਼ਟਰ ਵਿੱਚ ਵੋਟਰ ਸੂਚੀ ਵਿੱਚ ਬੇਨਿਯਮੀਆਂ ਦਾ ਦੋਸ਼ ਲਗਾਇਆ ਸੀ। ਕਮਿਸ਼ਨ ਦਾ ਕਹਿਣਾ ਹੈ ਕਿ ਅਜਿਹੀਆਂ ਸਮੱਸਿਆਵਾਂ ਨੂੰ ਖਤਮ ਕਰਨ ਲਈ ਇਹ ਮੁਹਿੰਮ ਜ਼ਰੂਰੀ ਹੈ। ਹੁਣ ਤੱਕ, ਬਿਹਾਰ ਵਿੱਚ ਵੋਟਰ ਸੂਚੀ ਵਿੱਚ ਨਾਮ ਜੋੜਨ ਲਈ 11 ਤਰ੍ਹਾਂ ਦੇ ਦਸਤਾਵੇਜ਼ ਮੰਗੇ ਜਾ ਰਹੇ ਸਨ। ਇਨ੍ਹਾਂ ਵਿੱਚ ਆਧਾਰ, ਵੋਟਰ ਆਈਡੀ, ਰਾਸ਼ਨ ਕਾਰਡ, ਜਨਮ ਸਰਟੀਫਿਕੇਟ, ਸਕੂਲ ਸਰਟੀਫਿਕੇਟ, ਜਾਤੀ ਸਰਟੀਫਿਕੇਟ ਅਤੇ ਕੁਝ ਸਰਕਾਰੀ ਆਈਡੀ ਕਾਰਡ ਸ਼ਾਮਲ ਸਨ। ਪਰ ਜ਼ਮੀਨੀ ਹਕੀਕਤ ਇਹ ਹੈ ਕਿ ਜ਼ਿਆਦਾਤਰ ਲੋਕਾਂ ਕੋਲ ਸਿਰਫ਼ ਆਧਾਰ, ਰਾਸ਼ਨ ਕਾਰਡ ਅਤੇ ਵੋਟਰ ਆਈਡੀ ਹੈ। ਇਸ ਲਈ, ਸੁਪਰੀਮ ਕੋਰਟ ਦੀ ਸਲਾਹ 'ਤੇ, ਕਮਿਸ਼ਨ ਨੇ ਹੁਣ ਸੂਚੀ ਵਿੱਚ ਹੋਣੇ ਚਾਹੀਦੇ ਹਨ। ਹਾਲਾਂਕਿ, ਇਸ ਪੂਰੀ ਮੁਹਿੰਮ ਦੀ ਸਮਾਂ-ਸੀਮਾ ਅਜੇ ਤੈਅ ਨਹੀਂ ਕੀਤੀ ਗਈ ਹੈ, ਕਿਉਂਕਿ ਬਿਹਾਰ ਵਿੱਚ 2003 ਦੀ ਵੋਟਰ ਸੂਚੀ ਨੂੰ ਪ੍ਰਮਾਣਿਕ ਆਧਾਰ ਮੰਨਦੇ ਹੋਏ, 2193 ਕਰੋੜ ਮੌਜੂਦਾ ਵੋਟਰਾਂ ਦੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ, ਇਸ ਲਈ ਅੱਜ ਅਸੀਂ ਮੀਡੀਆ ਵਿੱਚ ਉ-ਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ, ਭਾਰਤ ਭਰ ਵਿੱਚ ਵੋਟਰ ਸੂਚੀ ਦੀ ਇੱਕ ਵਿਸ਼ੇਸ਼ ਤੀਬਰ ਸੋਧ ਹੋਵੇਗੀ, ਬਿਹਾਰ ਵਿੱਚ ਹੈਰਾਨ ਕਰਨ ਵਾਲੇ ਅੰਕੜੇ ਆਏ ਹਨ, 3515 ਲੱਖ ਵੋਟਰਾਂ ਦੇ ਨਾਮ ਹਟਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਕਰੋੜਾਂ ਵੋਟਰਾਂ ਦੇ ਨਾਮ ਮੌਤ ਕਾਰਨ, ਇੱਕ ਤੋਂ ਵੱਧ ਸੂਚੀਆਂ ਵਿੱਚ ਦਰਜ, ਜਾਅਲੀ ਸਰਟੀਫਿਕੇਟ ਅਤੇ ਆਧਾਰ ਕਾਰਡ ਨੂੰ ਹਟਾਉਣ ਨਾਲ ਪਾਰਦਰਸ਼ਤਾ ਵਧੇਗੀ।

ਦੋਸਤੋ, ਜੇਕਰ ਅਸੀਂ ਬਿਹਾਰ ਵਿੱਚ ਚੱਲ ਰਹੇ ੀ ਦੀ ਗੱਲ ਕਰੀਏ, ਤਾਂ 14 ਜੁਲਾਈ 2025 ਨੂੰ ਦੇਰ ਰਾਤ ਪ੍ਰਾਪਤ ਜਾਣਕਾਰੀ ਅਨੁਸਾਰ, ਚੋਣ ਕਮਿਸ਼ਨ ਵੱਲੋਂ ਜਾਰੀ ਵਿਸ਼ੇਸ਼ ਤੀਬਰ ਸੋਧ (ੀ) ਦੇ ਤਹਿਤ ਬਿਹਾਰ ਵਿੱਚ 3515 ਲੱਖ ਵੋਟਰਾਂ ਦੇ ਨਾਮ ਹਟਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਚੋਣ ਕਮਿਸ਼ਨ ਦੇ ਤਾਜ਼ਾ ਅੰਕੜਿਆਂ ਅਨੁਸਾਰ, ਵਿਸ਼ੇਸ਼ ਤੀਬਰ ਸੋਧ ਮੁਹਿੰਮ ਦੌਰਾਨ ਹੁਣ ਤੱਕ 1159 ਪ੍ਰਤੀਸ਼ਤ ਵੋਟਰ ਮ੍ਰਿਤਕ ਪਾਏ ਗਏ ਹਨ ਜਦੋਂ ਕਿ 212 ਪ੍ਰਤੀਸ਼ਤ ਵੋਟਰ ਸਥਾਈ ਤੌਰ 'ਤੇ ਹੋਰ ਥਾਵਾਂ 'ਤੇ ਚਲੇ ਗਏ ਹਨ। ਇਸ ਦੇ ਨਾਲ ਹੀ, 0173 ਪ੍ਰਤੀਸ਼ਤ ਲੋਕ ਇੱਕ ਤੋਂ ਵੱਧ ਥਾਵਾਂ 'ਤੇ ਰਜਿਸਟਰਡ ਪਾਏ ਗਏ ਹਨ। ਜਿਨ੍ਹਾਂ ਦੀ ਕੁੱਲ ਡਰਾਫਟ ਸੂਚੀ ਪ੍ਰਕਾਸ਼ਿਤ ਕੀਤੀ ਜਾਵੇਗੀ। 2025 ਦੀਆਂ ਚੋਣਾਂ ਲਈ ਵੋਟਰ ਸੂਚੀ ਇਸ ਸੂਚੀ ਦੇ ਆਧਾਰ 'ਤੇ ਤੈਅ ਕੀਤੀ ਜਾਵੇਗੀ। ਚੋਣ ਕਮਿਸ਼ਨ ਦੁਆਰਾ ਵਿਕਸਤ ਕੀਤੇ ਪਲੇਟਫਾਰਮ 'ਤੇ ਹੁਣ ਤੱਕ 5.74 ਕਰੋੜ ਤੋਂ ਵੱਧ ਫਾਰਮ ਅਪਲੋਡ ਕੀਤੇ ਜਾ ਚੁੱਕੇ ਹਨ। 40 ਪਹਿਲਾਂ ਦੇ ਚੋਣ ਐਪਸ ਨੂੰ ਸ਼ਾਮਲ ਕਰਕੇ ਏਕੀਕ੍ਰਿਤ ਕੀਤੇ ਗਏ ਇਸ ਪਲੇਟਫਾਰਮ ਦੀ ਵਰਤੋਂ ਹੁਣ ਔਨਲਾਈਨ ਫਾਰਮ ਭਰਨ, ਨਾਮ ਖੋਜ ਅਤੇ ਦਸਤਾਵੇਜ਼ ਤਸਦੀਕ ਲਈ ਕੀਤੀ ਜਾ ਰਹੀ ਹੈ। ਹੁਣ ਤੀਜੇ ਪੜਾਅ ਵਿੱਚ, ਲਗਭਗ 1 ਲੱਖ ਬੀਐਲ ਇੱਕ ਵਾਰ ਫਿਰ ਘਰ-ਘਰ ਜਾਣਗੇ। ਸਾਰੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੁਆਰਾ ਨਿਯੁਕਤ 1.5 ਲੱਖ ਬੂਥ ਲੈਵਲ ਏਜੰਟ ਵੀ ਪੂਰੀ ਤਾਕਤ ਨਾਲ ਲੱਗੇ ਹੋਏ ਹਨ। ਹਰੇਕ ਬੂਥ ਲੈਵਲ ਏਜੰਟ ਪ੍ਰਤੀ ਦਿਨ 50 ਤੱਕ ਗਿਣਤੀ ਪੱਤਰ ਜਮ੍ਹਾਂ ਅਤੇ ਪ੍ਰਮਾਣਿਤ ਕਰ ਸਕਦਾ ਹੈ। 261 ਨਗਰ ਨਿਗਮਾਂ ਦੇ 5,683 ਵਾਰਡਾਂ ਵਿੱਚ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ, ਤਾਂ ਜੋ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਸਕੇ ਕਿ ਕੋਈ ਵੀ ਯੋਗ ਸ਼ਹਿਰੀ ਵੋਟਰ ਸੂਚੀ ਤੋਂ ਬਾਹਰ ਨਾ ਰਹੇ।

ਦੋਸਤੋ, ਜੇਕਰ ਅਸੀਂ ਪੂਰੇ ਭਾਰਤ ਵਿੱਚ SIR ਲਾਗੂ ਕਰਨ ਦੀ ਗੱਲ ਕਰੀਏ, ਤਾਂ ਹੁਣ ਜੋ ਸੰਕੇਤ ਮਿਲ ਰਹੇ ਹਨ, ਉਨ੍ਹਾਂ ਦੇ ਅਨੁਸਾਰ, ਇਸਨੂੰ ਅਗਲੇ ਦੋ ਸਾਲਾਂ ਵਿੱਚ ਪੜਾਅਵਾਰ ਸਾਰੇ ਰਾਜਾਂ ਵਿੱਚ ਲਿਜਾਇਆ ਜਾਵੇਗਾ। ਜੋ ਅਗਲੇ ਮਹੀਨੇ ਤੋਂ ਪੱਛਮੀ ਬੰਗਾਲ, ਤਾਮਿਲਨਾਡੂ, ਅਸਾਮ ਅਤੇ ਕੇਰਲ ਰਹੀ ਹੈ। ਸੁਪਰੀਮ ਕੋਰਟ ਨੇ ਬਿਹਾਰ ਵਿੱਚ ਇਸ ਪ੍ਰਕਿਰਿਆ ਨੂੰ ਰੋਕਣ ਤੋਂ ਇਨਕਾਰ ਕਰ ਦਿੱਤਾ, ਪਰ ਚਿੰਤਾ ਪ੍ਰਗਟ ਕੀਤੀ ਕਿ ਜੇਕਰ ਚੋਣਾਂ ਤੋਂ ਪਹਿਲਾਂ ਕਿਸੇ ਦਾ ਨਾਮ ਸੂਚੀ ਵਿੱਚੋਂ ਹਟਾ ਦਿੱਤਾ ਜਾਂਦਾ ਹੈ, ਤਾਂ ਉਸਦਾ ਵੋਟ ਪਾਉਣ ਦਾ ਅਧਿਕਾਰ ਖੋਹ ਲਿਆ ਜਾਵੇਗਾ। ਅਦਾਲਤ ਨੇ ਕਮਿਸ਼ਨ ਨੂੰ ਸੁਝਾਅ ਦਿੱਤਾ ਕਿ ਦਸਤਾਵੇਜ਼ੀਕਰਨ ਪ੍ਰਕਿਰਿਆ ਨੂੰ ਆਸਾਨ ਬਣਾਇਆ ਜਾਣਾ ਚਾਹੀਦਾ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਪੂਰੇ ਭਾਰਤ ਵਿੱਚ ਵੋਟਰ ਸੂਚੀ ਦੀ ਇੱਕ ਵਿਸ਼ੇਸ਼ ਤੀਬਰ ਸੋਧ ਹੋਵੇਗੀ। ਬਿਹਾਰ ਵਿੱਚ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। 3.5 ਲੱਖ ਵੋਟਰਾਂ ਦੇ ਨਾਮ ਹਟਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਬਿਹਾਰ ਵਿੱਚ 2003 ਦੀ ਵੋਟਰ ਸੂਚੀ ਨੂੰ ਪ੍ਰਮਾਣਿਕ ਆਧਾਰ ਮੰਨਿਆ ਜਾਂਦਾ ਹੈ। 2.93 ਕਰੋੜ ਮੌਜੂਦਾ ਵੋਟਰਾਂ 'ਤੇ ਸੰਭਾਵਿਤ ਪ੍ਰਭਾਵ। ਮੌਤ, ਇੱਕ ਤੋਂ ਵੱਧ ਸੂਚੀਆਂ ਵਿੱਚ ਨਾਮ ਦਰਜ ਹੋਣ, ਜਾਅਲੀ ਸਰਟੀਫਿਕੇਟ ਅਤੇ ਆਧਾਰ ਕਾਰਨ ਪੂਰੇ ਭਾਰਤ ਦੀਆਂ ਵੋਟਰ ਸੂਚੀਆਂ ਵਿੱਚੋਂ ਕਰੋੜਾਂ ਵੋਟਰਾਂ ਦੇ ਨਾਮ ਹਟਾਉਣ ਨਾਲ ਪਾਰਦਰਸ਼ਤਾ ਵਧੇਗੀ।

*-ਕੰਪਾਈਲਰ ਲੇਖਕ - ਕਿਊਰ ਮਾਹਿਰ ਕਾਲਮਨਵੀਸ ਸਾਹਿਤਕ ਸ਼ਖਸੀਅਤ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ (ਏਟੀਸੀ) ਐਡਵੋਕੇਟ ਕਿਸ਼ਨ ਸੰ-ਮੁਖਦਾਸ ਭਵਨਾਈ ਗੋਂਡੀਆ ਮਹਾਰਾਸ਼ਟਰ 9359653465*

## ਮੇਰੇ ਮਨ ਦੀ ਬਾਤ

ਉਸ ਨਗਰ ਵਿਚ ਰਹਿ ਕੇ ਯਾਰੋ
ਕੀ ਜਾਣਾ ਹੈ
ਕੀ ਥੀਣਾ ਹੈ
ਜਿੱਥੇ ਉਮਰ ਦਾ ਸਿਖਰ ਦੁਪਹਿਰਾ
ਬੁਰਕੀ ਬੁਰਕੀ ਖਿੰਡ ਗਿਆ ਹੈ
ਟੋਟਾ-ਟੋਟਾ ਤੜਫ ਰਿਹਾ ਹੈ
ਸਹਿਕ ਰਿਹਾ ਹੈ।

'ਵਤਨ ਤੇ ਮਿੱਟੀ'
ਸ਼ਬਦਕੋਸ਼ ਦੀ ਕੈਦ 'ਚ ਜਿੱਥੇ
ਕੈਦੀ ਹੋ ਕੇ ਜੂਨ ਗੁਜ਼ਾਰਨ
ਹੋਣ-ਥੀਣ ਦਾ ਜਜ਼ੀਆ ਟੈਕਸ
ਲਹੂ ਵੀਟ ਕੇ ਰੋਜ਼ ਉਤਾਰਨ
ਹੱਕ-ਹਕੂਕ ਦੇ ਸਾਰੇ ਦਾਅਵੇ
ਡਾਢੇ ਦੀ ਜੁੱਤੀ ਦੇ ਜਿੱਥੇ
ਹੋਣ ਪਤਾਵੇ

ਜਗਦੇ ਸਿਰ ਦਾ
ਮਘਦੇ ਸਿਰ ਦਾ
ਕਾਲੀ ਬੋਲੀ ਰਾਤ ਕੁਲਹਿਣ,
ਤੂੰਬਾ ਤੂੰਬਾ ਕਰਕੇ ਸੁੱਟੇ
ਜੋ ਅੱਖ ਪੁੱਟੇ
ਲੀਕ ਨੂੰ ਟੱਪੇ
ਬੁੱਢੀ ਸਰਦਲ ਘੂਰੀ ਵੱਟੇ
ਅੜਾ ਅਰਦਲੀ ਖਾਣ ਨੂੰ ਆਵੇ
ਜਿੰਦ ਨਿਮਾਣੀ ਕਿੱਧਰ ਜਾਵੇ?

**-ਮਦਨ ਵੀਰਾ**


ਮਦਨ ਵੀਰਾ

## ਵਾਪਸੀ ਨਹੀਂ

ਮੈਂ ਵਾਪਸ ਨਹੀਂ ਆਵਾਂਗਾ
ਵਾਪਸ ਤਾਂ ਉਹ ਆਉਂਦੇ
ਜੋ ਚਲੇ ਜਾਂਦੇ ਹਨ
ਮੈਂ ਤਾਂ ਇੱਥੇ ਹੀ ਰਹਾਂਗਾ
ਹੱਸਦਾ ਟੱਪਦਾ ਨੱਚਦਾ ਗਾਉਂਦਾ
ਰੁੱਸਦਾ ਖਿੱਝਦਾ ਰੋਹ ਵਿਖਾਉਂਦਾ
ਕੁਦਰਤ ਦਾ ਹਿੱਸਾ ਬਣਿਆ
ਤੁਹਾਡੇ ਆਸ ਪਾਸ ਰਹਾਂਗਾ।

ਨਾ ਲੈਣਦਾਰ ਨਾ ਦੇਣਦਾਰ
ਪਰ ਤੁਹਾਡੇ
ਹਰ ਦੁੱਖ ਸੁੱਖ 'ਚ ਸ਼ਾਮਲ
ਮੈਂ ਇੱਥੇ ਰਹਾਂਗਾ
ਤੁਹਾਡੀਆਂ ਸਿਮਰਤੀਆਂ 'ਚ ਜਿਉਂਦਾ।

ਇਕ ਵਾਰ ਆ ਕੇ ਕੌਣ ਜਾਂਦਾ ਹੈ
ਸਿਮਰਤੀਆਂ ਵਿਚ
ਹਰ ਪਲ ਜਿਉਂਦਾ ਹੈ

**- ਜਸਬੀਰ ਸਿੰਘ ਧੀਮਾਨ**



## ਖੁਦਾ

ਖੁਦ ਨੂੰ ਖੁਦ ਅਜ਼ਮਾ ਰਿਹਾ ਹਾਂ।
ਟੁੱਟ ਕੇ ਵੀ ਜੁੜਦਾ ਜਾ ਰਿਹਾ ਹਾਂ।

ਕੱਲਾ ਨਈਂ ਸੀ ਪਰ ਕੱਲਾ ਹੁਣ
ਸੱਚ ਦੀ ਕੀਮਤ ਚੁਕਾਅ ਰਿਹਾ ਹਾਂ।

ਵਾਪਿਸ ਆ ਕੇ ਜੰਗਲ ਤੋਂ ਹੁਣ
ਫਿਰ ਬਨਵਾਸ ਹੰਢਾਅ ਰਿਹਾ ਹਾਂ।

ਸਾੜਿਆ ਸੀ ਜਿਸ ਅੱਗ ਨੇ ਮੈਨੂੰ
ਹੰਝੂਆਂ ਨਾਲ ਬੁਝਾ ਰਿਹਾ ਹਾਂ।

ਤਰਾਸ਼ੇ ਬੁੱਤ ਖੁਦਾ 'ਦਿਲਾ' ਹੋ ਗਏ
ਉਹ ਸਭ ਤੋੜਨ ਜਾ ਰਿਹਾ ਹਾਂ।

**- ਦਲਵੀਰ ਸਿੰਘ 'ਦਿਲ ਨਿਜਰ'**

### ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਪਵਿੱਤਰ ਸ਼ਹੀਦੀ ਦਿਵਸ ’ਤੇ ਵਿਸ਼ੇਸ਼


# ‘ਸਿੱਖੀ-ਸਿਦਕ ਨਿਭਾਉਣ ਵਾਲਾ ਮਹਾਨ ਯੋਧਾ’

ਭਾਈ ਤਾਰੂ ਸਿੰਘ ਜੀ ਸਿੱਖ ਇਤਿਹਾਸ ਦੇ ਇਕ ਮਹਾਨ ਸ਼ਹੀਦ ਹਨ। ਉਹਨਾਂ ਨੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਸਿੱਖੀ-ਸਿਦਕ ਦੀ ਲਾਜ ਰੱਖੀ। ਉਨ੍ਹਾਂ ਦਾ ਜਨਮ ਉਸ ਸਮੇਂ ਹੋਇਆ ਜਦੋਂ ਸਿੱਖ ਇਤਿਹਾਸ ਇਕ ਨਾਜ਼ੁਕ ਦੌਰ ’ਚੋਂ ਗੁਜ਼ਰ ਰਿਹਾ ਸੀ। ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਜੁਝਾਰੂ ਕ੍ਰਾਂਤੀਕਾਰੀ ਸਿੱਖ ਰੂਪੋਸ਼ ਹੋ ਕੇ ਜੰਗਲਾਂ, ਪਹਾੜਾਂ ਤੇ ਰਾਜਸਥਾਨ ਦੇ ਰੇਗਿਸਥਾਨਾਂ ’ਚ ਰਹਿਣ ਲੱਗ ਪਏ ਸਨ ਤੇ ਉਨ੍ਹਾਂ ਨੇ ਅਜਿਹੇ ਸਮੇਂ ’ਚ ਪੰਜਾਬ ’ਚੋਂ ਜ਼ਾਲਮ ਮੁਗਲ ਸਰਕਾਰ ਦਾ ਖਾਤਮਾ ਕਰਨ ਲਈ, ਆਪਣੇ ਸੰਘਰਸ਼ ਨੂੰ ਗੁਰੀਲਾ ਯੁੱਧ ਦੀ ਨੀਤੀ ’ਚ ਤਬਦੀਲ ਕਰ ਦਿੱਤਾ ਸੀ। ਪੰਜਾਬ ਦੇ ਅਜਿਹੇ ਇਤਿਹਾਸਕ ਸਮੇਂ ’ਚ ਭਾਈ ਤਾਰੂ ਸਿੰਘ ਜੀ ਦਾ ਜਨਮ 6 ਅਕਤੂਬਰ 1720 ਈਸਵੀ ਨੂੰ ਪਿਤਾ ਸ਼ਹੀਦ ਭਾਈ ਯੋਧ ਸਿੰਘ ਜੀ ਦੇ ਘਰ ਉਨ੍ਹਾਂ ਦੀ ਧਰਮ ਪਤਨੀ ਬੀਬੀ ਧਰਮ ਕੌਰ ਦੀ ਕੁੱਖੋਂ ’ਜੱਟ ਸੰਧੂ’ ਪਰਿਵਾਰ ’ਚ ਪਿੰਡ ਪੂਹਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਹਨਾਂ ਤੋਂ ਛੋਟੀ ਉਨ੍ਹਾਂ ਦੀ ਇਕ ਭੈਣ ਵੀ ਸੀ ਜਿਸ ਦਾ ਨਾਂ ਬੀਬੀ ਤਾਰ ਕੌਰ (ਛੋਟਾ ਨਾਂ ਤਾਰੋ) ਸੀ। ਭਾਈ ਤਾਰੂ ਸਿੰਘ ਜੀ ਤੇ ਉਹਨਾਂ ਦਾ ਸਾਰਾ ਪਰਿਵਾਰ ਇਕ ਬਹੁਤ ਹੀ ਨੇਕ ਤੇ ਸਿੱਖ ਧਾਰਮਿਕ, ਗੁਰੂ ਸਾਹਿਬ ਦੀ ਵਿਚਾਰਧਾਰਾ ’ਚ ਵਿਸ਼ਵਾਸ ਰੱਖਣ ਵਾਲਾ ਪਰਿਵਾਰ ਸੀ। ਉਹ ਬੜੀ ਸਖਤ ਮਿਹਨਤ ਨਾਲ ਖੇਤੀਬਾੜੀ ਦਾ ਧੰਦਾ ਕਰਕੇ ਆਪਣਾ ਜੀਵਨ ਨਿਰਵਾਹ, ਬੜੇ ਸਰਫੇ ਨਾਲ ਕਰਦੇ ਸਨ। ਭਾਵੇਂ ਭਾਈ ਤਾਰੂ ਸਿੰਘ ਜੀ ਅਮੀਰ ਆਦਮੀ ਨਹੀਂ ਸਨ ਪਰ ਫਿਰ ਵੀ ਉਹ ਹਮੇਸ਼ਾ ਖੁਸ਼ ਰਹਿੰਦੇ ਸਨ ਤੇ ਆਪਣੀ ਨੇਕ ਤੇ ਦਸਾਂ ਨਹੁੰਆਂ ਦੀ ਸਖਤ ਕਮਾਈ ’ਚੋਂ ਆਪਣੇ ਸਿੱਖ ਭੈਣ-ਭਰਾਵਾਂ ਦੀ ਮਦਦ ਕਰਦੇ ਰਹਿੰਦੇ ਸਨ। ਉਹਨਾਂ ਦਾ ਪਿਤਾ ਸ਼ਹੀਦ ਭਾਈ ਯੋਧ ਸਿੰਘ ਇਕ ਲੜਾਈ ’ਚ ਸ਼ਹੀਦ ਹੋ ਗਿਆ ਸੀ ਤੇ ਭਾਈ ਤਾਰੂ ਸਿੰਘ ਜੀ ਦੀ ਵਿਧਵਾ ਮਾਤਾ ਉਨ੍ਹਾਂ ਦੇ ਨਾਲ ਰਹਿੰਦੀ ਸੀ। ਭਾਈ ਤਾਰੂ ਸਿੰਘ ਜੀ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੋਈ ਸੀ ਤੇ ਉਹਨਾਂ ਨੇ ਸਿੱਖੀ-ਸਿਦਕ ਲਈ ਮਰ ਮਿਟਣ ਦੀ ਸਿੱਖਿਆ ਉਨ੍ਹਾਂ ਤੋਂ ਹੀ ਪ੍ਰਾਪਤ ਕੀਤੀ ਸੀ।

ਉਹ ਆਪਣੀ ਸਖਤ ਮਿਹਨਤ ਦੀ ਕਮਾਈ ’ਚੋਂ ਜੋ ਕੁਝ ਬੱਚਤ ਕਰਦੇ ਉਹ ਆਪਣੇ ਉਨ੍ਹਾਂ ਸਿੱਖ ਕ੍ਰਾਂਤੀਕਾਰੀ ਭਰਾਵਾਂ ’ਤੇ ਖਰਚ ਕਰਦੇ ਜਿਹੜੇ ਮੁਗਲ ਸਰਕਾਰ ਦੇ ਅੱਤਿਆਚਾਰਾਂ ਕਾਰਨ ਜੰਗਲਾਂ, ਪਹਾੜਾਂ ਤੇ ਰਾਜਸਥਾਨ ਦੇ ਮਾਰੂਥਲਾਂ ’ਚ ਪ੍ਰਵਾਸ ਕਰ ਗਏ ਸਨ। ਭਾਈ ਤਾਰੂ ਸਿੰਘ ਜੋ ਕਿ ਕ੍ਰਾਂਤੀਕਾਰੀ ਸਿੱਖਾਂ ਦੀ ਰਾਸ਼ਨ-ਪਾਣੀ ਆਦਿ ਜਾਂ ਉਹਨਾਂ ਨੂੰ ਰੋਟੀ ਖੁਆ ਕੇ ਉਨ੍ਹਾਂ ਦੀ ਸੇਵਾ ਕਰਦਾ ਸੀ ਜਾਂ ਕਈ ਵਾਰੀ ਰਾਤ-ਬਰਾਤੇ ਉਹ ਸਿੱਖ ਭਰਾ ਇਸ ਕੋਲ ਰਾਤ ਨੂੰ ਠਹਿਰ ਜਾਂਦੇ ਸਨ। ਇਕ ਸਰਕਾਰੀ ਜਾਸੂਸ ਜਿਸ ਦਾ ਨਾਂ ਅਕਿਲ ਦਾਸ (ਦੂਸਰਾ ਨਾਂ ਨਰੰਜਣੀਆਂ) ਵੀ ਸੀ, ਉਹ ਜੰਡਿਆਲੇ ਦਾ ਰਹਿਣ ਵਾਲਾ ਸੀ ਤੇ ਉਹ ਇਸ ਤਰ੍ਹਾਂ ਵਿਦਰੋਹੀ ਕ੍ਰਾਂਤੀਕਾਰੀ ਸਿੱਖਾਂ ਨਾਲ ਹਮਦਰਦੀ ਰੱਖਣ ਵਾਲਿਆਂ ’ਤੇ ਆਪਣੀ ਕੜੀ ਨਜ਼ਰ ਰੱਖਦਾ ਸੀ ਤੇ ਇਸ ਦੀ ਸਾਰੀ ਜਾਣਕਾਰੀ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੂੰ ਦੱਸਦਾ ਰਹਿੰਦਾ ਸੀ।

ਜ਼ਕਰੀਆ ਖਾਨ ਸਿੱਖਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਇਰਾਦਾ ਰੱਖਦਾ ਸੀ ਤੇ ਉਹ ਸਿੱਖਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਦਾ ਰਹਿੰਦਾ ਸੀ। ’ਪ੍ਰਾਚੀਨ ਪੰਥ ਪ੍ਰਕਾਸ਼’ ’ਚ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਜ਼ਕਰੀਆ ਖਾਨ ਨੇ ਆਪਣੇ ਆਦਮੀਆਂ ਨੂੰ ਪੁੱਛਿਆ ਕਿ, “ਸਿੱਖ ਆਪਣਾ ਪਾਲਣ-ਪੋਸ਼ਣ ਕਿਵੇਂ ਕਰਦੇ ਹਨ ਤੇ ਉਹ ਆਪਣਾ ਰਾਸ਼ਨ-ਪਾਣੀ ਕਿੱਥੋਂ ਲਿਆਉਂਦੇ ਹਨ?” ਮੈਂ ਤਾਂ ਉਹਨਾਂ ਦੇ ਕੰਮਕਾਰ ਸਭ ਬੰਦ ਕਰ ਦਿੱਤੇ ਹਨ ਤੇ ਉਹਨਾਂ ਦੀ ਕੋਈ ਆਮਦਨ ਨਹੀਂ ਹੈ। ਉਹ ਨਾ ਤਾਂ ਖੇਤੀ ਕਰਦੇ ਹਨ, ਨਾ ਉਹਨਾਂ ਨੂੰ ਕੋਈ ਵਿਉਪਾਰ ਕਰਨ ਦੀ ਆਗਿਆ ਹੈ ਤੇ ਨਾ ਉਹ ਕੋਈ ਸਰਕਾਰੀ ਜਾਂ ਗੈਰ ਸਰਕਾਰੀ ਕਿਸੇ ਅਦਾਰੇ ’ਚ ਕੰਮ ਕਰ ਸਕਦੇ ਹਨ। ਮੈਂ ਤਾਂ ਉਹਨਾਂ ਦੇ ਗੁਰਦੁਆਰਿਆਂ ਨੂੰ ਚੜ੍ਹਨ ਵਾਲੇ ਚੜ੍ਹਾਵੇ ਵੀ ਬੰਦ ਕਰ ਦਿੱਤੇ ਹਨ ਤੇ ਉਹ ਕਿਤੇ ਪਾਠ-ਪੂਜਾ ਕਰ ਸਕਦੇ ਹਨ। ਉਹਨਾਂ ਦੀ ਖਾਧ-ਖੁਰਾਕ ਦਾ ਹਰ ਰਸਤਾ ਮੇਰੇ ਵੱਲੋਂ ਬੰਦ ਕੀਤਾ ਹੋਇਆ ਹੈ ਪਰ ਫਿਰ ਵੀ ਉਹ ਜਿੰਦਾ ਹਨ ਤੇ ਮਰੇ ਨਹੀਂ ਹਨ?

ਹਰਭਗਤ ਨਰੰਜਣੀਆ ਜੋ ਜ਼ਕਰੀਆ ਖਾਨ ਦਾ ਪੱਗ-ਵੱਟ ਭਰਾ ਬਣਿਆ ਹੋਇਆ ਸੀ ਤੇ ਸਿੱਖਾਂ ਦਾ ਜਾਨੀ ਦੁਸ਼ਮਣ ਵੀ ਸੀ ਨੇ ਕਿਹਾ, “ਅਜੇ ਇਸ ਸੰਸਾਰ ’ਚ ਸਿੱਖ ਹਨ, ਜਿਹੜੇ ਉਤਨਾ ਚਿਰ ਆਪ ਭੁੱਖੇ ਰਹਿੰਦੇ ਹਨ, ਜਿੰਨਾ ਚਿਰ ਉਹ ਆਪਣੇ ਰੂਪੋਸ਼ ਹੋਏ ਕ੍ਰਾਂਤੀਕਾਰੀ ਸਿੱਖ ਭਰਾਵਾਂ ਨੂੰ ਖਾਣਾ ਨਹੀਂ ਖੁਆ ਲੈਂਦੇ। ਉਹ ਆਪਣੇ ਆਪ ਨੂੰ ਉਨਾ ਚਿਰ ਭੁੱਖਾ ਤੇ ਨੰਗਾ ਰੱਖ ਸਕਦੇ ਹਨ ਪਰ ਆਪਣੇ ਸਿੱਖ ਭਰਾਵਾਂ ਨੂੰ ਅਜਿਹੀ ਦੁਖਦਾਇਕ ਹਾਲਤ ’ਚ ਨਹੀਂ ਦੇਖ ਸਕਦੇ। ਉਹ ਆਪਣੀ ਸਰਦ ਰਾਤਾਂ ਨੂੰ ਅੱਗ ਸੇਕ ਕੇ ਲੰਘਾ ਸਕਦੇ ਹਨ ਪਰ ਆਪਣੇ ਸਰੀਰ ਦੇ ਕੱਪੜੇ ਉਤਾਰ ਕੇ ਆਪਣੇ ਸਾਥੀ ਸਿੱਖ ਭਰਾਵਾਂ ਨੂੰ ਭੇਜ ਸਕਦੇ ਹਨ ਤੇ ਉਹ ਉਹਨਾਂ ਨੂੰ ਨੰਗਿਆ ਨਹੀਂ ਦੇਖ ਸਕਦੇ ਕਿ ਉਹ ਅਜਿਹੀਆਂ ਸਰਦ ਰਾਤਾਂ ’ਚ ਨੰਗੇ ਰਹਿਣ। ਉਹ ਸਖਤ



ਮੁਸ਼ੱਕਤ ਕਰਕੇ, ਦਾਣੇ ਪੀਸ ਕੇ ਆਟਾ ਉਹਨਾਂ ਨੂੰ ਭੇਜ ਸਕਦੇ ਹਨ। ਉਹ ਆਪ ਨਿੱਕੇ-ਮੋਟੇ ਕੰਮ ਕਰਕੇ, ਸਖਤ ਮਿਹਨਤ ਕਰਕੇ ਆਪਣੀ ਕਮਾਈ ਉਨ੍ਹਾਂ ਨੂੰ ਭੇਜ ਸਕਦੇ ਹਨ। ਉਹ ਹੁਣ ਦੂਰ-ਦੁਰਾਡੇ ਕੰਮਾਂ-ਕਾਰਾਂ ਦੀ ਭਾਲ ’ਚ ਚਲੇ ਗਏ ਹਨ ਤੇ ਉਥੋਂ ਕੰਮ ਕਾਰ ਕਰਕੇ ਆਪਣੇ ਰੂਪੋਸ਼ ਹੋਏ ਬਾਗੀ ਕ੍ਰਾਂਤੀਕਾਰਾਂ ਨੂੰ ਜ਼ਰੂਰ ਪੈਸੇ ਦਿੰਦੇ ਹਨ।

ਹਰਭਗਤ ਨਰੰਜਣੀਏ ਨੇ ਜ਼ਕਰੀਆ ਖਾਨ ਨੂੰ ਦੱਸਿਆ ਕਿ ਮਾਝੇ ਦੇ ਪੂਹਲੇ ਪਿੰਡ ਦਾ ਤਾਰੂ ਸਿੰਘ ਜੋ ਕਿਸਾਨੀ ਕਰਦਾ ਹੈ ਤੇ ਸਰਕਾਰ ਨੂੰ ਹਾਲਾ-ਮਾਮਲਾ ਵੀ ਦਿੰਦਾ ਹੈ ਪਰ ਉਹ ਆਪ ਬਹੁਤ ਘੱਟ ਖਾਂਦਾ ਹੈ ਤੇ ਆਪਣੀ ਸਾਰੀ ਰਾਸ਼ਨ-ਪਾਣੀ ਦੀ ਬੱਚਤ ’ਚੋਂ ਰੋਟੀਆਂ ਬਣਾ ਕੇ ਜੰਗਲ ’ਚ ਰਹਿੰਦੇ ਆਪਣੇ ਬਾਗੀ-ਕ੍ਰਾਂਤੀਕਾਰੀ ਸਿੱਖ ਭਰਾਵਾਂ ਨੂੰ ਭੇਜਦਾ ਹੈ। ਉਸ ਦੀ ਮਾਤਾ ਤੇ ਭੈਣ ਉਸ ਦੀ ਇਸ ਕੰਮ ’ਚ ਪੂਰੀ ਮਦਦ ਕਰਦੀਆਂ ਹਨ ਤੇ ਉਹ ਆਟਾ ਪੀਸ ਕੇ ਤੇ ਰੋਟੀਆਂ ਬਣਾ ਕੇ ਤਿਆਰ ਕਰਦੀਆਂ ਹਨ। ਉਹ ਆਪ ਆਪਣਾ ਗੁਜ਼ਾਰਾ ਬੜੇ ਸਰਫੇ ਨਾਲ ਕਰਦਾ ਹੈ ਤੇ ਘਰ ਦਾ ਬੁਣਿਆ ਹੋਇਆ ਖੱਦਰ ਪਹਿਨਦਾ ਹੈ। ਉਹ ਜੋ ਵੱਧ ਤੋਂ ਵੱਧ ਬਚਾਉਂਦੇ ਹਨ ਉਹ ਆਪਣੇ ਸਾਥੀ ਸਿੱਖਾਂ ਨੂੰ ਜੰਗਲ ’ਚ ਭੇਜੀ ਜਾਂਦੇ ਹਨ।



ਐਚ.ਐਲ. ਕਪੂਰ

ਇਕ ਦਿਨ ਰਹੀਮ ਬਖਸ਼ ਮੁਸਲਮਾਨ ਜੋ ਮੱਛੀਆਂ ਫੜਨ ਦਾ ਕੰਮ ਕਰਦਾ ਸੀ, ਰਾਤ ਕੱਟਣ ਲਈ ਭਾਈ ਤਾਰੂ ਸਿੰਘ ਜੀ ਦੇ ਘਰ ਰੁਕਿਆ। ਉਸ ਨੇ ਸੌਣ ਤੋਂ ਪਹਿਲਾਂ ਭਾਈ ਤਾਰੂ ਸਿੰਘ ਨੇ ਦੱਸਿਆ ਕਿ, ”ਪੱਟੀ ਦਾ ਕਮਾਂਡਰ ਧੱਕੇ ਨਾਲ ਉਸ ਦੀ ਲੜਕੀ ਉਠਾ ਕੇ ਲੈ ਗਿਆ ਹੈ। ਜਦੋਂ ਮੈਂ ਗਵਰਨਰ ਜ਼ਕਰੀਆ ਖਾਨ ਪਾਸ ਕਮਾਂਡਰ ਦੀ ਸ਼ਿਕਾਇਤ ਕੀਤੀ ਤਾਂ ਮੈਨੂੰ ਉਸ ਨੇ ਧੱਕੇ ਮਰਵਾ ਕੇ, ਆਪਣੇ ਦਰਬਾਰ ’ਚੋਂ ਬਾਹਰ ਕੱਢਵਾ ਦਿੱਤਾ। ਗਰੀਬ ਆਦਮੀ ਦੀ ਇਸ ਜ਼ਾਲਮਾਨਾ ਰਾਜ ’ਚ ਕੋਈ ਸੁਣਵਾਈ ਨਹੀਂ ਹੈ। ਭਾਈ ਤਾਰੂ ਸਿੰਘ ਨੇ ਉਸ ਨੂੰ ਕਿਹਾ ਕਿ “ਤੇਰੀ ਸ਼ਿਕਾਇਤ ਭਾਵੇਂ ਗਵਰਨਰ ਨੇ ਨਹੀਂ ਸੁਣੀ ਹੈ ਪਰ ਇਹ ਸ਼ਿਕਾਇਤ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਦਰਬਾਰ ’ਚ ਜ਼ਰੂਰ ਸੁਣੀ ਗਈ ਹੈ। ਤੇਰੀ ਲੜਕੀ ਕੁਝ ਦਿਨਾਂ ਦੇ ਅੰਦਰ-ਅੰਦਰ ਤੇਰੇ ਘਰ ਜ਼ਰੂਰ ਪਹੁੰਚ ਜਾਏਗੀ।

ਕੁਝ ਦਿਨਾਂ ਬਾਅਦ ਸਿੰਘਾਂ ਦਾ ਇਕ ਜਥਾ ਉਧਰ ਦੀ ਗੁਜ਼ਰ ਰਿਹਾ ਸੀ ਤੇ ਉਹ ਸਿੰਘ ਭਾਈ ਤਾਰੂ ਸਿੰਘ ਨੂੰ ਮਿਲੇ ਤੇ ਭਾਈ ਤਾਰੂ ਸਿੰਘ ਨੇ ਰਹੀਮ ਬਖਸ਼ ਦੀ ਸਾਰੀ ਦੁੱਖ ਭਰੀ ਕਹਾਣੀ ਸਿੰਘਾਂ ਨੂੰ ਸੁਣਾਈ। ਸਿੰਘਾਂ ਨੇ ਪੱਟੀ ਦੇ ਕਮਾਂਡਰ ਦੇ ਘਰ ਰਾਤ ਨੂੰ ਛਾਪਾ ਮਾਰਿਆ ਤੇ ਰਹੀਮ ਬਖਸ਼ ਦੀ ਲੜਕੀ ਕਮਾਂਡਰ ਦੇ ਘਰੋਂ ਬਰਾਮਦ ਕਰ ਲਈ ਤੇ ਰਹੀਮ ਬਖਸ਼ ਨੂੰ ਦੇ ਦਿੱਤੀ। ਇਸ ਹਮਲੇ ’ਚ ਪੱਟੀ ਦਾ ਕਮਾਂਡਰ ਮਾਰਿਆ ਗਿਆ। ਪੂਹਲਾ ਪਿੰਡ ਦੇ ਮੁਖੀਏ ਖੁਸ਼ਹਾਲੇ ਨੇ ਇਹ ਸਾਰੀ ਵਾਰਦਾਤ ਜ਼ਕਰੀਆ ਖਾਨ ਨੂੰ ਲਾਹੌਰ ਵਿਖੇ ਜਾ ਸੁਣਾਈ। ਜ਼ਕਰੀਆ ਖਾਨ ਨੇ ਆਪਣੇ ਫੌਜੀਆਂ ਨੂੰ ਭੇਜਿਆ ਕਿ ਭਾਈ ਤਾਰੂ ਸਿੰਘ ਜੀ ਤੇ ਉਸ ਦੀ ਭੈਣ ਬੀਬੀ ਤਾਰ ਕੌਰ (ਤਾਰੋ) ਨੂੰ ਗ੍ਰਿਫ਼ਤਾਰ ਕਰਕੇ ਮੇਰੇ ਸਾਹਮਣੇ ਪੇਸ਼ ਕੀਤਾ ਜਾਵੇ। ਫੌਜੀ ਭਾਈ ਤਾਰੂ ਸਿੰਘ ਜੀ ਦੇ ਘਰ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਪਹੁੰਚ ਗਏ। ਭਾਈ ਤਾਰੂ ਸਿੰਘ ਨੇ ਪਹਿਲਾਂ ਫੌਜੀਆਂ ਨੂੰ ਪ੍ਰਸ਼ਾਦਾ ਛਕਣ ਲਈ ਕਿਹਾ ਕਿ ਉਹ ਪ੍ਰਸ਼ਾਦਾ ਜ਼ਰੂਰ ਛਕਣ, ਕਿਉਂਕਿ ਇਹ ’ਗੁਰੂ ਕਾ ਲੰਗਰ’ ਹੈ ਤੇ ਉਸ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲੈਣ ਤੇ ਮੈਂ ਤੁਹਾਡੇ ਨਾਲ ਚਲਾ ਜਾਵਾਂਗਾ। ਫੌਜੀ ਭਾਈ ਤਾਰੂ ਸਿੰਘ ਦੀ ਗੱਲ ਮੰਨ ਗਏ ਤੇ ਉਹਨਾਂ ਨੇ ਪ੍ਰਸ਼ਾਦਾ ਛਕ ਲਿਆ ਤੇ ਭਾਈ ਤਾਰੂ ਸਿੰਘ ਤੇ ਉਸ ਦੀ ਭੈਣ ਬੀਬੀ ਤਾਰ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਲਾਹੌਰ ਜ਼ਕਰੀਆ ਖਾਨ ਦੇ ਦਰਬਾਰ ’ਚ ਪੇਸ਼ ਕਰ ਦਿੱਤਾ।

ਭਾਈ ਤਾਰੂ ਸਿੰਘ ਤੇ ਉਸ ਦੀ ਭੈਣ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੂਹਲਾ ਪਿੰਡ ਦੇ ਵਾਸੀ ਇਕੱਠੇ ਹੋ ਕੇ ਲਾਹੌਰ ਜ਼ਕਰੀਆ ਖਾਨ ਦੇ ਦਰਬਾਰ ’ਚ ਪਹੁੰਚ ਗਏ ਕਿ ਇਨ੍ਹਾਂ ਨੂੰ ਛੁਡਾ ਲਿਆ ਜਾਵੇ। ਬੀਬੀ ਤਾਰ ਕੌਰ ਇਕ ਔਰਤ ਹੋਣ ਕਰਕੇ ਪਿੰਡ ਵਾਸੀਆਂ ਨੇ ਇਕ ਮੁਆਫੀਨਾਮਾ ਲਿਖਿਆ ਤੇ ਬੀਬੀ ਤਾਰ ਕੌਰ ਨੂੰ ਛੁਡਵਾ ਲਿਆ ਪਰ ਭਾਈ ਤਾਰੂ ਸਿੰਘ ਜੀ ਨੇ ਮੁਆਫੀਨਾਮਾ ਲਿਖਣ ਤੋਂ ਇਨਕਾਰ ਕਰ ਦਿੱਤਾ।

ਗਵਰਨਰ ਜ਼ਕਰੀਆ ਖਾਨ ਨੂੰ ਇਹ ਉਮੀਦ ਸੀ ਕਿ ਭਾਈ ਤਾਰੂ ਸਿੰਘ ਜੀ ਨੂੰ ਡਰਾ ਧਮਕਾ ਕੇ ਦੂਸਰੇ ਹੋਰ ਬਾਗੀ ਕ੍ਰਾਂਤੀਕਾਰੀ ਸਿੰਘਾਂ ਦੇ ਠਿਕਾਣਿਆਂ ਦਾ ਪਤਾ ਲਗਾ ਲਿਆ ਜਾਵੇਗਾ ਤੇ ਉਹ ਡਰਦਾ ਮੁਸਲਮਾਨ ਬਣ ਜਾਵੇਗਾ। ਗਵਰਨਰ ਨੇ ਭਾਈ ਤਾਰੂ ਸਿੰਘ ਨੂੰ ਕਿਹਾ ਕਿ, “ਤੇਰੇ ਸਾਰੇ ਗੁਨਾਹ ਮੁਆਫ਼ ਕਰ ਦਿੱਤੇ ਜਾਣਗੇ ਜੇਕਰ ਤੂੰ ਮੁਸਲਮਾਨ ਬਣ ਜਾਏਂਗਾ, ਨਹੀਂ ਤਾਂ, ਤੂੰ ਮੈਨੂੰ ਆਪਣੇ ਲੰਬੇ ਕੇਸ ਕੱਟ ਕੇ ਦੇ-ਦੇ ਤਾਂ ਕਿ ਮੈਂ ਇਸ ਦੀ ਰੱਸੀ ਬਣਾ ਕੇ ਆਪਣਾ ਮੰਜਾ ਬੁਣ ਸਕਾਂ।” ਭਾਈ ਤਾਰੂ ਸਿੰਘ ਜੀ ਨੇ ਉਤਰ ਦਿੱਤਾ, ”ਮੇਰਾ ਇਹਨਾਂ ਕੇਸਾਂ ’ਚ ਪੂਰੀ ਸਿੱਖੀ ਸਿਦਕੀ ਦਾ ਵਿਸ਼ਵਾਸ ਹੈ ਤੇ ਤੇਰੇ ’ਤੇ ਮੈਂ ਆਪਣੀ ਜੁੱਤੀ ਨਾਲ ਕਾਬੂ ਪਾ ਲਵਾਂਗਾ ਤੇ ਇਸ ਨਾਲ ਤੂੰ ਮਰ ਜਾਏਂਗਾ।” ਇਹ ਸੁਣ ਕੇ ਜ਼ਕਰੀਆ ਖਾਨ ਗੁੱਸੇ ’ਚ ਆ ਗਿਆ ਤੇ ਉਸ ਨੇ ਕਿਹਾ ਕਿ, “ਇਸ ਨੂੰ ਘੁੰਮਦੀ ਹੋਈ ਚਰਖੜੀ ’ਤੇ ਚਾੜ੍ਹ ਕੇ ਤੇ ਬੰਨ੍ਹ ਕੇ, ਪਟਕਾ-ਪਟਕਾ ਕੇ ਜ਼ਮੀਨ ਤੇ ਮਾਰ-ਮਾਰ ਕੇ ਸਜ਼ਾ ਦਿੱਤੀ ਜਾਵੇ ਤੇ ਉਸ ਤੋਂ ਬਾਅਦ ਤਿੱਖੇ ਹਥਿਆਰ ਨਾਲ, ਇਸ ਦੀ ਖੋਪਰੀ ਵਾਲਾਂ ਸਮੇਤ ਉਤਾਰ ਦਿੱਤੀ ਜਾਵੇ ਤਾਂ ਕਿ ਜਿਹਨਾਂ ਕੇਸਾਂ ਤੇ ਇਹ ਇਤਨਾ ਮਾਣ ਕਰਦਾ ਹੈ ਉਹ ਸਿਰ ’ਤੇ ਰਹਿਣ ਹੀ ਨਾ ਦਿੱਤੇ ਜਾਣ ਤੇ ਇਸ ਤੋਂ ਬਾਅਦ ਇਸ ਨੂੰ ਜੇਲ੍ਹ ਦੀ ਕਾਲ ਕੋਠੜੀ ’ਚ ਸੁੱਟ ਦਿੱਤਾ ਜਾਵੇ ਤਾਂ ਜੋ ਇਹ ਹੌਲੀ-ਹੌਲੀ ਤੜਫਦਾ ਹੋਇਆ ਮਰ ਜਾਵੇ। ਇਸ ਤੋਂ ਬਾਅਦ ਜਲਾਦ ਨੇ ਇੰਝ ਹੀ ਕੀਤਾ ਤੇ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਰੰਬੀ ਨਾਲ ਉਤਾਰਨ ਲੱਗ ਪਿਆ ਤੇ ਭਾਈ ਤਾਰੂ ਸਿੰਘ ਜੀ ’ਜਪੁਜੀ ਸਾਹਿਬ’ ਦਾ ਪਾਠ ਕਰਦੇ ਰਹੇ। ਜਲਾਦ ਨੇ ਖੋਪਰੀ ਉਤਾਰ ਕੇ ਭਾਈ ਤਾਰੂ ਸਿੰਘ ਜੀ ਨੂੰ ਲਹੂ-ਲੁਹਾਣ ਕਰ ਦਿੱਤਾ ਤੇ ਇਸੇ ਤਰ੍ਹਾਂ ਜ਼ਖਮੀ ਹੋਏ ਤਾਰੂ ਸਿੰਘ ਨੂੰ ਜੇਲ੍ਹ ਦੀ ਕਾਲ ਕੋਠੜੀ ’ਚ ਬੰਦ ਕਰ ਦਿੱਤਾ।

ਉਸੇ ਦਿਨ ਸ਼ਾਮ ਨੂੰ ਗਵਰਨਰ ਜ਼ਕਰੀਆ ਖਾਨ ਦਾ ਪਿਸ਼ਾਬ ਬੰਦ ਹੋ ਗਿਆ ਤੇ ਉਹ ਭਿਆਨਕ ਦਰਦ ਨਾਲ ਤੜਫਣ ਲੱਗਾ। ਵੈਦਾਂ-ਹਕੀਮਾਂ ਨੇ ਬੜਾ ਓਹੜ-ਪੋਹੜ ਕੀਤਾ ਪਰ ਪਿਸ਼ਾਬ ਦਾ ਬੰਨ੍ਹ ਨਾ ਟੁੱਟਿਆ, ਸਗੋਂ ਦਰਦ ਹੋਰ ਵਧਦੀ ਗਈ। ਜ਼ਕਰੀਆ ਖਾਨ ਦੇ ਸਲਾਹਕਾਰਾਂ ਨੇ ਉਸ ਨੂੰ ਕਿਹਾ ਕਿ ਇਹ ਭਾਈ ਤਾਰੂ ਸਿੰਘ ਜੀ ਨਾਲ ਕੀਤੀ ਗਈ ਜ਼ਾਲਮਾਨਾ ਕਾਰਵਾਈ ਦਾ ਹੀ ਨਤੀਜਾ ਹੋ ਸਕਦਾ ਹੈ। ਇਸ ਲਈ ਹੋ ਸਕੇ ਤਾਂ ਭਾਈ ਤਾਰੂ ਸਿੰਘ ਜੀ ਤੇ ਸਿੱਖ-ਪੰਥ ਕੋਲੋਂ ਮੁਆਫ਼ੀ ਮੰਗ ਲਈ ਜਾਵੇ। ਜ਼ਕਰੀਆ ਖਾਨ ਇਸ ਗੱਲ ਲਈ ਮੰਨ ਗਿਆ ਤੇ ਉਸ ਨੇ ਭਾਈ ਸੁਬੇਗ ਸਿੰਘ ਨੂੰ ਭਾਈ ਤਾਰੂ ਸਿੰਘ ਜੀ ਪਾਸ ਭੇਜਿਆ ਕਿ ਉਹ ਗਵਰਨਰ ਜ਼ਕਰੀਆ ਖਾਨ ਨੂੰ ਮੁਆਫ਼ ਕਰ ਦੇਵੇ ਕਿਉਂਕਿ ਉਸ ਨੇ ਤੁਹਾਡੇ ’ਤੇ ਬਹੁਤ ਅੱਤਿਆਚਾਰ ਕੀਤੇ ਹਨ। ਭਾਈ ਤਾਰੂ ਸਿੰਘ ਜੀ ਨੇ ਇਸ ਗੱਲ ਦਾ ਫੈਸਲਾ ਕਰਨ ਲਈ, ਭਾਈ ਸੁਬੇਗ ਸਿੰਘ ਨੂੰ ਕਿਹਾ ਕਿ ਇਸ ਦਾ ਫੈਸਲਾ ‘ਦਲ-ਖਾਲਸਾ’ ਹੀ ਕਰੇਗਾ ਤੇ ਤੁਸੀਂ ਇਸ ਦੇ ਨੇਤਾ ਪਾਸ ਹੀ ਜਾਓ। ਸੁਬੇਗ ਸਿੰਘ ਜੀ ਦਲ-ਖਾਲਸਾ ਦੇ ਨੇਤਾ ਪਾਸ ਗਏ। ਨੇਤਾ ਨੇ ਕਿਹਾ ਕਿ, ’ਉਸ ਨੂੰ ਪਿਸ਼ਾਬ ਆ ਜਾਏਗਾ ਜੇਕਰ ਜ਼ਕਰੀਆ ਖਾਨ ਆਪਣੇ ਸਿਰ ’ਤੇ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਖਾਏ।’

‘ਦਲ ਖਾਲਸਾ’ ਦੇ ਨੇਤਾ ਦੇ ਕਹੇ ਗਏ ਸ਼ਬਦਾਂ ਦੀ ਪੂਰਤੀ ਕੀਤੀ ਗਈ। ਜਦੋਂ ਜ਼ਕਰੀਆ ਖਾਨ ਨੇ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਆਪਣੇ ਸਿਰ ਤੇ ਖਾਧੀ ਤਾਂ ਉਸ ਨੂੰ ਪਿਸ਼ਾਬ ਆ ਗਿਆ ਤੇ ਉਸ ਦੀ ਦਰਦ ਬੰਦ ਹੋ ਗਈ। ਗਵਰਨਰ ਜ਼ਕਰੀਆ ਖਾਨ ਭਾਈ ਤਾਰੂ ਸਿੰਘ ਜੀ ਦੀ ਆਪਣੇ ਸਿਰ ’ਤੇ ਜੁੱਤੀ ਖਾਣ ਉਪਰੰਤ ਬਹੁਤ ਭਾਵੁਕ ਹੋ ਗਿਆ ਤੇ ਅੰਦਰੋਂ-ਅੰਦਰ ਹੀ ਇਸ ਤਰ੍ਹਾਂ ਹੋਈ ਬੇਇੱਜ਼ਤੀ ਮਹਿਸੂਸ ਕਰਨ ਲੱਗਾ ਤੇ ਉਸ ਦੀ ਮਾਨਸਿਕਤਾ ’ਤੇ ਬੜਾ ਗਹਿਰਾ ਪ੍ਰਭਾਵ ਪਿਆ ਤੇ ਇਸ ਬੇਇੱਜ਼ਤੀ ਨੂੰ ਨਾ ਸਹਾਰਦਾ ਹੋਇਆ ਚਿੰਤਾ ਫਿਕਰ ’ਚ ਹੀ ਇਸ ਸੰਸਾਰ ਤੋਂ 30 ਜੂਨ 1745 ਨੂੰ ਕੂਚ ਕਰ ਗਿਆ। ਭਾਈ ਤਾਰੂ ਸਿੰਘ ਜੀ ਵੀ ਆਪਣੀ ਖੋਪਰੀ ਉੱਤਰਨ ਤੋਂ 22 ਦਿਨਾਂ ਤੱਕ ਜਿੰਦਾ ਰਹੇ ਤੇ ਜ਼ਕਰੀਆ ਖਾਨ ਦੀ ਮੌਤ ਦੀ ਖ਼ਬਰ ਸੁਣ ਕੇ, ਪਹਿਲੀ ਜੁਲਾਈ 1745 ਨੂੰ ਆਪਣੇ ਪ੍ਰਾਣ ਤਿਆਗ ਕੇ ਸ਼ਹੀਦ ਹੋ ਗਏ।

ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਉਸ ਸਮੇਂ ਉਮਰ ਸਿਰਫ਼ 25 ਸਾਲ ਦੀ ਸੀ। ਉਸਦੀ ਮ੍ਰਿਤਕ ਦੇਹ ਦਾ ਸੰਸਕਾਰ ਕਰਨ ਸਮੇਂ ‘ਸ੍ਰੀ ਦਰਬਾਰ ਸਾਹਿਬ’ ਦੇ ਪਵਿੱਤਰ ਸਰੋਵਰ ’ਚੋਂ ਜਲ ਲਿਆਂਦਾ ਗਿਆ ਤੇ ਉਹਨਾਂ ਦੀ ਦੇਹ ਤੇ ਇਸ ਜਲ ਦਾ ਛਿੱਟਾ ਦੇ ਕੇ, ਲਾਹੌਰ ਦੇ ਦਿੱਲੀ ਗੇਟ ਦੇ ਬਾਹਰ ਉਹਨਾਂ ਦਾ ਸੰਸਕਾਰ ਕਰ ਦਿੱਤਾ ਗਿਆ।

1762 ’ਚ ਭੰਗੀ ਸਿੱਖ ਸਰਦਾਰਾਂ ਨੇ ਲਾਹੌਰ ਜਿੱਤ ਲਿਆ ਤੇ ਜਿੱਥੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਗਈ ਸੀ, ਉਸ ਜਗ੍ਹਾ ਨੂੰ ਆਪਣੇ ਕਬਜ਼ੇ ’ਚ ਕਰ ਲਿਆ ਤੇ ਨਾਲ ਲੱਗਦੀ ਅਬਦੁਲਾ ਖਾਨ ਦੀ ਮਸੀਤ ਤੇ ਵੀ ਕਬਜ਼ਾ ਕਰ ਲਿਆ ਤੇ ਇਸ ਸਾਰੀ ਜਗ੍ਹਾ ’ਤੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਯਾਦ ’ਚ ਗੁਰਦੁਆਰਾ ਬਣਾ ਦਿੱਤਾ। ਇਸ ਨੂੰ ਅੱਜਕਲ੍ਹ ‘ਗੁਰਦੁਆਰਾ ਸ਼ਹੀਦ ਗੰਜ’ ਕਹਿੰਦੇ ਹਨ ਤੇ ਇਹ ਲਾਹੌਰ ਦੇ ਨੌਲੱਖਾ ਬਾਜ਼ਾਰ ’ਚ ਸਥਿਤ ਹੈ। ਇਹ ਗੁਰਦੁਆਰਾ ਸਿੱਖਾਂ ਲਈ ਇਕ ਪੂਜਣਯੋਗ ਤੇ ਪ੍ਰੇਰਨਾਯੋਗ ਸਥਾਨ ਬਣ ਗਿਆ ਹੈ ਕਿ ਸਿੱਖੀ-ਸਿਦਕ ਕਿਸ ਤਰ੍ਹਾਂ ਨਿਭਾਈਦਾ ਹੈ ਤੇ ਗੁਰੂ ਸਾਹਿਬ ਵੱਲੋਂ ਬਖਸ਼ੇ ਗਏ ਪਵਿੱਤਰ ਕੇਸਾਂ ਦੀ ਕੀਮਤ ਕੀ ਹੁੰਦੀ ਹੈ? ਲੁਧਿਆਣਾ ਸ਼ਹਿਰ ’ਚ ਵੀ ਸ਼ਹੀਦ ਭਾਈ ਤਾਰੂ ਸਿੰਘ ਜੀ ਤੇ ਇਸ ਤਰ੍ਹਾਂ ਦੇ ਹੋਰ ਮਹਾਨ ਸਿੱਖ ਸ਼ਹੀਦਾਂ ਦੀ ਯਾਦ ’ਚ ਇਕ ਗੁਰਦੁਆਰਾ ਬਣਾਇਆ ਗਿਆ ਹੈ, ਜਿੱਥੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਸਾਰੀ ਜੀਵਨੀ ਚਿੱਤਰਾਂ ਦੁਆਰਾ ਦਰਸਾਈ ਗਈ ਹੈ ਤਾਂ ਕਿ ਆਉਣ ਵਾਲੀਆਂ ਨਸਲਾਂ ਅਜਿਹੇ ਸੂਰਬੀਰ ਸਿੰਘ ਯੋਧਿਆਂ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਤੋਂ ਪ੍ਰੇਰਨਾ ਲੈ ਸਕਣ। ਸ਼ਹੀਦ ਭਾਈ ਤਾਰੂ ਸਿੰਘ ਜੀ ਨੇ ਆਪਣੀ ਸ਼ਹਾਦਤ ਦੇ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਸਿੱਖ ਸਿੱਖੀ-ਸਿਦਕ ਦੇ ਕਿੰਨੇ ਪੂਰੇ ਹਨ ਤੇ ਕਿਸੇ ਵੀ ਜ਼ਾਲਮ ਸਰਕਾਰ ਦੇ ਅੱਤਿਆਚਾਰਾਂ ਤੇ ਮੌਤ ਤੋਂ ਡਰਦੇ ਨਹੀਂ ਹਨ।

# ਵਿਦਿਆਰਥੀਆਂ ਲਈ ਦੁਨੀਆ ਦੇ ਸਿਖ਼ਰਲੇ 130 ਕਿਫ਼ਾਇਤੀ ਸ਼ਹਿਰਾਂ ’ਚ ਚਾਰ ਭਾਰਤ ਦੇ


ਦਿੱਲੀ, ਮੁੰਬਈ, ਬੰਗਲੂਰੂ ਅਤੇ ਚੇਨੱਈ ਵਿਦਿਆਰਥੀਆਂ ਦੇ ਪੜ੍ਹਨ ਲਈ ਦੁਨੀਆ ਦੇ ਸਿਖਰਲੇ 130 ਸ਼ਹਿਰਾਂ ’ਚ ਸ਼ਾਮਲ ਹਨ, ਜਦਕਿ ਕੌਮੀ ਰਾਜਧਾਨੀ ਨੂੰ ਵਿਦਿਆਰਥੀਆਂ ਲਈ ਆਲਮੀ ਪੱਧਰ ’ਤੇ ਸਭ ਤੋਂ ਵੱਧ ਕਿਫਾਇਤੀ ਸ਼ਹਿਰ ਦਾ ਦਰਜਾ ਦਿੱਤਾ ਗਿਆ ਹੈ। ਮੰਗਲਵਾਰ ਨੂੰ ਐਲਾਨੀ ‘ਕਿਊਐੱਸ ਰੈਂਕਿੰਗ’ ’ਚ ਇਹ ਜਾਣਕਾਰੀ ਦਿੱਤੀ ਗਈ ਹੈ। ਵਿਦਿਆਰਥੀਆਂ ਦੇ ਲਿਹਾਜ ਨਾਲ ਬਿਹਤਰੀਨ ਸ਼ਹਿਰਾਂ ਦੀ ਰੈਂਕਿੰਗ ’ਚ ਸ਼ਾਮਲ ਸਾਰੇ ਚਾਰ ਭਾਰਤੀ



ਮਹਾਨਗਰ ਦਿੱਲੀ (104ਵੇਂ), ਮੁੰਬਈ (98ਵੇਂ), ਬੰਗਲੂਰੂ (108ਵੇਂ) ਅਤੇ ਚੇਨੱਈ (128ਵੇਂ) ਨੇ ਆਪਣੀ ਸਥਿਤੀ ’ਚ ਸੁਧਾਰ ਕੀਤਾ ਹੈ ਜੋ ਭਾਰਤ ’ਚ ਉਚੇਰੀ ਸਿੱਖਿਆ ਪ੍ਰਤੀ ਵਧਦੀ ਦਿਲਚਸਪੀ ਨੂੰ ਦਰਸਾਉਂਦਾ ਹੈ। ਲੰਡਨ ਸਥਿਤ ਕਿਊਐੱਸ ਵੱਲੋਂ ਐਲਾਨੇ ‘2026 ਬੈਸਟ ਸਟੂਡੈਂਟਸ ਸਿਟੀਜ਼ ਰੈਂਕਿੰਗ’ ਮੁਤਾਬਕ ਮੁੰਬਈ ਆਲਮੀ ਸਿਖਰਲੇ 100 ਸ਼ਹਿਰਾਂ ਦੀ ਸੂਚੀ ’ਚ ਮੁੜ ਸ਼ਾਮਲ ਹੋਇਆ ਹੈ ਅਤੇ ਉਹ 98ਵੇਂ ਨੰਬਰ ’ਤੇ ਆਇਆ ਹੈ।

ਸ਼ਹੀਦੀ ਦਿਨ 'ਤੇ ਵਿਸ਼ੇਸ਼

# ਸ਼ਹੀਦ ਭਾਈ ਤਾਰੂ ਸਿੰਘ ਜੀ





ਡਾ. ਚਰਨਜੀਤ ਗੁਮਟਾਲਾ
91-94175-33060

ਬੰਦਾ ਸਿੰਘ ਬਹਾਦਰ ਨੂੰ 9 ਜੂਨ 1716 ਈ. ਸੈਂਕੜੇ ਸਾਥੀਆਂ ਸਮੇਤ ਕਤਲ ਕਰਕੇ ਦਿੱਲੀ ਦੇ ਤਖ਼ਤ'ਤੇ ਉਸ ਸਮੇਂ ਦੇ ਬਾਦਸ਼ਾਹ ਫ਼ਰਖ਼ਸੀਅਰ ਨੇ ਸਮਝ ਲਿਆ ਕਿ ਉਸ ਨੇ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਹੈ। ਦਲੇਰਿ-ਜੰਗ ਨੇ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਪੰਜ ਛੇ ਸਾਲ ਬੜੀ ਸਖ਼ਤੀ ਕੀਤੀ ਪਰ ਪਿੱਛੋਂ ਜਾ ਕੇ ਆਯਾਸ਼ੀ ਵਿੱਚ ਪੈ ਗਿਆ। ਇਸ ਨਾਲ ਸਖ਼ਤੀ ਦੇ ਦੌਰ ਵਿੱਚ ਢਿੱਲ ਆ ਗਈ। ਇਸ ਨਾਲ ਸਿੰਘ ਜੰਗਲਾਂ ਨੂੰ ਛੱਡ ਕੇ ਆਪਣੇ ਪਿੰਡਾਂ ਵਿੱਚ ਆ ਗਏ ਤੇ ਵਾਹੀ ਵਗੈਰਾ ਕੰਮ ਵਿੱਚ ਲੱਗ ਗਏ। ਇਸ ਢਿੱਲ ਕਾਰਨ ਲੁੱਟਾਂ-ਖੋਹਾਂ, ਡਾਕੇ, ਚੋਰੀਆਂ ਵਿੱਚ ਤੇਜ਼ੀ ਆ ਗਈ। ਜਦ ਇਸ ਦੀ ਖ਼ਬਰ ਦਿੱਲੀ ਪਹੁੰਚੀ ਤਾਂ ਉਸ ਨੂੰ ਲਾਹੌਰ ਤੋਂ ਮੁਲਤਾਨ ਬਦਲ ਦਿੱਤਾ ਗਿਆ ਤੇ ਉਸ ਦੇ ਪੁਤਰ ਜ਼ਕਰੀਆ ਖ਼ਾਨ ਨੂੰ ਕਸ਼ਮੀਰੋਂ ਲਾਹੌਰ ਲਿਆਂਦਾ ਗਿਆ।

ਜ਼ਕਰੀਆ ਖਾਨ ਨੇ ਗੱਦੀ ਸੰਭਾਲਦਿਆਂ ਹੀ ਸਿੱਖਾਂ ਨੂੰ ਖ਼ਤਮ ਕਰਨ ਦਾ ਮਨ ਬਣਾਇਆ। ਪਰ ਇਸ ਸਖ਼ਤੀ ਦੇ ਬਾਵਜੂਦ ਕਈ ਸਿੰਘ ਪਿੰਡਾਂ ਵਿਚ ਰਹਿੰਦੇ ਸਨ, ਜੋ ਰਾਹਗੀਰਾਂ ਨੂੰ ਲੰਗਰ ਛਕਾਉਂਦੇ ਸਨ। ਅਜਿਹੀਆਂ ਸਖ਼ਸ਼ੀਅਤਾਂ ਵਿੱਚ ਪੂਹਲਾ ਪਿੰਡ ਜੋ ਕਿ ਪਹਿਲਾਂ ਲਾਹੌਰ ਜ਼ਿਲ੍ਹੇ ਦੀ ਤਹਿਸੀਲ ਕਸੂਰ ਵਿੱਚ ਹੁੰਦਾ ਸੀ ਤੇ ਹੁਣ ਇਹ ਪਿੰਡ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਵਿੱਚ ਹੈ ਦੇ ਭਾਈ ਤਾਰੂ ਸਿੰਘ ਰਹਿੰਦੇ ਸਨ, ਜੋ ਕਿ ਛੋਟੇ ਜ਼ਿੰਮੀਦਾਰ ਸਨ। ਉਹ ਬਚਪਨ ਵਿੱਚ ਅੰਮ੍ਰਿਤਪਾਨ ਕਰਕੇ ਸਿੰਘ ਸੱਜ ਗਏ। ਉਨ੍ਹਾਂ ਦੇ ਪਿਤਾ ਭਾਈ ਜੋਧ ਸਿੰਘ ਸੂਬਾ ਸਰਹੰਦ ਦੀ ਫੌਜ ਨਾਲ ਲੜਦੇ ਹੋਏ ਮੁਕਤਸਰ ਸਾਹਿਬ ਦੀ ਲੜਾਈ ਵਿੱਚ ਸ਼ਹੀਦ ਹੋਏ ਸਨ। ਭਾਈ ਤਾਰੂ ਸਿੰਘ ਨੇ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿੱਚ ਅੰਮ੍ਰਿਤ ਛਕਿਆ ਸੀ। ਉਨ੍ਹਾਂ ਦੇ ਘਰ ਤਿੰਨ ਜੀਅ ਸਨ। ਭਾਈ ਜੀ, ਮਾਤਾ ਜੀ ਤੇ ਉਨ੍ਹਾਂ ਦੀ ਛੋਟੀ ਭੈਣ ਬੀਬੀ ਤਾਰੋ ਜਿਸ ਦਾ ਪਤੀ ਸਵਰਗਵਾਸ ਹੋ ਚੁੱਕਾ ਸੀ ਤੇ ਉਹ ਆਪਣੇ ਪੇਕੇ ਹੀ ਰਹਿੰਦੀ ਸੀ।

ਇਹ ਸਾਰਾ ਪਰਿਵਾਰ ਲੰਗਰ ਤਿਆਰ ਕਰਕੇ ਲੋੜਵੰਦਾਂ ਨੂੰ ਛਕਾਉਂਦਾ ਸੀ। ਕਈ ਰਾਹਗੀਰ ਉਨ੍ਹਾਂ ਘਰ ਰਾਤ ਠਹਿਰ ਵੀ ਜਾਂਦੇ ਸਨ। ਉਨ੍ਹਾਂ ਦੇ ਦਰਵਾਜ਼ੇ ਬਿਨਾਂ ਭਿੰਨ ਭਾਵ ਦੇ ਸਭ ਲਈ ਖੁੱਲ੍ਹੇ ਸਨ।ਪਿੰਡ ਤੋਂ ਇਲਾਵਾ ਆਸ ਪਾਸ ਦੇ ਪਿੰਡਾਂ ਵਾਲੇ ਇਸ ਗੁਰਸਿੱਖ ਪਰਿਵਾਰ ਨੂੰ ਪਿਆਰ ਕਰਦੇ ਸਨ। ਇਲਾਕੇ ਵਿੱਚ ਉਨ੍ਹਾਂ ਦਾ ਮਾਣ ਸਤਿਕਾਰ ਸੀ। ਇਹ ਪਿੰਡ ਲਾਹੌਰ ਤੋਂ ਕੋਈ 45 ਕਿਲੋਮੀਟਰ ਦੂਰ ਸੀ। ਲਾਹੌਰ ਵਿੱਚ ਜੋ ਕੁਝ ਵਾਪਰਦਾ ਸੀ ਇਸ ਦੀ ਖ਼ਬਰ ਇਸ ਪਿੰਡ ਵਿੱਚ ਵੀ ਪਹੁੰਚ ਜਾਂਦੀ ਸੀ। ਇੱਥੋਂ ਹੀ ਜੰਗਲਾਂ ਵਿੱਚ ਰਹਿੰਦੇ ਸਿੰਘਾਂ ਨੂੰ ਲਾਹੌਰ ਦੀਆਂ ਖ਼ਬਰਾਂ ਪੁੱਜ ਜਾਂਦੀਆਂ ਸਨ।

1740 ਈ. ਵਿੱਚ ਮੱਸੇ ਰੰਘੜ ਦਾ ਦਰਬਾਰ ਸਾਹਿਬ ਅੰਮ੍ਰਿਤਸਰ ਕਤਲ ਹੋਇਆ। ਇਸ ਸਮੇਂ ਮੁਖਬਰਾਂ ਨੇ ਸਿੱਖਾਂ ਨੂੰ ਫੜਾਉਣ ਵਿੱਚ ਕੋਈ ਕਸਰ ਨਾ ਛੱਡੀ। ਪਰ ਕਿਸੇ ਨੇ ਭਾਈ ਤਾਰੂ ਸਿੰਘ ਬਾਰੇ ਜਾਣਕਾਰੀ ਨਾ ਦਿੱਤੀ ਕਿਉਂਕਿ ਮੁਸਲਮਾਨ ਵੀ ਉਸ ਨਾਲ ਪਿਆਰ ਕਰਦੇ ਸਨ।ਸਰਕਾਰ ਦੇ ਵਫ਼ਾਦਾਰਾਂ ਵਿੱਚ ਜੰਡਿਆਲਾ ਗੁਰੂ ਦਾ ਮੁਖਬਰ ਹਰ ਭਗਤ ਨਿਰੰਜਨੀਆ ਵੀ ਸੀ ਜੋ ਕਿ ਬਹੁਤ ਨਿਰਦਈ ਸੀ ਤੇ ਸਿੱਖਾਂ ਦਾ ਕੱਟੜ ਵੈਰੀ ਸੀ। ਇਸ ਨੇ ਜ਼ਕਰੀਆ ਖਾਨ ਨਾਲੋਂ ਵੀ ਅਤਿ ਚੁੱਕੀ ਹੋਈ ਸੀ।ਇਸ ਨੇ ਜ਼ਕਰੀਆ ਖ਼ਾਨ ਪਾਸ ਲਾਹੌਰ ਜਾ ਕੇ ਭਾਈ ਤਾਰੂ ਸਿੰਘ ਵਿਰੁੱਧ ਉਸ ਦੇ ਕੰਨ ਭਰੇ ਤੇ ਦੋਸ਼ ਲਾਇਆ ਕਿ ਇਸ ਪਾਸ ਸਰਕਾਰ ਦੇ ਵਿਦਰੋਹੀ ਸਿੰਘ ਰਾਤਾਂ ਕੱਟਦੇ ਹਨ। ਇਹ ਉਨ੍ਹਾਂ ਨੂੰ ਲੰਗਰ ਖੁਆਉਂਦਾ ਹੈ।

ਸਿੰਘ ਬਾਹਰ ਇਸ ਦੇ ਖੇਤਾਂ ਵਿੱਚ ਠਹਿਰਦੇ ਹਨ। ਇਹ ਦਿਨੇ ਹਲ ਚਲਾਉਂਦਾ ਹੈ ਤੇ ਰਾਤ ਨੂੰ ਸੰਨਾਂ ਲਾਉਂਦਾ ਹੈ। ਆਪ ਮਾੜਾ ਖਾਂਦਾ ਹੈ ਪਰ ਸਿੰਘਾਂ ਨੂੰ ਵਧੀਆ ਅੰਨ ਪਾਣੀ ਛਕਾਉਂਦਾ ਹੈ ਤੇ ਕੱਪੜਾ ਲੀੜਾ ਵੀ ਦੇਂਦਾ ਹੈ। ਚੌਧਰੀ ਮੱਸੇ ਦਾ ਕਾਤਿਲ ਮਹਿਤਾਬ ਸਿੰਘ ਮੀਰਾਕੋਟ ਤੇ ਹੋਰ ਖ਼ਤਰਨਾਕ ਸਿੰਘ ਇਸ ਪਾਸ ਠਹਿਰਦੇ ਹਨ। ਇਹ ਤੁਹਾਨੂੰ ਕਤਲ ਕਰਨ ਦੀਆਂ ਵਿਉਤਾਂ ਬਣਾ ਰਹੇ ਹਨ। ਸਰਕਾਰ ਨੂੰ ਹੁਣ ਬੰਦੋਬਸਤ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਉਹ ਕੋਈ ਕਾਰਾ ਕਰੇ, ਹੁਣੇ ਹੀ ਉਸ ਨੂੰ ਫੜ੍ਹਕੇ ਮੌਤ ਦੇ ਘਾਟ ਉਤਾਰ ਦੇਣਾ ਚਾਹੀਦਾ ਹੈ। ਬਸ ਫੇਰ ਕੀ ਸੀ ਪੁਲੀਸ ਨੇ ਭਾਈ ਤਾਰੂ ਸਿੰਘ ਨੂੰ ਹੱਥਕੜੀਆਂ ਤੇ ਬੇੜੀਆਂ ਪਾ ਕੇ ਲਾਹੌਰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਤੇ ਆਪਣੀ ਜਾਨ ਬਚਾਉਣ ਲਈ ਇਸਲਾਮ ਕਬੂਲ ਕਰ ਲੈਣ ਲਈ ਕਿਹਾ। ਭਾਈ ਸਾਹਿਬ ਨੇ ਜੁਆਬ ਦਿੱਤਾ ਕਿ ਮੁਸਲਮਾਨ ਬਣ ਕੇ ਵੀ ਤਾਂ ਆਖ਼ਰ ਮਰਨਾ ਹੈ। ਇਹ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇਗੀ। ਜੋ ਜੀਅ ਆਵੇ ਤੂੰ ਉਸੇ ਤਰ੍ਹਾਂ ਕਰ ਲੈ। ਮੈਂ ਤੈਥੋਂ ਰਹਿਮ ਦੀ ਭੀਖ ਨਹੀਂ ਮੰਗਣੀ। ਭਾਈ ਤਾਰੂ ਸਿੰਘ ਨੂੰ ਜ਼ਲਾਦਾਂ ਪਾਸੋਂ ਪਹਿਲਾਂ ਚਰਖੀ ਚੜਾਇਆ ਗਿਆ। ਫਿਰ ਮੋਚੀ ਪਾਸੋਂ ਭਾਈ ਜੀ ਦੀ ਖੋਪਰੀ ਲੁਹਾਈ ਗਈ। ਕਚਹਿਰੀ ਦੇ ਦੁਆਲੇ ਡੂੰਘੀ ਖਾਈ ਸੀ, ਜਿੱਥੇ ਭਾਈ ਤਾਰੂ ਸਿੰਘ ਨੂੰ ਨੀਮ ਮੁਰਦਾ ਹਾਲਤ ਵਿੱਚ ਸੁਟਿਆ ਗਿਆ।

ਸਾਰੇ ਸ਼ਹਿਰ ਵਿੱਚ ਤੇ ਪਿੰਡਾਂ ਵਿੱਚ ਇਹ ਖ਼ਬਰ ਅੱਗ ਵਾਂਗ ਫੈਲ ਗਈ ਕਿ ਖਾਨ ਬਹਾਦਰ ਨੇ ਭਾਈ ਤਾਰੂ ਸਿੰਘ ਦੀ ਖੋਪਰੀ ਉਤਰਵਾ ਦਿੱਤੀ ਹੈ ਤੇ ਉਹ ਅਜੇ ਜੀਉਂਦਾ ਹੈ ਤੇ ਬਾਹਰ ਖਾਈ ਵਿੱਚ ਪਿਆ ਹੈ। ਇਹ ਦੁਖਦਾਈ ਖ਼ਬਰ ਜਦੋਂ ਲਾਹੌਰ ਵਿੱਚ ਰਹਿੰਦੇ ਰਾਮਗੜ੍ਹੀਆਂ ਨੂੰ ਮਿਲੀ ਤਾਂ ਉਹ ਜਰ ਨਾ ਸਕੇ। ਕਿਸੇ ਵਸੀਲੇ ਰਾਹੀਂ ਸਰਕਾਰੀ ਆਗਿਆ ਲੈ ਕੇ ਉਹ ਭਾਈ ਜੀ ਨੂੰ ਇੱਕ ਧਰਮਸ਼ਾਲਾ ਵਿੱਚ ਲੈ ਗਏ। ਜ਼ਕਰੀਆ ਖਾਨ ਦੇ ਡਰੋਂ ਕੋਈ ਵੀ ਹਕੀਮ ਜਾਂ ਡਾਕਟਰ ਇਲਾਜ਼ ਕਰਨ ਲਈ ਨਾ ਮੰਨਿਆ। ਉਨ੍ਹਾਂ ਨੇ ਕੋਈ ਚਾਰਾ ਨਾ ਚੱਲਦਾ ਵੇਖ ਕੇ ਨਿੰਮ ਦੇ ਗਰਮ ਪਾਣੀ ਨਾਲ ਪਹਿਲਾ ਸਾਰੇ ਸਿਰ ਜੋ ਕਿ ਇੱਕ ਵੱਡੇ ਜ਼ਖ਼ਮ ਵਾਂਗ ਬਣ ਚੁੱਕਿਆ ਸੀ, ਨੂੰ ਧੋਤਾ ਤੇ ਫਿਰ ਕੜਾਹ ਬਣਾ ਕੇ ਕੋਸਾ ਕੋਸਾ ਭਾਈ ਜੀ ਦੇ ਸਿਰ 'ਤੇ ਬੰਨ੍ਹਣਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਪਹਿਲਾਂ ਭਾਈ ਸਾਹਿਬ ਹੋਸ਼ ਵਿੱਚ ਆਏ ਤੇ ਫਿਰ ਕਾਇਮ ਹੋਣ ਲੱਗੇ।

ਰੱਬ ਦੀ ਕਰਨੀ ਵੇਖੋ! ਉਸੇ ਰਾਤ ਜ਼ਕਰੀਆ ਖਾਨ ਨੂੰ ਪੇਸ਼ਾਬ ਦਾ ਬੰਨ ਪੈ ਗਿਆ। ਉਸ ਨੂੰ ਬੜੀ ਤਕਲੀਫ ਹੋਣ ਲੱਗੀ। ਹਕੀਮ ਸੱਦੇ ਗਏ। ਜਦ ਕੋਈ ਫ਼ਰਕ ਨਾ ਪਿਆ ਤਾਂ ਮੌਲਵੀ ਮਲਾਣੇ, ਪੀਰ ਫਕੀਰ ਬੁਲਾਏ ਗਏ। ਤਵੀਤ ਬਣਾ ਕੇ ਗੱਲ ਪਾਏ ਗਏ। ਪਰ ਫਿਰ ਵੀ ਉਸ ਦੀ ਤਕਲੀਫ਼ ਵੱਧਦੀ ਜਾਵੇ। ਉਸ ਦੀਆਂ ਹਾਏ ਹਾਏ ਦੀਆਂ ਆਵਾਜ਼ਾਂ ਦੂਰ ਤੀਕ ਸੁਣਾਈ ਦੇਣ ਲੱਗੀਆਂ। ਸਭ ਕਹਿਣ ਲੱਗੇ ਕਿ ਉਸ ਨੇ ਰੱਬ ਦੇ ਪਿਆਰੇ ਨਾਲ ਘੋਰ ਅਪਰਾਧ ਕੀਤਾ ਹੈ। ਜ਼ੁਲਮ ਵਾਲੀ ਅੱਤ ਕਰ ਦਿੱਤੀ ਹੈ। ਅਖ਼ੀਰ ਇੱਕ ਪ੍ਰਸਿੱਧ ਸਿੱਖ ਭਾਈ ਸੁਬੇਗ ਸਿੰਘ ਨੂੰ ਧਰਮਸ਼ਾਲਾ ਭੇਜਿਆ ਗਿਆ ਜਿੱਥੇ ਰਾਮਗੜ੍ਹੀਏ ਭਾਈ ਤਾਰੂ ਸਿੰਘ ਦਾ ਇਲਾਜ਼ ਕਰ ਰਹੇ ਸਨ। ਜਦ ਉਹ ਭਾਈ ਤਾਰੂ ਸਿੰਘ ਪਾਸ ਗਏ ਤਾਂ ਉਨ੍ਹਾਂ ਕਿਹਾ ਕਿ ਹੁਣ ਖ਼ਾਲਸਾ ਹੀ ਬਖਸ਼ ਸਕਦਾ ਹੈ। ਭਾਈ ਸੁਬੇਗ ਸਿੰਘ ਸਿੱਧੇ ਜੰਗਲ ਨੂੰ ਗਏ ਜਿੱਥੇ ਖ਼ਾਲਸਾ ਜੀ ਦਾ ਵੱਡਾ ਜਥਾ ਸ. ਕਪੂਰ ਸਿੰਘ ਦੀ ਅਗਵਾਈ ਵਿੱਚ ਡੇਰੇ ਲਾਈ ਬੈਠਾ ਸੀ। ਸ. ਕਪੂਰ ਸਿੰਘ ਤੇ ਕੁਝ ਬਜ਼ੁਰਗ ਸਿੰਘਾਂ ਨੇ ਕਿਹਾ ਪਿਸ਼ਾਬ ਦਾ ਬੰਨ ਟੁੱਟ ਸਕਦਾ ਹੈ ਜੇ ਭਾਈ ਸਾਹਿਬ ਦੀਆਂ ਜੁਤੀਆਂ ਖੜ੍ਹ ਕੇ ਸੂਬੇ ਦੇ ਸਿਰ ਵਿੱਚ ਮਾਰੀਆਂ ਜਾਣ। ਇਸ ਦੇ ਨਾਲ ਹੀ ਸ਼ਹੀਦ ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕੀਤਾ ਜਾਵੇ। ਬੰਦੀ ਸਿੰਘ ਛੱਡੇ ਜਾਣ, ਚਰਖੜੀਆਂ ਪਟਵਾਈਆਂ ਜਾਣ ਤੇ ਅੱਗੇ ਤੋਂ ਸਿੰਘਾਂ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ।

ਇੰਝ ਹੀ ਕੀਤਾ ਗਿਆ। ਭਾਈ ਸਾਹਿਬ ਦੀ ਜੁਤੀ ਖੜ੍ਹਕੇ ਜ਼ਕਰੀਆ ਖਾਨ ਦੇ ਸਿਰ ਮਾਰੀ ਗਈ, ਜਿਸ ਨਾਲ ਪਿਸ਼ਾਬ ਦਾ ਬੰਨ ਟੁੱਟ ਗਿਆ। ਸਭ ਪਾਸੇ ਖੁਸ਼ੀਆਂ ਮਨਾਈਆਂ ਜਾਣ ਲੱਗੀਆਂ। ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕਰਵਾਏ ਗਏ। ਚਰਖੜੀਆਂ ਪੁਟਵਾਈਆਂ ਗਈਆਂ ਤੇ ਨਵਾਬ ਨੇ ਸਿੰਘਾਂ ਦੀਆਂ ਗ੍ਰਿਫਤਾਰੀਆਂ ਬੰਦ ਕਰਨ ਦਾ ਐਲਾਨ ਕੀਤਾ ਤੇ ਬੰਦੀ ਸਿੰਘ ਛੱਡੇ ਗਏ। ਜ਼ਕਰੀਆ ਖ਼ਾਨ ਦੇ ਜਦ ਪਿਸ਼ਾਬ ਦਾ ਬੰਨ ਲੱਗਦਾ ਤਾਂ ਜੁਤੀ ਖਾਣ ਨਾਲ ਟੁੱਟ ਜਾਂਦਾ। ਛਿੱਤਰ ਵਜਦੇ ਵੀ ਸਿਰ ਵਿੱਚ। ਏਸ ਤਰਾਂ 4 ਦਿਨ ਛਿੱਤਰ ਖਾਂਦਾ ਹੋਇਆ ਉਹ ਰੱਬ ਨੂੰ ਪਿਆਰਾ ਹੋ ਗਿਆ। ਜਦ ਭਾਈ ਤਾਰੂ ਸਿੰਘ ਨੂੰ ਪਤਾ ਲੱਗਾ ਤਾਂ ਉਨ੍ਹਾਂ ਕਿਹਾ ਕਿ ਮੇਰਾ ਸਮਾਂ ਵੀ ਹੁਣ ਆਣ ਪੁੱਜਾ ਹੈ। ਸਾਡਾ ਕੰਮ ਨਵਾਬ ਨੂੰ ਜੁਤੀਆਂ ਮਾਰ ਕੇ ਅੱਗੇ ਲਾਉਣਾ ਸੀ। ਉਹ ਪੂਰਾ ਹੋ ਗਿਆ। ਹੁਣ ਅਸੀਂ ਵੀ ਚਾਲੇ ਪਾਉਂਦੇ ਹਾਂ। ਇਸ ਤਰ੍ਹਾਂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਂਦੇ ਹੋਏ ਭਾਈ ਤਾਰੂ ਸਿੰਘ ਦਿਨ ਸੋਮਵਾਰ ਪਹਿਲੀ ਸਾਵਣ ਸੰਮਤ 1802 ਬਿਕਰਮੀ ਮੁਤਾਬਕ ਪਹਿਲੀ ਜੁਲਾਈ ਸੰਨ 1745 ਈ. ਨੂੰ ਸ਼ਹੀਦੀ ਪਾ ਗਏ। ਉਨ੍ਹਾਂ ਦਾ ਸ਼ਹੀਦ ਗੰਜ ਲਾਹੌਰ ਰੇਲਵੇ ਸਟੇਸ਼ਨ ਦੇ ਕੋਲ ਲੰਡਾ ਬਜ਼ਾਰ ਵਿੱਚ ਸ਼ਹੀਦ ਗੰਜ ਸਿੰਘਣੀਆਂ ਦੇ ਲਾਗੇ ਹੀ ਹੈ ਜੋ ਕਿ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖ ਰਿਹਾ ਹੈ। ਅੱਜ ਭਾਈ ਸਾਹਿਬ ਦਾ ਸ਼ਹੀਦੀ ਦਿਹਾੜਾ ਸਾਰੇ ਸੰਸਾਰ ਵਿਚ ਬੜੀ ਸ਼ਰਧਾ ਮਨਾਇਆ ਜਾ ਰਿਹਾ ਹੈ।

# ਅਵਾਰਾ ਡੰਗਰਾਂ ਕਾਰਨ ਮੌਤ 'ਤੇ ਸਰਕਾਰ ਮੁਆਵਜ਼ਾ ਦੇਵੇ



ਮੇਜਰ ਸਿੰਘ ਨਾਭਾ
91-94635-53962

ਅਵਾਰਾ ਪਸ਼ੂਆਂ ਦਾ ਪੰਜਾਬ ਅੰਦਰ ਹਰ ਥਾਂ ਬੋਲਬਾਲਾ ਹੈ ਜੋ ਚਿੰਤਾ ਦਾ ਵਿਸ਼ਾ ਹੈ । ਪਸ਼ੂ ਧਨ ਦੇਸ਼ ਦੀ ਖੇਤੀਬਾੜੀ ਅਤੇ ਆਰਥਿਕ ਸਥਿਤੀ ਲਈ ਅਹਿਮ ਸਥਾਨ ਰੱਖਦਾ ਹੈ।ਪੰਜਾਬ ਖੇਤੀਬਾੜੀ ਪੈਦ-ਾਵਾਰ ਲਈ ਮੋਹਰੀ ਸੂਬਾ ਹੈ ਪਰ ਅਵਾਰਾ ਡੰਗਰਾਂ ਅਤੇ ਜੰਗਲੀ ਜੀਵ ਜੰਤੂਆਂ ਦੀ ਵੱਧ ਰਹੀ ਭਰਮਾਰ ਕਿਸਾਨਾਂ ਲਈ ਮੁਸੀਬਤ ਬਣ ਗਈ ਹੈ।ਕੁਦਰਤੀ ਬਨਸਪਤੀ ਦੀ ਮਨੁੱਖ ਦੇ ਜੀਵਨ ਵਿੱਚ ਬਹੁਤ ਮਹੱਤਤਾ ਹੈ।ਜੰਗਲੀ ਜੀਵਾਂ ਦੇ ਨਾਲ ਇਸ ਦਾ ਡੂੰਘਾ ਰਿਸ਼ਤਾ ਹੈ।ਪੰਜਾਬ ਅੰਦਰ ਬਹੁਤ ਥਾਵਾਂ ਤੇ ਬੀੜਾਂ ਨੂੰ ਸੁਰੱਖਿਅਤ ਰੱਖਿਆ ਗਿਆ ਹੈ।ਇਤਿਹਾਸਕ ਸ਼ਹਿਰ ਨਾਭਾ ਦੇ ਪੂਰਬ ਵੱਲ ਬੀੜ ਦੁਸਾਂਝ ਹੈ ।ਇਸ ਵਿੱਚ ਰੋਜ, ਨੀਲ ਗਊ, ਗਿੱਦੜ, ਬਾਂਦਰ ਅਤੇ ਹੋਰ ਜੰਗਲੀ ਜਾਨਵਰ ਰਹਿੰਦੇ ਹਨ। ਅਵਾਰਾ ਤਿੱਖੇ ਤਿੱਖੇ ਸਿੰਗਾਂ ਵਾਲੀਆਂ ਗਊਆਂ, ਸਾਨ੍ਹ ਵੀ ਜੰਗਲੀ ਬਣ ਚੁੱਕੇ ਹਨ। ਜੌੜੇਪੁਲਾਂ ਘਣ-ੀਵਾਲ, ਭੋੜੇ ਆਦਿ ਪਿੰਡਾਂ ਨੂੰ ਮਿਲਾਉਂਦੀ ਸੜਕ ਇਸ ਬੀੜ ਵਿੱਚੋਂ ਲੰਘਦੀ ਹੈ।ਸੈਂਕੜੇ ਲੋਕ ਸਵੇਰੇ ਸ਼ਾਮ ਸਰਕਾਰੀ ਮੱਝ ਫਾਰਮ ਜੋ ਇਸੇ ਸੜਕ ਤੇ ਸਥਿਤ ਹੈ ਤੋਂ ਦੁੱਧ ਲੈਣ ਜਾਂਦੇ ਹਨ ਜਿਨ੍ਹਾਂ ਨੂੰ ਡੰਗਰਾਂ ਅਤੇ ਬਾਂਦਰਾਂ ਦੇ ਝੁੰਡਾਂ 'ਚੋਂ ਲੰਘਣਾ ਮੁਸ਼ਕਲ ਹੁੰਦਾ ਹੈ। ਇਸੇ ਤਰ੍ਹਾਂ ਇਸ ਸੜਕ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ।

ਇਸ ਸੜਕ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ, ਬਾਂਦਰਾਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ। ਕਈ ਜਾਨਾਂ ਵੀ ਜਾ ਚੁੱਕੀਆਂ ਹਨ। ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਥੋਂ ਦੀ ਡਰ ਡਰ ਕੇ ਲੰਘਦੇ ਹਨ। ਸਕੂਲ, ਕਾਲਜ, ਟਿਊਸ਼ਨ ਅਤੇ ਡਿਊਟੀ 'ਤੇ ਜਾਣ ਵਾਲੀਆਂ ਇੱਕ-ਲੀਆਂ ਲੜਕੀਆਂ ਲਈ ਇਥੋਂ ਦੀ ਲੰਘਣਾ ਹੋਰ ਵੀ ਮੁਸ਼ਕਲ ਹੈ। ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ। ਭੂਸਰੇ ਸਾਨ੍ਹ ਅਤੇ ਭੁੱਖੇ ਬਾਂਦਰ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ। ਬਾਂਦਰਾਂ ਨੂੰ ਖਾਣ ਲਈ ਵਸਤਾਂ ਅਤੇ ਡੰਗਰਾਂ ਲਈ ਚਾਰਾ ਅਕਸਰ ਹੀ ਲੋਕ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਦੂਸਰੀ ਸਾਈਡ ਤੋਂ ਭੁੱਖੇ ਬਾਂਦਰ ਅਤੇ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ।

ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ 'ਚ ਵਿਘਣ ਵੀ ਪੈਂਦਾ ਹੈ। ਇਸ ਤਰ੍ਹਾਂ ਅਣਜਾਣ ਰਾਹਗੀਰਾਂ ਲਈ ਇਥੋਂ ਲੰਘਣਾ ਖਤਰੇ ਤੋਂ ਬਾਹਰ ਨਹੀਂ। ਬੀੜ ਦੇ ਨਾਲ ਲਗਦੇ ਖੇਤਾਂ ਵਿੱਚ ਜੇਕਰ ਇਨ੍ਹਾਂ ਡੰਗਰਾਂ ਦੇ ਝੁੰਡ ਵੜ ਜਾਣ ਤਾਂ ਫਸਲ ਦੀ ਬਰਬਾਦੀ ਹੋ ਜਾਂਦੀ ਹੈ। ਇਸ ਦੀ ਭਰਪਾਈ ਕੌਣ ਕਰੇਗਾ ਇਸ ਬਾਰੇ ਕੋਈ ਚਿੰਤਤ ਨਹੀਂ। ਪਿੰਡ ਚੋਧਰੀ ਮਾਜਰਾ ਦੇ ਕਿਸਾਨ ਰਲ ਕੇ ਦਿਨ-ਰਾਤ ਡੰਗਰਾਂ ਦੀ ਰਾਖੀ ਤੋਂ ਅੱਤ ਦੀ ਗਰਮੀ ਅਤੇ ਸਰਦੀ ਦੇ ਬਾਵਜੂਦ ਆਪਣੇ ਖੇਤਾਂ ਦੁਆਲੇ ਪਹਿਰਾ ਦਿੰਦੇ ਹਨ। ਪਿਛਲੇ ਸਾਲ ਖੇਤ ਦੀ ਵਾੜ ਦੀ ਰਾਖੀ



ਕਰ ਰਹੇ ਇੱਕ ਮਜਦੂਰ ਦੀ ਇੱਕ ਹਿੰਸਕ ਹੋਏ ਸਾਨ੍ਹ ਨੇ ਟੱਕਰਾਂ ਮਾਰ ਕੇ ਜਾਨ ਲੈ ਲਈ ਸੀ।

ਪਰ ਪ੍ਰਸ਼ਾਸ਼ਨ ਨੇ ਇਹੋ ਜਿਹੀਆਂ ਘਟਨਾਵਾਂ ਬਾਰੇ ਕਦੇ ਕੋਈ ਚਿੰਤਾ ਨਹੀਂ ਕੀਤੀ।ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਡੰਗਰਾਂ ਨੂੰ ਫੜ੍ਹ ਕੇ ਨੇੜੇ ਦੀਆਂ ਗਊਸ਼ਾਲਾਵਾਂ ਵਿੱਚ ਭੇਜੇ ਜਦੋਂ ਕਿ ਸੂਬੇ ਅੰਦਰ 450 ਤੋਂ ਵੱਧ ਗਊਸ਼ਾਲਾਵਾਂ ਹਨ। ਬਾਂਦਰਾਂ ਲਈ ਵੀ ਬੀੜ ਅੰਦਰ ਮੇਨ ਸੜਕ ਤੋਂ ਰਸਤਾ ਦੇ ਕੇ ਸੁਰੱਖਿਅਤ ਥਾਂ ਬਣਾਈ ਜਾਵੇ ਜਿਥੇ ਲੋਕ ਆਸਾਨੀ ਨਾਲ ਬੇਖੌਫ਼ ਖਾਣ ਵਾਲੀਆਂ ਵਸ਼ਤਾਂ ਪਾ ਸਕਣ। ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ, 2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ,ਸਾਨ੍ਹ, ਬਲਦ,ਵੱਛੇ-ਵੱ-ਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸ਼ੌਂਪੀ ਗਈ ਹੈ।ਇਸ ਲਈ ਫੰਡ ਲਈ ਬਜਟ ਦੀ ਵਿਵਸਥਾ ਕੀਤੀ ਗਈ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮੱਨੁਖੀ ਅੱਤਿਆਚਾਰ ਤੋਂ ਬਚਾਉਣਾ ਹੈ।

ਵਧੇਰੇ ਫੰਡ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਵੀ ਲਾ ਰੱਖਿਆ ਹੈ। ਪਰ ਗਊਧਨ ਦੀ ਸੰਭਾਲ ਲਈ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ।ਹਿੰਦੂ ਸੰਗਠਨ ਵੀ ਇਸ ਮਸਲੇ ਪ੍ਰਤੀ ਗੰਭੀਰ ਨਹੀਂ, ਉਨ੍ਹਾਂ ਨੂੰ ਵੀ ਸਰਕਾਰ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ। ਸ਼ੋਸ਼ਲ ਮੀਡੀਆ ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸ਼ੀਡੈਂਟਾਂ ਕਾਰਣ ਹੋਈਆਂ ਮੌਤਾਂ ਦੀਆਂ ਵੀਡੀਉਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ। ਲੋਕਤੰਤਰੀ ਸਰਕਾਰ ਦਾ ਫਰਜ ਹੈ ਕਿ ਉਹ ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇ। ਜੇ ਸਰਕਾਰ ਸੁਹਿਰਦਤਾ ਨਾਲ ਲੋਕਾਂ ਦੀ ਆਵਾਜ਼ ਸੁਣੇਗੀ ਤਾਂ ਹੀ ਉਹ ਲੋਕਾਂ 'ਚ ਲੋਕਪ੍ਰਿਆ ਹੋ ਸਕਦੀ ਹੈ।

ਪਟਿਆਲਾ ਵਿਖੇ ਘੁੰਮਦੇ ਲਾਵਾਰਿਸ ਪਸ਼ੂ ਕਾਰਨ ਵਿਅਕਤੀ ਦੀ ਮੌਤ ਹੋਣ ਤੇ ਪਰਿਵਾਰ ਨੂੰ 25 ਲੱਖ ਦਾ ਮੁਆਵਜ਼ਾ ਲੋਕ ਅਦਾਲਤ ਪਟਿਆਲਾ ਨੇ ਨਗਰ ਨਿਗਮ ਨੂੰ ਦੋਸ਼ੀ ਮੰਨ ਕੇ 30 ਦਿਨਾਂ ਅੰਦਰ ਦੇਣ ਲਈ ਕਿਹਾ । ਪਰ ਇਨ੍ਹਾਂ ਮੌਤਾਂ ਲਈ ਸਰਕਾਰ ਵਲੋਂ ਪਰਿਵਾਰਾਂ ਨੂੰ ਨਾ ਤਾਂ ਦੋ ਸ਼ਬਦ ਹਮਦਰਦੀ ਦੇ ਅਤੇ ਨਾ ਹੀ ਕੋਈ ਮੁਆਵਜ਼ਾ ਦਿੱਤਾ ਜਾਂਦਾ ਹੈ ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ।

ਪਿਛਲੇ ਸਮੇਂ ਪਟਿਆਲਾ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਮੁੱਖ ਮੰਤਰੀ ਦੇ ਹੁਕਮਾਂ ਤਹਿਤ ਉੱਚ ਅਧਿਕਾਰੀਆਂ ਅਤੇ 36 ਗਊਸ਼ਾਲਾ ਕਮੇਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਜਿਲ੍ਹੇ ਨੂੰ ਅਵਾਰਾ ਬੇਸਹਾਰਾ ਡੰਗਰਾਂ / ਪਸ਼ੂਆਂ ਤੋਂ ਮੁਕਤ ਕਰਾਉਣ ਲਈ ਚਰਚਾ ਕੀਤੀ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਕੋਈ ਅਵਾਰਾ ਪਸ਼ੂ ਸੜਕਾਂ 'ਤੇ ਰਹਿਣ ਨਹੀਂ ਦਿੱਤਾ ਜਾਵੇਗਾ ਸਗੋਂ ਇਨ੍ਹਾਂ ਨੂੰ ਗਊਸ਼ਾਲਾਵਾਂ ਵਿੱਚ ਸੰਭਾਲ ਲਈ ਭੇਜਿਆ ਜਾਵੇਗਾ ਜਿਸ ਲਈ ਪੁਖਤਾ ਪ੍ਰਬੰਧ ਕੀਤੇ ਜਣਗੇ। ਪਰ ਅਜੇ ਤੱਕ ਕੋਈ ਠੋਸ ਐਕਸ਼ਨ ਹੋਇਆ ਲੱਗਦਾ ਨਹੀਂ ।ਚੰਗੀ ਗੱਲ ਹੈ ਜੇਕਰ ਜਿਲ੍ਹੇ ਦੇ ਡੀ.ਸੀ. ਦੇ ਕਹੇ ਸ਼ਬਦ ਪੂਰੇ ਹੋ ਜਾਣ । ਸੋ, ਸਰਕਾਰ ਵਲੋਂ ਪੂਰੇ ਪੰਜਾਬ ਅੰਦਰ ਇਨ੍ਹਾਂ ਜੰਗਲੀ ਜੀਵਾਂ ਅਤੇ ਅਵਾਰਾ ਡੰਗਰਾਂ ਦੁਆਰਾ ਆਮ ਲੋਕਾਂ ਦੇ ਜਾਨੀ-ਮਾਲੀ ਨੁਕਸਾਨ ਅਤੇ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਨੂੰ ਤੁਰੰਤ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਅਵਤਾਰ ਪੁਰਬ ’ਤੇ ਵਿਸ਼ੇਸ਼

# ‘ਜਿਤੁ ਡਿਠੈ ਸਭ ਦੁੱਖ ਜਾਇ’



ਐਚ.ਐਲ.ਕਪੂਰ

ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਦਿਨ ਬੁੱਧਵਾਰ 7 ਜੁਲਾਈ 1656 ਈਸਵੀ ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਉਹ ਗੁਰੂ ਹਰਿਰਾਏ ਜੀ ਦੇ ਦੂਸਰੇ ਪੁੱਤਰ ਸਨ ਤੇ ਉਨ੍ਹਾਂ ਦੀ ਮਾਤਾ ਜੀ ਦਾ ਨਾਂ ਮਾਤਾ ਕ੍ਰਿਸ਼ਨ ਕੌਰ (ਦੂਸਰਾ ਨਾਂ ਮਾਤਾ ਸੁਲੱਖਣੀ ਜੀ) ਸੀ। ਗੁਰੂ ਹਰਿਕ੍ਰਿਸ਼ਨ ਜੀ ਦੇ ਵੱਡੇ ਭਰਾ ਰਾਮ ਰਾਏ ਸੀ, ਜਿਸ ਨੂੰ ਸਿੱਖ ਧਰਮ ’ਚੋਂ ਛੇਕ ਦਿੱਤਾ ਗਿਆ ਸੀ ਕਿਉਂਕਿ ਉਸ ਦੀਆਂ ਗਤੀਵਿਧੀਆਂ ਗੁਰੂ ਘਰ ਦੇ ਖ਼ਿਲਾਫ਼ ਸਨ ਤੇ ਉਹ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਟੇਟੇ ਚੜ੍ਹਿਆ ਹੋਇਆ ਸੀ। ਗੁਰੂ ਹਰਿਕ੍ਰਿਸ਼ਨ ਜੀ ਜਦੋਂ ਅਜੇ ਪੰਜ ਸਾਲ ਦੇ ਹੀ ਸਨ ਤਾਂ ਉਹਨਾਂ ਦੇ ਪਿਤਾ ਗੁਰੂ ਹਰਿਰਾਏ ਸਾਹਿਬ ਜੀ ਨੇ ਆਪਣੀ ਮੌਤ 1661 ਤੋਂ ਪਹਿਲਾਂ ਹੀ ਇਹ ਐਲਾਨ ਕਰ ਦਿੱਤਾ ਸੀ ਕਿ ਮੇਰੀ ਮੌਤ ਤੋਂ ਬਾਅਦ ਸ੍ਰੀ ਹਰਿਕ੍ਰਿਸ਼ਨ ਜੀ ਹੀ ਅੱਠਵੇਂ ਗੁਰੂ ਨਾਨਕ ਹੋਣਗੇ।

ਜਦੋਂ ਗੁਰੂ ਹਰਿਰਾਏ ਸਾਹਿਬ ਜੀ ਨੇ ਆਪਣੀ ਗੁਰਗੱਦੀ ਦੇ ਵਾਰਸ ਦਾ ਐਲਾਨ ਕੀਤਾ ਤਾਂ ਉਹਨਾਂ ਦੇ ਵੱਡੇ ਪੁੱਤਰ ਰਾਮ ਰਾਏ ਜੀ ਨੂੰ ਬੜੀ ਈਰਖਾ ਹੋਈ ਤੇ ਉਹਨਾਂ ਨੇ ਗੁੱਸੇ ’ਚ ਆ ਕੇ ਬਾਦਸ਼ਾਹ ਔਰੰਗਜ਼ੇਬ ਕੋਲ ਆਪਣੇ ਪਿਤਾ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਇਸ ਫੈਸਲੇ ਦੀ ਸ਼ਿਕਾਇਤ ਕਰ ਦਿੱਤੀ। ਬਾਦਸ਼ਾਹ ਔਰੰਗਜ਼ੇਬ ਨੇ ਫੈਸਲਾ ਰਾਮ ਰਾਏ ਜੀ ਦੇ ਹੱਕ ਵਿਚ ਦਿੱਤਾ ਤੇ ਰਾਜਾ ਜੈ ਸਿੰਘ ਜੀ ਨੂੰ ਕਿਹਾ ਕਿ ਨਵੇਂ ਬਣੇ ਬਾਲਕ ਗੁਰੂ ਹਰਿਕ੍ਰਿਸ਼ਨ ਜੀ ਨੂੰ ਮੇਰੇ ਦਰਬਾਰ ’ਚ ਪੇਸ਼ ਕਰੋ। ਰਾਜਾ ਜੈ ਸਿੰਘ ਨੇ ਆਪਣਾ ਦੂਤ ਕੀਰਤਪੁਰ ਸਾਹਿਬ ਭੇਜਿਆ ਕਿ ਉਹ ਗੁਰੂ ਹਰਿਕ੍ਰਿਸ਼ਨ ਜੀ ਜੀ ਨੂੰ ਦਿੱਲੀ ਲੈ ਕੇ ਆਉਣ। ਪਹਿਲਾਂ ਤਾਂ ਗੁਰੂ ਸਾਹਿਬ ਨੇ ਦਿੱਲੀ ਜਾਣ ਤੋਂ ਇਨਕਾਰ ਕਰ ਦਿੱਤਾ ਪਰ ਉਹਨਾਂ ਦੇ ਸ਼ਰਧਾਲੂਆਂ ਤੇ ਰਾਜਾ ਜੈ ਸਿੰਘ ਦੇ ਵਾਰ-ਵਾਰ ਕਹਿਣ ’ਤੇ ਗੁਰੂ ਜੀ ਦਿੱਲੀ ਬਾਦਸ਼ਾਹ ਦੇ ਦਰਬਾਰ ’ਚ ਜਾਣ ਲਈ ਰਾਜ਼ੀ ਹੋ ਗਏ।

ਸਿੱਖ ਇਤਿਹਾਸ ਅਨੁਸਾਰ ਗੁਰੂ ਜੀ 20 ਅਕਤੂਬਰ 1661 ਈਸਵੀ ਨੂੰ ਐਤਵਾਰ ਵਾਲੇ ਦਿਨ ਗੁਰਗੱਦੀ ਤੇ ਬੈਠੇ। ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਦਿਲਾਸਾ ਦਿੱਤਾ ਕਿ ਉਹ ਉਦਾਸ ਨਾ ਹੋਣ ਤੇ ਬਾਕੀ ਸਭ ਕੁਝ ਉਸ ਸਰਬ-ਸ਼ਕਤੀਮਾਨ ਪ੍ਰਮਾਤਮਾ ’ਤੇ ਭਰੋਸਾ ਰੱਖਣ। ਤੁਹਾਨੂੰ ਸਭ ਨੂੰ ਉਸ ਪ੍ਰਮਾਤਮਾ ਦੀ ਭਜਨ ਬੰਦਗੀ ਕਰਨੀ ਚਾਹੀਦੀ ਹੈ ਤੇ ਰੋਣਾ ਜਾਂ ਵਿਰਲਾਪ ਨਹੀਂ ਕਰਨਾ ਚਾਹੀਦਾ। ਜਿਉਂ ਹੀ ਕੁਝ ਦਿਨ ਬੀਤੇ ਗੁਰੂ ਜੀ ਦੇ ਸ਼ਰਧਾਲੂਆਂ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਕਿ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਹੈ ਤਾਂ ਸਿੱਖ ਸੰਗਤਾਂ ਦੂਰੋਂ-ਨੇੜਿਓਂ ਕੀਰਤਪੁਰ ਸਾਹਿਬ ਪਹੁੰਚਣ ਲੱਗੀਆਂ। ਸਿੱਖ ਸੰਗਤਾਂ ਗੁਰੂ ਜੀ ਦੀ ਇਕ ਝਲਕ ਪਾ ਕੇ ਬਹੁਤ ਹੀ ਆਨੰਦਿਤ ਹੋ ਜਾਂਦੀਆਂ ਸਨ। ਨਿਆਣੀ ਉਮਰੇ ਜਦੋਂ ਉਹ ਆਪਣੇ ਤਖਤ ਭਾਵ ਗੁਰਗੱਦੀ ’ਤੇ ਬੈਠਦੇ ਤਾਂ ਆਪਣੇ ਸ਼ਰਧਾਲੂਆਂ ਨੂੰ ਬਹੁਤ ਗਿਆਨ ਭਰਪੂਰ ਗੱਲਾਂ ਦੱਸਦੇ। ਉਹ ਆਪਣੀ ਛੋਟੀ ਜਿਹੀ ਉਮਰ ’ਚ ਹੀ ਬਹੁਤ ਦੂਰਅੰਦੇਸ਼ੀ, ਸੂਝਵਾਨ ਤੇ ਪ੍ਰਤਿਭਾਸ਼ਾਲੀ ਸਨ।

ਭਾਈ ਸੰਤੋਖ ਸਿੰਘ ਜੀ ਅਨੁਸਾਰ, “ਜਿਸ ਤਰ੍ਹਾਂ ਸਵੇਰੇ ਸੂਰਜ ਨਿਕਲਦਾ ਹੈ ਤਾਂ ਉਹ ਆਕਾਰ ’ਚ ਬਹੁਤ ਛੋਟਾ ਦਿਖਾਈ ਦਿੰਦਾ ਹੈ ਪਰ ਉਸ ਦੀ ਰੌਸ਼ਨੀ ਹਰ ਜਗ੍ਹਾ ਹੁੰਦੀ ਹੈ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਸਿੱਧੀ ਬਹੁਤ ਦੂਰ-ਦੂਰ ਤੱਕ ਸੀ ਤੇ ਇਸ ਦਾ ਕੋਈ ਅੰਤ ਨਹੀਂ ਸੀ।” ਜਿਹੜੇ ਵੀ ਉਹਨਾਂ ਦੇ ਸ਼ਰਧਾਲੂ ਆਉਂਦੇ, ਉਹਨਾਂ ਨੂੰ ਉਹ ਪੂਰਾ ਗਿਆਨ ਦਾ ਪ੍ਰਕਾਸ਼ ਪ੍ਰਦਾਨ ਕਰਦੇ। ਉਹ ਆਪਣੇ ਸ਼ਰਧਾਲੂਆਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਦੇ ਤੇ ਉਹਨਾਂ ਦੇ ਗੁਨਾਹਾਂ ਨੂੰ ਮੁਆਫ਼ ਕਰ ਦਿੰਦੇ ਸਨ। ਸਿੱਖ ਸੰਗਤਾਂ ਨੇ ਉਹਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰੂਪ ਮੰਨ ਲਿਆ ਸੀ। ਉਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦਗ-ਦਗ ਕਰਦੇ ਚਿਹਰੇ ਤੇ ਜਦੋਂ ਦੀਦਾਰ ਕਰਦੇ ਸਨ ਤਾਂ ਸ਼ਰਧਾਲੂਆਂ ਨੂੰ ਉਹਨਾਂ ਦੇ ਚਿਹਰੇ ਤੋਂ ਉਹੀ ਨੂਰ ਦਿਸਦਾ, ਜਿਵੇਂ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਤੋਂ ਨਜ਼ਰ ਆਉਂਦਾ ਸੀ।

ਗੁਰੂ ਹਰਿਕ੍ਰਿਸ਼ਨ ਜੀ ’ਚ ਯੋਗਤਾ ਦਾ ਇਕ ਅਲੌਕਿਕ ਕ੍ਰਿਸ਼ਮਾ ਹੀ ਸੀ ਕਿ ਉਹ ‘ਗੁਰੂ ਗ੍ਰੰਥ’ ਸਾਹਿਬ ’ਚੋਂ ਜੀਵਨ ਜਾਂਚ ਦਾ ਰਸਤਾ ਜੋ ਆਪਣੇ ਸ਼ਰਧਾਲੂਆਂ ਨੂੰ ਸਮਝਾਉਂਦੇ ਉਹ, ਉਹਨਾਂ ਤੇ ਆਪਣਾ ਪੂਰਾ ਪ੍ਰਭਾਵ ਛੱਡਦਾ ਸੀ। ਉਹ ਗੁਰਬਾਣੀ ਦੀ ਵਿਆਖਿਆ ਕਰਦੇ ਸਮੇਂ ਆਪਣੇ ਸ਼ਰਧਾਲੂਆਂ ਦੀ ਜਗਿਆਸਾ ਬਣਾਈ ਰੱਖਦੇ। ਉਹ ਉਹਨਾਂ ਨੂੰ ਇਕੋ ਪ੍ਰਮਾਤਮਾ ਦੇ ਹੁਕਮ ਨੂੰ ਮੰਨਣ ਦਾ ਸੰਦੇਸ਼ ਦਿੰਦੇ। ਉਹ ਇਹ ਵੀ ਕਹਿੰਦੇ ਕਿ ਹੇ! ਮਾਨਵ ਤੂੰ ਆਪਣੀਆਂ ਸਾਰੀਆਂ ਬੁਰਾਈਆਂ ਨੂੰ ਤਿਆਗ ਦੇ ਤੇ ਨੇਕੀ, ਪਰਉਪਕਾਰ, ਧੀਰਜ ਤੇ ਸੰਤੋਖ ਦਾ ਰਸਤਾ ਅਪਣਾਉਣ ਦਾ ਸੰਦੇਸ਼ ਵੀ ਦਿੰਦੇ। ਇਸ ਤਰ੍ਹਾਂ ਕਰਨ ਨਾਲ ਹੀ ਅਸੀਂ ਆਪਣੇ ਸਿੱਖ ਵਿਰਸੇ ਨੂੰ ਬੜੀ ਸੁਰੱਖਿਅਤਾ ਨਾਲ ਸੰਭਾਲ ਕੇ ਰੱਖ ਸਕਦੇ ਹਾਂ।

29 ਮਾਰਚ 1662 ਨੂੰ ਵਿਸਾਖੀ ਦੇ ਪੁਰਬ ’ਤੇ ਬੜੀ ਵੱਡੀ ਸੰਖਿਆ ’ਚ ਸਿੱਖ ਸ਼ਰਧਾਲੂ ਕੀਰਤਪੁਰ ਸਾਹਿਬ ਵਿਖੇ ਇਕੱਤਰ ਹੋਏ। ਵਿਸਾਖੀ ਦਾ ਇਹ ਪੁਰਬ ਕੋਈ ਤਿੰਨ ਦਿਨਾਂ ਤੱਕ ਚੱਲਿਆ। ਇਸ ਮੇਲੇ ਦਾ ਸਾਰਾ ਪ੍ਰਬੰਧ, ਸਿੱਖ ਸ਼ਰਧਾਲੂਆਂ ਦੀ ਦੇਖ-ਭਾਲ ਦਾ ਸਾਰਾ ਪ੍ਰਬੰਧ, ਸ੍ਰੀ ਹਰਿਕ੍ਰਿਸ਼ਨ ਜੀ ਦੀ ਦਾਦੀ, ਮਾਤਾ ਬੱਸੀ ਜੀ ਤੇ ਗੁਰੂ ਸਾਹਿਬ ਦੇ ਮਾਤਾ ਜੀ, ਮਾਤਾ ਸੁਲੱਖਣੀ ਜੀ ਨੇ ਕੀਤਾ। ਸਿਆਲਕੋਟ ਜ਼ਿਲ੍ਹੇ ਦੀ ਸੰਗਤ ’ਚ ਪਸਰੂਰ ਤੋਂ ਇਕ ਸ਼ਰਧਾਲੂ ਜਿਸ ਦਾ ਨਾਂ ਪੀਰ ਮੱਲ ਸੀ ਜੋ ਆਪਣੇ ਪਰਿਵਾਰ ਸਮੇਤ ਆਇਆ ਹੋਇਆ ਸੀ। ਉਸ ਦਾ ਪੁੱਤਰ ਖੇਮ ਕਰਨ ਬੜਾ ਹੋਣਹਾਰ ਨੌਜਵਾਨ ਸੀ। ਮਾਤਾ ਬੱਸੀ ਨੇ ਆਪਣੀ ਪੋਤਰੀ ਬੀਬੀ ਰੂਪ ਕੌਰ ਦੀ ਮੰਗਣੀ ਉਸ ਨਾਲ ਕਰ ਦਿੱਤੀ ਤੇ ਫਿਰ ਉਨ੍ਹਾਂ ਦੀ ਸ਼ਾਦੀ 3 ਦਸੰਬਰ 1662 ਨੂੰ ਕਰ ਦਿੱਤੀ। ‘ਗੁਰੂ ਕੀਆਂ ਸਾਖੀਆਂ’ ਅਨੁਸਾਰ ਮਾਤਾ ਬੱਸੀ ਜੀ ਨੇ ਉਨ੍ਹਾਂ ਨੂੰ ਕਈ ਤੋਹਫ਼ੇ ਦਿੱਤੇ ਤੇ ਉਹਨਾਂ ’ਚ ਗੁਰੂ ਹਰਿਰਾਏ ਜੀ ਵੱਲੋਂ ਲਿਖੀਆਂ ਕਥਾਵਾਂ ਦੀ ਪੋਥੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਟਾਰ ਵੀ ਦਿੱਤੀ।

ਗੁਰੂ ਹਰਿਕ੍ਰਿਸ਼ਨ ਜੀ ਆਪਣੇ ਕੁਝ ਸ਼ਰਧਾਲੂਆਂ ਸਮੇਤ ਦਿੱਲੀ ਲਈ ਰਵਾਨਾ ਹੋ ਗਏ। ਬਾਦਸ਼ਾਹ ਔਰੰਗਜ਼ੇਬ ਗੁਰੂ ਹਰਿਕ੍ਰਿਸ਼ਨ ਜੀ ਦੀ, ਦਿਨ ਪ੍ਰਤੀ ਦਿਨ ਵਧਦੀ ਪ੍ਰਸਿੱਧਤਾ ਤੋਂ ਖੁਸ਼ ਨਹੀਂ ਸੀ। ਔਰੰਗਜ਼ੇਬ ਨੇ ਹੁਕਮ ਦਿੱਤਾ ਕਿ ਗੁਰੂ ਜੀ ਖੁਦ ਉਹਨਾਂ ਦੇ ਦਰਬਾਰ ’ਚ ਦਿੱਲੀ ਵਿਖੇ ਪੇਸ਼ ਹੋਣ ਜਿਵੇਂ ਕਿ ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਦੇ ਪਿਤਾ ਗੁਰੂ ਹਰਿਰਾਏ ਜੀ ਨਾਲ ਕੀਤਾ ਸੀ। ਗੁਰੂ ਹਰਿਰਾਏ ਜੀ ਨੇ ਆਪ ਦਿੱਲੀ ਬਾਦਸ਼ਾਹ ਦੇ ਦਰਬਾਰ ’ਚ ਜਾਣ ਦੀ ਬਜਾਏ ਆਪਣੇ ਵੱਡੇ ਪੁੱਤਰ ਸ੍ਰੀ ਰਾਮ ਰਾਏ ਜੀ ਨੂੰ ਬਾਦਸ਼ਾਹ ਦੇ ਦਰਬਾਰ ’ਚ ਭੇਜ ਦਿੱਤਾ ਸੀ।

ਗੁਰੂ ਹਰਿਰਾਏ ਜੀ ਦੀ ਮੌਤ ਤੋਂ ਪਹਿਲਾਂ ਉਹਨਾਂ ਨੇ ਆਪਣੇ ਵੱਡੇ ਪੁੱਤਰ ਰਾਮ ਰਾਏ ਜੀ ਨੂੰ ਇਹ ਦੱਸ ਦਿੱਤਾ ਸੀ ਕਿ ਉਹ ਅੱਗੋਂ ਤੋਂ ਕਦੀ ਵੀ ਬਾਦਸ਼ਾਹ ਔਰੰਗਜ਼ੇਬ ਨੂੰ ਨਾ ਮਿਲਣ ਕਿਉਂਕਿ ਉਹ ਰਾਮ ਰਾਏ ਜੀ ਨੂੰ ਗੁਰਗੱਦੀ ਦੇ ਵਾਰਸ ਬਣਾਉਣਾ ਚਾਹੁੰਦਾ ਸੀ ਕਿਉਂਕਿ ਉਸ ਦੀ ਮੁਗਲਾਂ ਨਾਲ ਸਾਂਠ-ਗਾਂਠ ਸੀ। ਅੰਬੇਰ ਦੇ ਰਾਜਾ ਜੈ ਸਿੰਘ ਦਾ ਇਕ ਨੌਕਰ ਬਾਦਸ਼ਾਹ ਦੇ ਆਦੇਸ਼ ਮੁਤਾਬਕ ਗੁਰੂ ਜੀ ਨੂੰ ਦਰਬਾਰ ’ਚ ਹਾਜ਼ਰ ਕਰਵਾਉਣ ਲਈ ਗਿਆ। ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਕੁਝ ਪ੍ਰਮੁੱਖ ਸਿੱਖਾਂ ਨਾਲ ਸਲਾਹ ਮਸ਼ਵਰਾ ਕਰਨ ਲਈ, ਇਕ ਸਭਾ ਬੁਲਾਈ ਤੇ ਉਹਨਾਂ ਨੂੰ ਆਪਣੀ ਜੱਫੀ ’ਚ ਲਿਆ ਤੇ ਕਿਹਾ ਕਿ, “ਅਸੀਂ ਤਾਂ ਉਸ ਪ੍ਰਮਾਤਮਾ ਦੇ ਵਫ਼ਾਦਾਰ ਸੇਵਕ ਹਾਂ ਤੇ ਉਹ ਪ੍ਰਮ-ਾਤਮਾ ਹੀ ਜਾਣਦਾ ਹੈ ਕਿ ਅੱਗੇ ਕੀ ਹੋਵੇਗਾ।” ਗੁਰੂ ਹਰਿਕ੍ਰਿਸ਼ਨ ਜੀ ਨੇ ਫੈਸਲਾ ਕਰ ਲਿਆ ਕਿ ਉਹ ਬਾਦਸ਼ਾਹ ਦੇ ਭੇਜੇ ਹੋਏ ਦੂਤ ਨਾਲ ਦਿੱਲੀ ਲਈ ਚੱਲ ਪੈਣਗੇ। ਦਿੱਲੀ ਨੂੰ ਜਾਂਦੇ ਸਮੇਂ ਗੁਰੂ ਸਾਹਿਬ ਬਰਾਸਤਾ ਰੋਪੜ, ਬਨੂੜ ਤੇ ਅੰਬਾਲਾ ਦੇ ਰਸਤੇ ਹੁੰਦੇ ਹੋਏ ਤੇ ਆਪਣੇ ਬਹੁਤ ਵੱਡੀ ਗਿਣਤੀ ’ਚ ਇਕੱਠੇ ਹੋਏ ਸ਼ਰਧਾਲੂਆਂ ਨੂੰ, ਜੋ ਕਿ ਆਪਣੇ ਨਵੇਂ ਗੁਰੂ ਨੂੰ ਮਿਲਣਾ ਚਾਹੁੰਦੇ ਸਨ, ਮਿਲਦੇ ਹੋਏ ਤੇ ਪੜਾਅ ਕਰਦੇ ਹੋਏ ਦਿੱਲੀ ਵੱਲ ਵਧਦੇ ਗਏ।



ਜਦੋਂ ਗੁਰੂ ਜੀ ਪੰਜੋਖਾਰਾ ਦੇ ਕੋਲ ਪਹੁੰਚੇ ਤਾਂ ਇਕ ਸਿੱਖ ਸ਼ਰਧਾਲੂ ਬੜੀ ਨਿਮਰਤਾ ਨਾਲ ਬੋਲਿਆ ਕਿ ਸੰਗਤ ਗੁਰੂ ਜੀ ਦੇ ਦਰਸ਼ਨਾਂ ਲਈ ਪਿਸ਼ਾਵਰ, ਕਾਬਲ ਤੇ ਕਸ਼ਮੀਰ ਤੋਂ ਵੀ ਆ ਰਹੀ ਹੈ। ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਇਕ ਦਿਨ ਲਈ ਇੱਥੇ ਹੋਰ ਰੁਕਣ ਤਾਂ ਕਿ ਉਹ ਸੰਗਤ ਆਪ ਜੀ ਦੇ ਦਰਸ਼ਨ ਕਰ ਸਕੇ। ਗੁਰੂ ਜੀ ਉਸ ਪਿੰਡ ’ਚ ਰੁਕਣ ਲਈ ਮੰਨ ਗਏ। ਉਸ ਪਿੰਡ ’ਚ ਇਕ ਪੰਡਿਤ ਲਾਲ ਚੰਦ ਨਾਮ ਦਾ ਬੰਦਾ ਰਹਿੰਦਾ ਸੀ ਤੇ ਉਸ ਨੂੰ ਆਪਣੀ ਉੱਚੀ ਜਾਤ ਦਾ ਬੜਾ ਘੁਮੰਡ ਸੀ ਤੇ ਉਹ ਆਪਣੇ ਆਪ ਨੂੰ ਬਹੁਤ ਗਿਆਨਵਾਨ ਸਮਝਦਾ ਸੀ। ਉਹ ਗੁਰੂ ਸਾਹਿਬ ਨੂੰ ਦੇਖਣ ਲਈ ਆਇਆ ਤੇ ਗੁਰੂ ਜੀ ਨੂੰ ਬੜੇ ਮਖੌਲ ਨਾਲ ਬੋਲਿਆ, “ਇਹ ਕਿਹਾ ਜਾਂਦਾ ਹੈ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ’ਤੇ ਬੈਠੇ ਹੋ ਤੇ ਤੁਸੀਂ ਪੁਰਾਣੇ ਧਾਰਮਿਕ ਗ੍ਰੰਥਾਂ ਬਾਰੇ ਕੀ ਜਾਣਦੇ ਹੋ? ਛੱਜੂ ਰਾਮ ਜਿਹੜਾ ਕਿ ਇਕ ਅਨਪੜ੍ਹ ਆਦਮੀ ਸੀ ਤੇ ਪਿੰਡ ’ਚ ਲੋਕਾਂ ਦੇ ਘਰਾਂ ’ਚ ਪਾਣੀ ਭਰਨ ਦਾ ਕੰਮ ਕਰਦਾ ਸੀ ਤੇ ਉਹ ਇਕ ਪੱਛੜੇ ਹੋਏ ਵਰਗ ਨਾਲ ਸਬੰਧ ਰੱਖਦਾ ਸੀ ਤੇ ਇਸ ਵਰਗ ਦੇ ਲੋਕਾਂ ਨੂੰ ਵੇਦਾਂ ਦੇ ਪੜ੍ਹਨ ਤੇ ਇਹਨਾਂ ਬਾਰੇ ਕੋਈ ਗੱਲ ਕਰਨ ਦੀ ਮਨਾਹੀ ਸੀ, ਉਹ ਕੋਲ ਦੀ ਲੰਘ ਰਿਹਾ ਸੀ। ਗੁਰੂ ਜੀ ਨੇ ਆਪਣੇ ਪਾਸ ਬੈਠੇ ਦੁਰਗਾ ਮੱਲ ਨੂੰ ਕਿਹਾ ਕਿ ਇਸ ਪਾਣੀ ਢੋਣ ਵਾਲੇ ਬੰਦੇ ਨੂੰ ਮੇਰੇ ਪਾਸ ਬੁਲਾਓ।

ਛੱਜੂ ਰਾਮ ਗੁਰੂ ਜੀ ਪਾਸ ਆਇਆ ਤੇ ਉਸ ਨੂੰ ਪੁੱਛਿਆ ਕਿ ਤੁਸੀਂ ਇਸ ਪੰਡਤ ਨੂੰ ‘ਭਗਵਤ ਗੀਤਾ’ ਬਾਰੇ ਸੰਖੇਪ ’ਚ ਜਾਣਕਾਰੀ ਦੇ ਸਕਦੇ ਹੋ? ਉਸ ਅਨਪੜ੍ਹ ਪੇਂਡੂ ਬੰਦੇ ਨੇ ਪਵਿੱਤਰ ਭਗਵਤ ਗੀਤਾ ਦਾ ਸਾਰ ਸੁਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਪੰਡਤ ਦਾ ਉਸ ਬੰਦੇ ਕੋਲੋਂ ਭਗਵੰਤ ਗੀਤਾ ਦਾ ਸਾਰ ਸੁਣ ਕੇ ਘੁਮੰਡ ਟੁੱਟ ਗਿਆ। ਪੰਡਤ ਨੇ ਬੜੀ ਸ਼ਰਧਾ ਤੇ ਨਿਮਰਤਾ ਨਾਲ ਗੁਰੂ ਜੀ ਦੇ ਪੈਰਾਂ ਨੂੰ ਹੱਥ ਲਾਇਆ। ਉਹ ਦੋਵੇਂ ਬੰਦੇ ਗੁਰੂ ਜੀ ਦੇ ਸ਼ਰਧਾਲੂ ਬਣ ਗਏ ਤੇ ਗੁਰੂ ਜੀ ਨਾਲ ਕੁਰੂਕਸ਼ੇਤਰ ਤੱਕ ਗਏ। ਪੰਡਤ ਲਾਲ ਚੰਦ ਗੁਰੂ ਜੀ ਤੋਂ ਦੀ-ਖਿਆ ਲੈ ਕੇ ਲਾਲ ਸਿੰਘ ਬਣ ਗਿਆ ਤੇ ਇਹ ਨਾਲ ਸਿੰਘ ਉਹ ਸਿੱਖ ਹੈ ਜਿਸਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲ ਕੇ ਮਿਤੀ 7 ਦਸੰਬਰ 1705 ਨੂੰ ਚਮਕੌਰ ਸਾਹਿਬ ਦੀ ਮੁਗਲਾਂ ਦੇ ਵਿਰੁੱਧ ਲੜਾਈ ਲੜੀ ਤੇ ਮੈਦਾਨੇ ਜੰਗ ’ਚ ਸ਼ਹੀਦ ਹੋ ਗਿਆ।

ਇਸ ਤਰ੍ਹਾਂ ਗੁਰੂ ਜੀ ਆਪਣੀ ਦਿੱਲੀ ਯਾਤਰਾ ਦੌਰਾਨ ਕਈ ਥਾਵਾਂ ’ਤੇ ਰੁਕਦੇ ਹੋਏ ਤੇ ਆਪਣੇ ਸਿੱਖ ਸ਼ਰਧਾਲੂਆਂ ਨੂੰ ਸਿੱਖ ਧਰਮ ਦੀਆਂ ਸਿੱਖਿਆਵਾਂ ਦਿੰਦੇ ਹੋਏ ਦਿੱਲੀ ਪਹੁੰਚ ਗਏ। ਦਿੱਲੀ ਪਹੁੰਚਦਿਆਂ ਹੀ ਉਹਨਾਂ ਦਾ ਮਿਰਜਾ ਦੇ ਰਾਜਾ ਜੈ ਸਿੰਘ ਤੇ ਦਿੱਲੀ ਦੀ ਸਿੱਖ ਸੰਗਤ ਨੇ ਬੜਾ ਨਿੱਘਾ ਸਵਾਗਤ ਕੀਤਾ। ਦਿੱਲੀ ਵਿਖੇ ਗੁਰੂ ਜੀ ਰਾਜਾ ਜੈ ਸਿੰਘ ਦੇ ਮਹੱਲ ’ਚ ਰੁਕੇ। ਉਥੇ ਸਿੱਖ ਸੰਗਤਾਂ ਤੇ ਉਹਨਾਂ ਦੇ ਸ਼ਰਧਾਲੂ ਬੜੀ ਵੱਡੀ ਗਿਣਤੀ ’ਚ ਗੁਰੂ ਹਰਿਕ੍ਰਿਸ਼ਨ ਜੀ ਦੇ ਦਰਸ਼ਨਾਂ ਲਈ ਪਹੁੰਚੇ। ਕਈ ਇਤਿਹਾਸਕਾਰ ਲਿਖਦੇ ਹਨ ਕਿ ਸ਼ਹਿਜ਼ਾਦਾ ਮੁਜ਼ਾਮ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਤੇ ਉਹਨਾਂ ਨਾਲ ਨੇੜਤਾ ਰੱਖਣ ਲਈ ਆਇਆ।

ਦਿੱਲੀ ਵਿਖੇ ਆਪਣੇ ਠਹਿਰਾਅ ਦੌਰਾਨ ਗੁਰੂ ਜੀ ਰਾਜਾ ਜੈ ਸਿੰਘ ਦੇ ਮਹੱਲ ’ਚ ਰਹੇ ਤੇ ਬਾਅਦ ’ਚ ਇਸ ਜਗ੍ਹਾ ਤੇ ਗੁਰਦੁਆਰਾ ਬਣਾ ਦਿੱਤਾ ਗਿਆ ਜਿਸ ਨੂੰ ਅੱਜਕਲ੍ਹ ‘ਗੁਰਦੁਆਰਾ ਬੰਗਲਾ ਸਾਹਿਬ’ ਕਿਹਾ ਜਾਂਦਾ ਹੈ। ਇਹ ਮਹੱਲ ਉਹਨਾਂ ਦਿਨਾਂ ’ਚ ਬੜਾ ਸ਼ਾਨਦਾਰ ਤੇ ਖੁੱਲ੍ਹਾ-ਡੁੱਲ੍ਹਾ ਸੀ ਤੇ ਇਸ ’ਚ ਗਰਮੀਆਂ ਤੇ ਸਰਦੀਆਂ ਦੀਆਂ ਸਾਰੀਆਂ ਸਹੂਲਤਾਂ ਪ੍ਰਾਪਤ ਸਨ। ਦਿੱਲੀ ਦੀ ਸਿੱਖ ਸੰਗਤ ਟੋਲਿਆਂ ਦੇ ਰੂਪ ’ਚ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੇ ਰਹੇ। ਉਹ ਭਜਨ-ਬੰਦਗੀ ਤੇ ਗੁਰਬਾਣੀ ਦਾ ਗਾਇਨ ਕਰਦੇ ਹੋਏ ਆਉਂਦੇ ਤੇ ਗੁਰੂ ਸਾਹਿਬ ਨੂੰ ਕਈ ਤਰ੍ਹਾਂ ਦੇ ਨਜ਼ਰਾਨੇ ਵੀ ਭੇਂਟ ਕਰਦੇ ਸਨ। ‘ਗੁਰੂ ਕੀਆਂ ਸਾਖੀਆਂ’ ’ਚ ਇਹ ਵਰਣਨ ਆਉਂਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਜੀ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ ’ਚ ਚੇਤ ਸੁਦੀ ਨੌਵੀਂ, 1721 ਬਿਕਰਮੀ ਮੁਤਾਬਕ ਮਾਰਚ 25, 1664 ਈਸਵੀ ਨੂੰ ਪੇਸ਼ ਹੋਏ। ‘ਮਹਿਮਾ ਪ੍ਰਕਾਸ਼’ ’ਚ ਇਹ ਵਰਣਨ ਵੀ ਆਉਂਦਾ ਹੈ ਕਿ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਪ੍ਰੀਖਿਆ ਲੈਣ ਲਈ ਦੋ ਵੱਡੇ ਥਾਲਾਂ ਦਾ ਪ੍ਰਬੰਧ ਕੀਤਾ। ਇਕ ਥਾਲ ’ਚ ਸੋਨੇ ਚਾਂਦੀ ਦੇ ਗਹਿਣੇ, ਕੀਮਤੀ ਕੱਪੜੇ ਤੇ ਖਿਡਾਉਣਿਆਂ ਨਾਲ ਭਰਿਆ ਹੋਇਆ ਸੀ ਤੇ ਦੂਸਰੇ ਥਾਲ ’ਚ ਬਹੁਤ ਕੀਮਤੀ ਚੋਲੇ (ਧਾਰਮਿਕ ਲਿਬਾਸ) ਤੇ ਸਿਰ ਤੇ ਪਹਿਨਣ ਲਈ ਬਹੁਤ ਕੀਮਤੀ ਪੱਗੜੀ ਨੁਮਾ ਧਾਰਮਿਕ ਚਿੰਨ੍ਹ ਪਾਏ ਹੋਏ ਸਨ। ਇਹ ਦੋਵੇਂ ਥਾਲ ਗੁਰੂ ਜੀ ਨੂੰ ਤੋਹਫ਼ੇ ਦੇ ਤੌਰ ਤੇ ਭੇਂਟ ਕੀਤੇ ਗਏ। ਗੁਰੂ ਜੀ ਨੇ ਗਹਿਣਿਆਂ ਤੇ ਕੀਮਤੀ ਬਸਤਰਾਂ ਨਾਲ ਭਰੇ ਹੋਏ ਥਾਲ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਸਿਰਫ ਦੂਸਰੇ ਥਾਲ ਨੂੰ ਹੀ ਤੋਹਫ਼ੇ ਵਜੋਂ ਸਵੀਕਾਰ ਕੀਤਾ। ਬਾਦਸ਼ਾਹ ਔਰੰਗਜ਼ੇਬ ਗੁਰੂ ਜੀ ਦੇ ਪਵਿੱਤਰ ਧਾਰਮਿਕ ਚਿੰਨ੍ਹਾਂ ਨੂੰ ਸਵੀਕਾਰ ਕਰਨ ’ਤੇ ਬਹੁਤ ਖੁਸ਼ ਹੋਇਆ। ਉਹਨਾਂ ਨੇ ਸੋਚਿਆ ਕਿ ਗੁਰੂ ਜੀ ਨੂੰ ਦੁਬਾਰਾ ਫਿਰ ਦਰਬਾਰ ’ਚ ਕੋਈ ਚਮਤਕਾਰ ਕਰਨ ਲਈ ਬੁਲਾਇਆ ਜਾਵੇ। ਗੁਰੂ ਹਰਿਕ੍ਰਿਸ਼ਨ ਜੀ ਸਮਝ ਗਏ ਕਿ ਬਾਦਸ਼ਾਹ ਦੇ ਮਨ ’ਚ ਕੀ ਚੱਲ ਰਿਹਾ ਹੈ। ਗੁਰੂ ਜੀ ਨੇ ਆਪਣੇ ਮਨ ’ਚ ਫੈਸਲਾ ਕਰ ਲਿਆ ਕਿ ਉਹ ਦੁਬਾਰਾ ਬਾਦਸ਼ਾਹ ਦੇ ਦਰਬਾਰ ’ਚ ਉਸ ਦੀ ਸੂਰਤ ਦੇਖਣ ਲਈ ਨਹੀਂ ਆਉਣਗੇ। ਗੁਰੂ ਜੀ ਨੂੰ ਪਤਾ ਸੀ ਕਿ ਸਿੱਖ ਧਰਮ ਤਾਂ ਕਰਾਮਾਤਾਂ ’ਚ ਵਿਸ਼ਵਾਸ ਨਹੀਂ ਕਰਦਾ। ਕਰਾਮਾਤ ਕਰਨਾ ਕੁਦਰਤ ਦੇ ਨਿਯਮ ਦੇ ਖ਼ਿਲਾਫ਼ ਹੈ। ਗੁਰੂ ਹਰਿਕ੍ਰਿਸ਼ਨ ਜੀ ਜਾਣਦੇ ਸਨ ਕਿ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਦੇ ਵੱਡੇ ਭਰਾ ਰਾਮ ਰਾਏ ਜੀ ਨੂੰ ਕਿਵੇਂ ਸਜ਼ਾ ਦਿੱਤੀ ਸੀ, ਕਿਉਂਕਿ ਉਸ ਨੇ ਔਰੰਗਜ਼ੇਬ ਦੇ ਦਰਬਾਰ ’ਚ ਕਈ ਤਾਂਤਰਿਕ ਕਾਰਨਾਮੇ ਕਰਕੇ ਦਿਖਾਏ ਸਨ।

ਰਾਜਾ ਜੈ ਸਿੰਘ ਨੂੰ ਬਹੁਤ ਲੋਕਾਂ ਨੇ ਕਿਹਾ ਕਿ ਗੁਰੂ ਜੀ ਦੀ ਲਿਆਕਤ ਨੂੰ ਪਰਖਿਆ ਜਾਵੇ ਕਿਉਂਕਿ ਉਹਨਾਂ ਦੀ ਬਾਲ ਉਮਰ ਸੀ ਤੇ ਲੋਕ ਸਮਝਦੇ ਸਨ ਕਿ ਸ਼ਾਇਦ ਗੁਰੂ ਜੀ ’ਚ ਲਿਆਕਤ ਦੀ ਘਾਟ ਹੈ। ਰਾਜਾ ਜੈ ਸਿੰਘ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਪਛਾਨਣਾ ਹੋਵੇਗਾ ਕਿ ਇਹਨਾਂ ਸਾਰੀਆਂ ਸੋ-ਹਦੀਆਂ ਔਰਤਾਂ ’ਚੋਂ ਅਸਲੀ ਰਾਣੀ ਕਿਹੜੀ ਹੈ। ਇਹਨਾਂ ਸਭ ਔਰਤਾਂ ਦੇ ਬੜੇ ਸੋਹਣੇ, ਇਕੋ ਜਿਹੇ ਕੱਪੜੇ ਪਾਏ ਹੋਏ ਸਨ ਤੇ ਉਹ ਗੁਰੂ ਜੀ ਦੇ ਇਰਦ-ਗਿਰਦ ਹੀ ਬੈਠੀਆਂ ਸਨ। ਗੁਰੂ ਜੀ ਨੇ ਬੜੀ ਸਮਝਦਾਰੀ ਨਾਲ ਆਪਣੇ, ਘਰੇਲੂ ਨੌਕਰਾਣੀ ਦਾ ਬੜਾ ਸਾਦਾ ਪਹਿਰਾਵਾ ਪਾਇਆ ਤੇ ਉਹ ਅਸਲੀ ਰਾਣੀ ਦੀ ਗੋਦ ’ਚ ਜਾ ਕੇ ਬੈਠ ਗਏ। ਜਿਸ ਔਰਤ ਦੀ ਗੋਦ ’ਚ ਉਹ ਬੈਠੇ, ਉਹ ਹੀ ਅਸਲੀ ਰਾਣੀ ਸੀ। ਗੁਰੂ ਹਰਿਕ੍ਰਿਸ਼ਨ ਜੀ ਬਾਲ ਗੁਰੂ ਸਨ। ਛੋਟੀ ਉਮਰ ਕਾਰਨ ਉਹਨਾਂ ਦੇ ਵਿਰੋਧੀ ਇਹ ਸਮਝਦੇ ਸਨ ਕਿ ਉਹਨਾਂ ਦੀ ਛੋਟੀ ਉਮਰ ਹੋਣ ਕਾਰਨ ਉਹਨਾਂ ’ਚ ਬਹੁਤੀ ਲਿਆਕਤ ਨਹੀਂ ਹੈ। ਇਸ ਕਾਰਨ ਉਹਨਾਂ ਦੀ ਜੀਵਨੀ ’ਚ ਕਈ ਅਜਿਹੀਆਂ ਕਹਾਣੀਆਂ ਜੁੜੀਆਂ ਹੋਈਆਂ ਹਨ ਪਰ ਉਹ ਹਰ ਵਾਰ ਇਸ ਤਰ੍ਹਾਂ ਦੀਆਂ ਪ੍ਰੀਖਿਆਵਾਂ ’ਚ ਪੂਰੇ ਖਰੇ ਉਤਰਦੇ ਰਹੇ ਤੇ ਆਪਣੇ ਵਿਰੋਧੀਆਂ ਨੂੰ ਮਾਤ ਦਿੰਦੇ ਰਹੇ।

ਇਕ ਵਾਰ ਰਾਣੀ ਨੇ ਵਿਉਂਤ ਬਣਾਈ ਰਾਜਾ ਜੈ ਸਿੰਘ ਨੂੰ ਕਿਹਾ ਕਿ ਉਹ ਗੁਰੂ ਜੀ ਨੂੰ ਰਾਣੀਆਂ ਦੇ ਮਹਿਲ ’ਚ ਲਿਆਉਣ ਕਿਉਂਕਿ ਉਹ ਆਪ ਉਹਨਾਂ ਦੀ ਲਿਆਕਤ ਦਾ ਟੈਸਟ ਲੈਣਾ ਚਾਹੁੰਦੀ ਹੈ। ਗੁਰੂ ਜੀ ਨੇ ਰਾਜਾ ਜੈ ਸਿੰਘ ਜੀ ਦੇ ਸੱਦਾ ਪੱਤਰ ਨੂੰ ਸਵੀਕਾਰ ਕਰ ਲਿਆ। ਰਾਣੀ ਦੇ ਮਹਿਲ ਦੀ ਡਿਓੜੀ ’ਚ ਗੁਰੂ ਜੀ ਦਾ ਸਵਾਗਤ ਕਰਨ ਲਈ ਰਾਜੇ ਦੇ ਨੌਕਰਾਂ ਨੂੰ ਖੜ੍ਹੇ ਕੀਤੇ ਗਿਆ ਤੇ ਉਹਨਾਂ ਨੌਕਰਾਂ ਨੇ ਗੁਰੂ ਜੀ ਦਾ ਬਣਦਾ ਪੂਰਾ ਸਤਿਕਾਰ ਕੀਤਾ ਤੇ ਜਦੋਂ ਗੁਰੂ ਜੀ ਮਹਿਲ ਦੇ ਅੰਦਰ ਹੋਰ ਅੱਗੇ ਗਏ ਤਾਂ ਬਹੁਤ ਸੁੰਦਰ-ਸੁੰਦਰ ਇਸਤਰੀਆਂ ਸੋਹਣੇ-ਸੋਹਣੇ ਕੱਪੜੇ ਪਾ ਕੇ, ਹਾਰ ਸ਼ਿੰਗਾਰ ਲਾ ਕੇ ਖੜ੍ਹੀਆਂ ਸਨ ਤੇ ਉਹਨਾਂ ਨੇ ਗੁਰੂ ਜੀ ਦਾ ਪੂਰਾ ਆਦਰ ਸਤਿਕਾਰ ਕੀਤਾ। ਗੁਰੂ ਜੀ ਉਹਨਾਂ ਸਭ ਦਾ ਸਤਿਕਾਰ ਲੈਂਦੇ ਹੋਏ ਅੱਗੇ ਚਲਦੇ ਰਹੇ ਤਾਂ ਉਹ ਇਕ ਘਰ ਦੇ ਬਣੇ ਹੋਏ ਸਧਾਰਨ ਕੱਪੜੇ ਪਹਿਨੀ ਇਕ ਔਰਤ ਪਾਸ ਪਹੁੰਚੇ ਤਾਂ ਉਥੇ ਗੁਰੂ ਜੀ ਰੁਕ ਗਏ ਤੇ ਕਿਹਾ ਕਿ, ”ਤੁਸੀਂ ਹੀ ਅਸਲੀ ਰਾਣੀ ਹੋ ਤੇ ਤੁਸੀਂ ਇਸ ਤਰ੍ਹਾਂ ਦੇ ਸਧਾਰਨ ਜਿਹੇ, ਘਰ ਦੇ ਬਣੇ ਹੋਏ ਕੱਪੜੇ ਦਾ ਪਹਿਰਾਵਾ ਕਿਉਂ ਪਾਇਆ ਹੋਇਆ ਹੈ? ਰਾਣੀ ਨੇ ਬੜੇ ਸਤਿਕਾਰ ਨਾਲ ਆਪਣਾ ਸਿਰ ਝੁਕਾਇਆ। ਥੋੜ੍ਹੇ ਹੀ ਸਮੇਂ ’ਚ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਸਿਆਣਪਤ ਤੇ ਗੁਰਬਾਣੀ ਦੀ ਵਿਆਖਿਆ ਕਰਨ ਨਾਲ ਲੋਕਾਂ ਨੂੰ ਪ੍ਰਭਾਵਿਤ ਕਰ ਲਿਆ ਤੇ ਦਿੱਲੀ ’ਚ ਉਹਨਾਂ ’ਚ ਸ਼ਰਧਾਲੂਆਂ ਦੀ ਵੱਡੀ ਗਿਣਤੀ ਬਣ ਗਈ।

ਜਦੋਂ ਗੁਰੂ ਹਰਿਕ੍ਰਿਸ਼ਨ ਜੀ ਅਜੇ ਦਿੱਲੀ ’ਚ ਹੀ ਸਨ ਤਾਂ ਉਹਨਾਂ ਦਿਨਾਂ ’ਚ ਉਥੇ ਛੂਤ ਦਾ ਭਿਆਨਕ ਤੇ ਮਹਾਂਮਾਰੀ ਰੋਗ ਚੇਚਕ ਤੇ ਹੈਜਾ ਫੈਲ ਗਿਆ। ਗੁਰੂ ਜੀ ਉਥੋਂ ਦੇ ਇਹਨਾਂ ਰੋਗਾਂ ਨਾਲ ਪੀੜਤ ਲੋਕਾਂ ਦੀ ਸੇਵਾ ’ਚ ਜੁਟ ਗਏ। ਉਹ ਬਿਮਾਰਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਦੇ ਸਨ। ਮਰੀਜ਼ਾਂ ਦੀ ਸੇਵਾ ’ਚ ਬਿਨਾਂ ਕੋਈ ਭਿੰਨ ਭੇਦ ਕੀਤਿਆਂ ਕਰਦੇ ਸਨ। ਗੁਰੂ ਜੀ ਨੇ ਮੁਸਲਮਾਨ ਵਰਗ ਦੀ ਬਿਨਾਂ ਕੋਈ ਭੇਦ-ਭਾਵ ਕਰਦਿਆਂ ਮਾਨਵਤਾ ਦੇ ਆਧਾਰ ’ਤੇ ਬੜੀ ਸੇਵਾ ਕੀਤੀ। ਉਹਨਾਂ ਨੇ ਮੁਸਲਮਾਨ ਵਰਗ ਦੀ ਇੰਨੀ ਸੇਵਾ ਕੀਤੀ ਕਿ ਉਹਨਾਂ ਨੂੰ ਉਹ ’ਬਾਲ ਪੀਰ’ ਦੇ ਨਾਮ ਨਾਲ ਪੁਕਾਰਨ ਲੱਗ ਪਏ। ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ ਬਾਦਸ਼ਾਹ ਔਰੰਗਜ਼ੇਬ ਨੇ ਵੀ ਗੁਰੂ ਜੀ ਨੂੰ ਵੀ ਕਿਸੇ ਤਰ੍ਹਾਂ ਪ੍ਰੇਸ਼ਾਨ ਨਹੀਂ ਕੀਤਾ ਪਰ ਬਾਦਸ਼ਾਹ ਨੇ ਰਾਮ ਰਾਏ ਜੀ ਦੇ ਗੱਦੀ ਪ੍ਰਾਪਤ ਕਰਨ ਦੇ ਅਧਿਕਾਰ ਨੂੰ ਤਿਆਗਿਆ ਵੀ ਨਹੀਂ ਸੀ।

ਇਸ ਮਹਾਂਮਾਰੀ ਦੇ ਰੋਗਾਂ ਦੇ ਪੀੜਤਾਂ ਦੀ ਮਾਨਵਤਾ ਦੇ ਆਧਾਰ ’ਤੇ ਦਿਨ ਰਾਤ ਸੇਵਾ ਕਰਦਿਆਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਬੜਾ ਤੇਜ਼ ਬੁਖਾਰ ਹੋ ਗਿਆ ਤੇ ਉਹ ਚੇਚਕ ਦੀ ਬਿਮਾਰੀ ਨਾਲ ਬੁਰੀ ਤਰ੍ਹਾਂ ਘਿਰ ਗਏ ਤੇ ਇਸ ਰੋਗ ਨਾਲ ਬਿਸਤਰ ਤੇ ਕਈ ਦਿਨਾਂ ਤੱਕ ਲਈ ਲੇਟ ਗਏ ਤੇ ਉਹਨਾਂ ਦੇ ਸਾਰੇ ਸਰੀਰ ਤੇ ਚੇਚਕ ਦੀ ਬਿਮਾਰੀ ਦੇ ਜ਼ਖਮ ਹੋ ਗਏ। ਉਹਨਾਂ ਦੇ ਮਾਤਾ ਸੁਲੱਖਣੀ ਜੀ ਗੁਰੂ ਜੀ ਦੀ ਬਿਮਾਰੀ ਦੇਖ ਕੇ ਡੂੰਘੀ ਚਿੰਤਾ ਕਰਨ ਲੱਗੇ ਤੇ ਉਹਨਾਂ ਨੇ ਕਿਹਾ ਕਿ “ਮੇਰੇ ਪਿਆਰੇ ਪੁੱਤਰ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਪ੍ਰਾਪਤ ਕੀਤੀ ਹੈ ਤੇ ਤੁਸੀਂ ਦੁਨੀਆਂ ਦੇ ਦੁੱਖਾਂ-ਤਕਲੀਫਾਂ ਦਾ ਦਾਰੂ ਬਣਦੇ ਹੋ, ਤੁਹਾਡੀ ਇਕੋ ਨਜ਼ਰ ਲੋਕਾਂ ਦੇ ਦੁੱਖ-ਦਰਦ ਦੂਰ ਕਰ ਦਿੰਦੀ ਹੈ ਤੇ ਹੁਣ ਤੁਸੀਂ ਆਪ ਕਿਉਂ ਬਿਸਤਰ ਤੇ ਬਿਮਾਰੀ ਨਾਲ ਪਏ ਹੋ?

ਗੁਰੂ ਹਰਿਕ੍ਰਿਸ਼ਨ ਜੀ ਨੇ ਉੱਤਰ ਦਿੱਤਾ ਕਿ, ’ਮਾਨਵੀ ਸਰੀਰ ਦੀ ਬਣਤਰ ਹੀ ਅਜਿਹੀ ਹੈ ਕਿ ਇਸ ਨੂੰ ਬੁਖਾਰ ਤੇ ਬਿਮਾਰੀ ਕਿਸੇ ਵੇਲੇ ਵੀ ਆ ਸਕਦੀ ਹੈ। ਦੁੱਖ ਅਤੇ ਸੁੱਖ ਦੋਵੇਂ ਜੀਵਨ ਦੇ ਭਾਗ ਹਨ ਜੋ ਉਪਰ ਵਾਲਾ ਦਿੰਦਾ ਹੈ ਉਹ ਮਨੁੱਖ ਨਾਲ ਜ਼ਰੂਰ ਵਾਪਰਦਾ ਹੈ। ਇਹੀ ਗੁਰੂ ਨਾਨਕ ਸਾਹਿਬ ਨੇ ਵੀ ਮਨੁੱਖ ਨੂੰ ਸਿੱਖਿਆ ਦਿੱਤੀ ਹੈ। ਮਨੁੱਖ ਨਾਲ ਜੋ ਵੀ ਵਾਪਰਦਾ ਹੈ, ਉਪਰ ਵਾਲੇ ਦਾ ਹੁਕਮ ਹੀ ਹੁੰਦਾ ਹੈ। ਹਰ ਇਨਸਾਨ ਨੂੰ ਉਸ ਪ੍ਰਮਾਤਮਾ ਦਾ ਭਾਣਾ ਮੰਨਣਾ ਪੈਂਦਾ ਹੈ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਖੁਦ ਮਿਰਜਾ ਰਾਜਾ ਜੈ ਸਿੰਘ ਜੀ ਦਾ ਘਰ ਛੱਡ ਕੇ ਜਮਨਾ ਦਰਿਆ ਕਿਨਾਰੇ ਲੱਗੇ ਰੋਗੀਆਂ ਦੇ ਕੈਂਪ ’ਚ ਜਾਣਾ ਪਿਆ। ਸਿੱਖ ਸੰਗਤ ਬੜੀ ਹੈਰਾਨ ਤੇ ਪ੍ਰੇਸ਼ਾਨ ਸੀ ਕਿ ਗੁਰੂ ਜੀ ਨੂੰ ਅਜਿਹੀ ਬਿਮਾਰੀ ਨੇ ਘੇਰ ਲਿਆ ਹੈ। ਇਹ, ਉਸ ਸੂਰਜ ਦੇ ਗਿਰਦ ਹਨੇਰਾ ਕਿਉਂ ਹੈ ਜੋ ਖੁਦ ਲੋਕਾਂ ਨੂੰ ਰੌਸ਼ਨੀ ਦਿੰਦਾ ਹੈ? ਗੁਰੂ ਜੀ ਨੂੰ ਲੱਗੀ ਇਸ ਮਾਰੂ ਬਿਮਾਰੀ ਤੋਂ ਸਿੱਖ ਸੰਗਤਾਂ ਬਹੁਤ ਦੁਖੀ ਤੇ ਪ੍ਰੇਸ਼ਾਨ ਸਨ ਤੇ ਇਹ ਵੀ ਗੱਲਾਂ ਹੋਣ ਲੱਗ ਪਈਆਂ ਸਨ ਕਿ ਇਹਨਾਂ ਤੋਂ ਬਾਅਦ ਇਹਨਾਂ ਦੀ ਗੁਰਗੱਦੀ ਦਾ ਅਗਲਾ ਵਾਰਸ ਕੌਣ ਹੋਵੇਗਾ? ਇਸ ਪ੍ਰਤੀ ਗੁਰੂ ਹਰਿਕ੍ਰਿਸ਼ਨ ਜੀ ਦਾ ਦਿੱਤਾ ਗਿਆ ਸੰਕੇਤ ਸਾਨੂੰ ‘ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ’ ’ਚ ਬੜੇ ਸਪਸ਼ਟ ਰੂਪ ’ਓ ਮਿਲਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਸਦੀਵੀ ਹੈ ਤੇ ਉਹਨਾਂ ਦੇ ਦਿੱਤੇ ਗਏ ਆਦੇਸ਼ ਮਾਨਵਤਾ ਲਈ ਵੀ ਸਦੀਵੀ ਹਨ। ‘ਗੁਰੂ ਗ੍ਰੰਥ ਸਾਹਿਬ’ ਸਭ ਦੇ ਮਾਲਕ ਹਨ। ਜਿਹੜਾ ਉਸ ਮਾਲਕ ਨੂੰ ਦੇਖਣਾ ਚਾਹੁੰਦਾ ਹੈ, ਉਹ ਇਸ ’ਚ ਵਿਸ਼ਵਾਸ ਰੱਖ ਕੇ ਤੇ ਇਸ ਨਾਲ ਪਿਆਰ ਕਰਕੇ ਮੇਰੇ ਦਰਸ਼ਨ ਕਰ ਸਕਦਾ ਹੈ। ਆਪਣੇ ਪਾਪਾਂ ਤੇ ਗੁਨਾਹਾਂ ਤੋਂ ਛੁਟਕਾਰਾ ਪਾ ਸਕਦਾ ਹੈ। ਜਿਹੜਾ ਵੀ ਆਪਣੇ ਗੁਰੂ ਨਾਲ ਗੱਲ ਕਰਨੀ ਚਾਹੁੰਦਾ ਹੈ, ਉਹ ਇਸ ਨੂੰ ਪੜ੍ਹੇ, ਇਸ ਦਾ ਸ਼ਰਧਾ ਨਾਲ ਅਧਿਐਨ ਕਰੇ। ਜਿਹੜਾ ਵੀ ਇਸ ਦੀਆਂ ਸਿਖਿਆਵਾਂ ਤੇ ਅਮਲ ਕਰਦਾ ਹੈ, ਉਹ ਆਪਣੀ ਜ਼ਿੰਦਗੀ ’ਚ ਚਾਰੇ ਪਦਾਰਥ ਪ੍ਰਾਪਤ ਕਰ ਲੈਂਦਾ ਹੈ। ਜਿਹੜਾ ਵੀ ਇਸ ’ਚ ਪੂਰਨ ਵਿਸ਼ਵਾਸ ਕਰਦਾ ਹੈ, ਉਹ ਦੁਨੀਆਂ ਦੇ ਸਭ ਪਦਾਰਥ ਪ੍ਰਾਪਤ ਕਰ ਲੈਂਦਾ ਹੈ। ਜੋ ਇਸ ’ਚ ਵਿਸ਼ਵਾਸ ਨਹੀਂ ਕਰਦਾ ਉਹ ਬਹੁਤ ਘੱਟ ਪ੍ਰਾਪਤ ਕਰਦਾ ਹੈ। ਇਸ ਸੰਸਾਰ ’ਚ ਹਰ ਵਸਤੂ ਸਦੀਵੀ ਰਹਿਣ ਵਾਲੀ ਨਹੀਂ ਹੈ। ਇਹ ਮਨੁੱਖੀ ਸਰੀਰ

**(ਬਾਕੀ ਅਗਲੇ ਸਫੇ ਤੇ)**

# ਦਲਿਤਾਂ ਦੀ ਵਿਗੜਦੀ ਦਸ਼ਾ ਅਤੇ ਪੇਸ ਆ ਰਹੀਆਂ ਸਮੱਸਿਆਵਾਂ ਲਈ ਬਹੁਤੇ ਅਖੌਤੀ ਦਲਿਤ ਲੀਡਰ ਅਤੇ ਬੁੱਧੀਜੀਵੀ ਹੀ ਜਿੰਮੇਵਾਰ

ਭਾਰਤ ਵਿੱਚ ਰਹਿਣ ਵਾਲੇ ਬਹੁਤੇ ਦਲਿਤ ਜਿਨ੍ਹਾਂ ਨੂੰ ਵੱਖ ਵੱਖ ਨਾਮ ਜਿਵੇਂ ਮੂਲ ਨਿਵਾਸੀ, ਆਦਿਧਰਮੀ, ਭਾਰਤ ਦੇ ਮੋਢੀ ਆਦਿ ਨਾਮ ਦਿਤੇ ਗਏ ਹਨ ਦੀ ਦਿਨ ਪ੍ਰਤੀ ਦਿਨ ਵਿਗੜਦੀ ਦਸ਼ਾ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਇਨ੍ਹਾਂ ਦਲਿਤਾਂ ਨੂੰ ਅੰਗਰੇਜੀ ਹਕੂਮਤ ਵੇਲੇ ਦੱਬੇ ਕੁਚਲੇ ਨਾਮ ਦਿਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤੀਆਂ ਦਾ ਦਰਜਾ ਦਿਤਾ ਗਿਆ ਹੈ। ਮਨੂੰਵਾਦੀ ਪ੍ਰਥਾ ਅਨੁਸਾਰ ਬਣਾਏ ਗਏ ਚਾਰ ਵਰਣਾਂ ਵਿੱਚ ਸ਼ੂਦਰਾਂ ਨੂੰ ਸਭ ਤੋਂ ਹੇਠਾਂ ਮੰਨਿਆ ਗਿਆ ਹੈ। ਇਹ ਵੀ ਕੌੜਾ ਸੱਚ ਹੈ ਕਿ ਇਨ੍ਹਾਂ ਸ਼ੂਦਰਾਂ ਵਿਚੋਂ ਕੁੱਝ ਜਾਤਾਂ ਨੂੰ ਅਛੂਤ ਕਿਹਾ ਜਾਂਦਾ ਸੀ ਅਤੇ ਛੂਹਣਾ ਪਾਪ ਮੰਨਿਆ ਜਾਂਦਾ ਸੀ ਅਤੇ ਇਨ੍ਹਾਂ ਜਾਤਾਂ ਤੇ ਕਈ ਤਰਾਂ ਦੀਆਂ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਪਾਬੰਦੀਆਂ ਲਗਾਈਆਂ ਗਈਆਂ ਸਨ ਜਿਨ੍ਹਾਂ ਕਾਰਨ ਇਨ੍ਹਾਂ ਜਾਤਾਂ ਨਾਲ ਸਬੰਧਿਤ ਬਹੁਤੇ ਵਿਅਕਤੀਆਂ ਦਾ ਜੀਵਨ ਜਾਨਵਰਾਂ ਤੋਂ ਵੀ ਭੈੜਾ ਰਿਹਾ ਹੈ। ਦਲਿਤਾਂ ਦੀ ਇਸ ਵਿਗੜਦੀ ਦਸ਼ਾ ਨੂੰ ਸੁਧਾਰਨ ਲਈ ਸਮੇਂ ਸਮੇਂ ਤੇ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਅੰਦੋਲਨ ਚਲਾਇਆ ਹੈ ਜਿਸ ਕਾਰਨ ਇਨ੍ਹਾਂ ਦੇ ਜੀਵਨ ਵਿੱਚ ਕੁੱਝ ਬਦਲਾਓ ਆਇਆ ਹੈ ਅਤੇ ਵਿਕਾਸ ਹੋਇਆ ਹੈ ਪਰੰਤੂ ਇਹ ਬਦਲਾਓ ਅਤੇ ਵਿਕਾਸ ਕੁੱਝ ਕੁ ਲੋਕਾਂ ਤੱਕ ਹੀ ਸੀਮਿਤ ਰਿਹਾ ਅਤੇ ਬਹੁਤੇ ਲੋਕਾਂ ਦਾ ਜੀਵਨ ਅਜੇ ਵੀ ਖਸਤਾ ਹਾਲਤ ਵਿੱਚ ਹੀ ਹੈ। ਇਸ ਦੇਸ਼ ਵਿੱਚ ਜਦੋਂ ਮੁਗਲਾਂ ਨੇ ਕਬਜਾ ਕੀਤਾ ਤਾਂ ਇਨ੍ਹਾਂ ਦਲਿਤਾਂ ਵਿਚੋਂ ਕਈਆਂ ਨੇ ਹਿੰਦੂ ਧਰਮ ਛੱਡਕੇ ਮੁਸਲਿਮ ਧਰਮ ਅਪਣਾ ਲਿਆ। ਜਦੋਂ ਦੇਸ਼ ਵਿੱਚ ਅੰਗਰੇਜੀ ਹਕੂਮਤ ਆਈ ਤਾਂ ਦੇਸ਼ ਦੇ ਦਲਿਤਾਂ ਨੂੰ ਕਾਫੀ ਰਾਹਤ ਮਿਲੀ। ਕਈ ਦਲਿਤ ਅੰਗਰੇਜ ਹਕੂਮਤ ਵਿੱਚ ਸਰਕਾਰੀ ਨੌਕਰੀਆਂ ਕਰਨ ਲੱਗ ਪਏ ਜਿਸ ਨਾਲ ਦਲਿਤ ਪਿੰਡ ਛੱਡਕੇ ਨਗਰਾਂ ਵਿੱਚ ਰਹਿਣ ਲੱਗ ਪਏ। ਇਸਾਈ ਮਿਸ਼ਨਰੀਆਂ ਵਲੋਂ ਖੋਲੇ ਗਏ ਵਿੱਦਿਅਕ ਅਦਾਰਿਆਂ ਵਿੱਚ ਦਲਿਤਾਂ ਨੂੰ ਪੜ੍ਹਾਈ ਦਾ ਅਧਿਕਾਰ ਮਿਲ ਗਿਆ ਜਿਸ ਨਾਲ ਉਨ੍ਹਾਂ ਦਾ ਵਿਕਾਸ ਹੋਣਾ ਸੁਰੂ ਹੋ ਗਿਆ ਅਤੇ ਇਨ੍ਹਾਂ ਵਿੱਚੋਂ ਬਹੁਤੇ ਦਲਿਤਾਂ ਨੇ ਅਪਣੇ ਜਾਤ ਅਧਾਰਿਤ ਧੰਦਿਆਂ ਨੂੰ ਤਿਆਗ ਦਿਤਾ। ਸਾਲ 1894 ਤੋਂ 1922 ਤੱਕ ਕੋਹਲਾਪੁਰ ਦੇ ਰਾਜਾ ਰਹੇ ਛੱਤਰਪਤੀ ਸਾਹੂ ਜੀ ਮਹਾਰਾਜ ਨੇ ਸਿੱਖਿਆ ਦੇ ਦੁਆਰ ਸਭ ਲਈ ਖੋਲ ਦਿਤੇ ਅਤੇ ਨੌਕਰੀਆਂ ਵਿੱਚ 50 ਫਿਸਦੀ ਰਾਖਵਾਂਕਰਣ ਗਰੀਬ ਕਮਜੋਰ ਵਰਗਾਂ ਲਈ ਕਰ ਦਿਤਾ। ਮੰਨੂਵਾਦੀ ਸੋਚ ਰੱਖਣ ਵਾਲੇ ਲੋਕਾਂ ਦੇ ਭਾਰੀ ਵਿਰੋਧ ਦੇ ਬਾਬਜੂਦ ਫੂਲੇ ਪਰਿਵਾਰ ਨੇ ਇਨ੍ਹਾਂ ਵਰਗਾਂ ਲਈ ਵਿਦਿਅੱਕ ਅਦਾਰੇ ਚਲਾਏ। ਸਾਲ 1891 ਵਿੱਚ ਪੈਦਾ ਹੋਏ ਦਲਿਤਾਂ ਦੇ ਨਾਇਕ ਡਾਕਟਰ ਭੀਮ ਰਾਓ ਅੰਬੇਡਕਰ ਨੇ ਬੜੌਦਾ ਮਹਾਰਾਜਾ ਸਿਆਈਜੀਓ ਗਾਇਕਵਾੜ ਵਲੋਂ ਚਲਾਈ ਜਾ ਰਹੀ ਵਜੀਫਾ ਯੋਜਨਾ ਨਾਲ ਵਿਦੇਸ਼ਾਂ ਵਿੱਚ ਪੜ੍ਹਾਈ ਕੀਤੀ। ਡਾਕਟਰ ਅੰਬੇਡਕਰ ਨੇ ਅਪਣੀ ਸਿੱਖਿਆ ਨੂੰ ਹਥਿਆਰ ਬਣਾਕੇ ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਦੇ ਜੀਵਨ ਵਿੱਚ ਕਰਾਂਤੀਕਾਰੀ ਬਦਲਾਓ ਲਿਆਉਣ ਲਈ ਕੰਮ ਕੀਤਾ। ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਮੂਗੋਵਾਲ ਵਿੱਚ 14 ਜਨਵਰੀ, 1886 ਨੂੰ ਪੈਦਾ ਹੋਏ ਬਾਬੂ ਮੰਗੂ ਰਾਮ ਮੂਗੋਵਾਲ ਨੇ ਅਪਣੇ ਪਿੰਡ ਵਿੱਚ ਅਛੂਤਾਂ ਦੇ ਬੱਚਿਆਂ ਲਈ ਪਹਿਲਾ ਸਕੂਲ ਖੋਲਿਆ ਅਤੇ 1926 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਸੀ। ਇਨ੍ਹਾਂ ਆਗੂਆਂ ਦੀ ਅਗਵਾਈ ਵਿੱਚ ਅੰਗਰੇਜਾਂ ਵਲੋਂ ਭੇਜੇ ਗਏ ਸਾਇਮਨ ਕਮਿਸ਼ਨ ਨੇ ਪੰਜਾਬ ਵਿੱਚ ਦੌਰਾ ਕੀਤਾ ਅਤੇ ਡਾਕਟਰ ਅੰਬੇਡਕਰ ਨੂੰ ਅਛੂਤਾਂ ਦਾ ਪ੍ਰਤੀਨਿਧੀ ਸਾਬਿਤ ਕਰਕੇ ਗੋਲਮੇਜ਼ ਕਾਨਫਰੰਸਾ ਵਿੱਚ ਭੇਜਿਆ। ਆਦ ਧਰਮ ਮੰਡਲ ਦੇ ਆਗੂਆਂ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ। ਸਾਲ 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਜਿਸ ਅਨੁਸਾਰ ਸਿਰਫ 12 ਜਾਤਾਂ ਜਿਨ੍ਹਾਂ ਵਿੱਚ ਅਹੀਰ, ਅਰਾਈ, ਅਵਾਣ, ਗੁੱਜਰ, ਜੱਟ, ਕੰਬੋਜ, ਮੀਂਏ, ਪਠਾਣ, ਕਨੈਤ, ਰਾਜਪੂਤ, ਰਾਠੀ, ਸੈਣੀ ਹੀ ਜਮੀਨ ਖਰੀਦ ਸਕਦੇ ਸਨ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ੍ਰੀਦਣ ਦਾ ਅਧਿਕਾਰ ਮਿਲਿਆ। ਆਦ ਧਰਮ ਮੰਡਲ ਨੇ ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ। ਆਦ ਧਰਮ ਮੰਡਲ ਦੀਆਂ ਕੋਸ਼ਿਸ਼ ਅਤੇ ਮੰਗ ਕਾਰਨ 1930 ਵਿੱਚ ਗਵਰਨਰ ਪੰਜਾਬ ਨੇ ਆਰਡਰ ਜਾਰੀ ਕੀਤੇ ਕਿ ਅਛੂਤ ਲੜਕੇ ਲੜਕੀਆਂ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਜਾਣ। ਚੌਧਰੀ ਸਦਰੂਦੀਨ ਖਾਨ ਨੇ ਆਦ ਧਰਮ ਮੰਡਲ ਦੀ ਇਮਾਰਤ ਵਿੱਚ ਇਹ ਕਲਾਸਾਂ ਲਗਾਈਆਂ ਅਤੇ 80 ਆਦ ਧਰਮ ਵਿਅਕਤੀਆਂ ਨੂੰ ਜੇ ਬੀ ਟੀ ਦਾ ਕੌਰਸ ਕਰਵਾਕੇ ਅਧਿਆਪਕ ਬਣਾਇਆ ਗਿਆ ਅਤੇ ਇਸ ਨਾਲ ਸਦੀਆਂ ਤੋਂ ਸਿੱਖਿਆ ਤੋਂ ਬਾਂਝੇ ਰਹੇ ਅਛੂਤਾਂ ਨੂੰ ਸਿੱਖਿਆ ਪ੍ਰਦਾਨ ਕਰਨ ਦੇ ਰਾਹ ਖੋਲੇ ਗਏ। ਸਾਲ 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਕਿਹਾ ਕਿ ਅਛੂਤਾਂ ਦਾ ਵੀ ਉਹ ਹੀ ਲੀਡਰ ਹੈ ਅਤੇ ਡਾਕਟਰ ਅੰਬੇਡਕਰ ਨੂੰ ਇਸਤੋਂ ਬਾਹਰ ਭੇਜਿਆ ਜਾਵੇ। ਇਹ ਸਾਬਤ ਕਰਨ ਲਈ ਕਿ ਅਛੂਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਪੰਜਾਬ ਅਤੇ ਹੋਰ ਸੂਬਿਆਂ ਤੋਂ ਆਦ ਧਰਮ ਆਗੂਆਂ ਨੇ ਡਾਕਟਰ ਅੰਬੇਡਕਰ ਦੇ ਹੱਕ ਵਿੱਚ ਲੱਗਭੱਗ 57 ਤਾਰਾਂ ਲੰਡਨ ਭੇਜੀਆਂ ਜਿਸ ਕਾਰਨ ਅੰਬੇਡਕਰ ਨੂੰ ਇਨ੍ਹਾਂ ਕਾਨਫਰੰਸਾਂ ਵਿੱਚ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਮਿਲਿਆ। ਗੋਲਮੇਜ਼ ਕਾਨਫਰੰਸਾ ਤੋਂ ਬਾਦ ਬਰਤਾਨੀਆ ਸਰਕਾਰ ਨੇ ਦਲਿਤਾਂ ਲਈ ਅਲੱਗ ਚੌਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨਫਰੰਸ ਵਿੱਚ ਵੀ ਡਾਕਟਰ ਅੰਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਆਦਿ ਧਰਮ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਹਿੰਦੂ ਆਗੂਆਂ ਵਿਚਕਾਰ ਇੱਕ ਸਮਝੌਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਇਸ ਸਮਝੋਤੇ ਵਿੱਚ ਦਲਿਤਾਂ ਨੂੰ ਵਖਰੀ ਚੌਣ ਵਿਵਸਥਾ ਦੋਹਰੀ ਵੋਟ ਦੇ ਅਧਿਕਾਰ ਦੀ ਥਾਂ ਕੁੱਝ ਸੀਟਾਂ ਦਾ ਰਾਖਵਾਂਕਰਣ ਦਿਤਾ ਗਿਆ ਜਿਸ ਅਨੁਸਾਰ ਭਾਰਤ ਦੀਆਂ ਵੱਖ ਵੱਖ ਵਿਧਾਨ ਸਭਾਵਾਂ ਲਈ ਕੁੱਲ 148 ਸੀਟਾਂ ਦਲਿਤਾਂ ਲਈ ਰਾਖਵੀਆਂ ਰੱਖੀਆਂ ਗਈਆਂ ਜਿਨ੍ਹਾਂ ਵਿੱਚ ਉਸ ਵੇਲੇ ਪੰਜਾਬ ਦੀਆਂ 08 ਸੀਟਾਂ ਸਨ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। ਡਾਕਟਰ ਅੰਬੇਡਕਰ ਨੇ ਹਿੰਦੂ ਧਰਮ ਨੂੰ ਦਲਿਤਾਂ ਦੇ ਵਿਕਾਸ ਵਿੱਚ ਰੋੜ੍ਹਾ ਮੰਨਕੇ ਹੀ ਅਪਣਾ ਧਰਮ ਬਦਲਣ ਦਾ ਫੈਸਲਾ ਕੀਤਾ ਅਤੇ ਅਖੀਰ 13 ਅਕਤੂਬਰ 1956 ਨੂੰ ਅਪਣੇ ਲੱਖਾਂ ਸਾਥੀਆਂ ਨਾਲ ਬੁੱਧ ਧਰਮ ਅਪਣਾਇਆ। ਅੱਜ ਵੀ ਦੇਸ਼ਦੇ ਵੱਖ ਵੱਖ ਭਾਗਾਂ ਵਿੱਚ ਦਲਿਤਾਂ ਵਲੋਂ ਵੱਡੇ ਪੱਧਰ ਤੇ ਹਿੰਦੂ ਧਰਮ ਛੱਡਕੇ ਧਰਮ ਬਦਲਣ ਦੀਆਂ ਖਬਰਾਂ ਵੇਖਣ ਨੂੰ ਮਿਲਦੀਆਂ ਹਨ। ਡਾਕਟਰ ਅੰਬੇਡਕਰ ਦੁਆਰਾ ਸ਼ੁਰੂ ਕੀਤਾ ਗਿਆ ਰਾਜਨੀਤਿਕ ਅੰਦੋਲਨ ਕੁੱਝ ਸਮੇਂ ਬਾਦ ਹੀ ਖਤਮ ਹੋ ਗਿਆ ਸੀ। ਅਜਾਦ ਭਾਰਤ ਵਿੱਚ ਦਲਿਤਾਂ ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦਾ ਨਾਮ ਦਿਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕਾਂ ਦੇ ਵਿਕਾਸ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਬਹੁਤੇ ਦਲਿਤ ਵਿਸ਼ੇਸ਼ ਤੋਰ ਤੇ ਪਿੰਡਾਂ ਅਤੇ ਬਸਤੀਆਂ ਵਿੱਚ ਰਹਿਣ ਵਾਲੇ ਦਲਿਤ ਅਜੇ ਵੀ ਜਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ। ਇਨ੍ਹਾਂ ਦਲਿਤਾਂ ਵਿੱਚੋਂ ਵਿਕਸਿਤ ਹੋ ਚੁੱਕੇ ਲੋਕਾਂ ਦਾ ਜੀਵਨ ਕ੍ਰਿਸ਼ਮਾਈ ਹੋ ਗਿਆ ਹੈ ਅਤੇ ਉਹ ਅਪਣਾ ਪਿਛੋਕੜ ਤੱਕ ਭੁੱਲਦੇ ਜਾ ਰਹੇ ਹਨ। 15 ਮਾਰਚ 1934 ਨੂੰ ਜਿਲ੍ਹਾ ਰੂਪਨਗਰ ਪੰਜਾਬ ਵਿੱਚ ਪੈਦਾ ਹੋਏ ਸਾਹਿਬ ਕਾਂਸ਼ੀ ਰਾਮ ਨੇ 1971 ਵਿੱਚ ਦਲਿਤਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਸ਼ੁਰੂ ਕੀਤੀ ਅਤੇ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰ ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਕਰਮਚਾਰੀ ਵੈਲਫੇਅਰ ਸੰਸਥਾ ਦੀ ਸਥਾਪਨਾ ਕੀਤੀ। 1973 ਵਿੱਚ ਬੈਕਵਰਡ ਐਂਡ ਮਾਇਨਾਰਿਟੀ ਕਮਿਉਨਿਟੀ ਇੰਮਪਲਾਇਜ਼ ਫੈਡਰੇਸ਼ਨ-ਬਾਮਸੇਫ ਦੀ ਸਥਾਪਨਾ ਕੀਤੀ। ਡਾਕਟਰ ਅੰਬੇਡਕਰ ਵਲੋਂ ਦਿੱਤੇ ਗਏ ਪੜ੍ਹੋ, ਜੁੜ੍ਹੋ ਅਤੇ ਸੰਘਰਸ਼ ਕਰੋ ਦੇ ਸਿਧਾਂਤ ਤੇ ਚੱਲਕੇ ਮੁਹਿੰਮ ਚਲਾਈ ਅਤੇ 06 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸਮਾਜਿਕ ਸੰਗਠਨ ਤਿਆਰ ਕੀਤਾ ਅਤੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਕਰੋੜ੍ਹਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। ਸਾਲ 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਬੀ ਐਸ ਪੀ ਨੇ ਉੱਤਰ ਪ੍ਰਦੇਸ਼ ਵਿੱਚ ਕਈ ਵਾਰ ਸਰਕਾਰ ਬਣਾਈ ਅਤੇ ਕਈ ਵਿਅਕਤੀਆਂ ਨੂੰ ਲੋਕ ਸਭਾ, ਰਾਜ ਸਭਾ ਅਤੇ ਵੱਖ ਵੱਖ ਵਿਧਾਨ ਸਭਾਵਾਂ ਵਿੱਚ ਭੇਜਿਆ। ਮੋਜੂਦਾ ਸਮੇਂ ਰਾਖਵਾਂਕਰਣ ਦਾ ਲਾਭ ਲੈਕੇ ਕਈ ਅਧਿਕਾਰੀ ਵੱਡੇ ਵੱਡੇ ਅਹੁਦਿਆਂ ਤੇ ਬੈਠੇ ਹਨ। ਪਿਛਲੇ ਕਈ ਸਾਲਾਂ ਤੋਂ ਬਹੁਜਨ ਅੰਦੋਲਨ ਵਿੱਚ ਖੜੋਤ ਆ ਗਈ ਹੈ। ਪੰਜਾਬ ਵਿੱਚ ਸਭ ਤੋਂ ਵੱਧ ਅਨੁਸੂਚਿਤ ਜਾਤਿ ਦੇ ਲੋਕ ਰਹਿੰਦੇ ਹਨ ਅਤੇ ਲੱਗਭੱਗ ਤੀਜਾ ਹਿੱਸਾ ਅਬਾਦੀ ਅਨੁਸੂਚਿਤ ਜਾਤਿ ਵਰਗ ਦੀ ਹੈ।

ਪੰਜਾਬ ਵਿੱਚ ਰਹਿਣ ਵਾਲੇ ਦਲਿਤਾਂ ਦੇ ਕਈ ਮੁੱਦੇ ਲਟਕੇ ਹੋਏ ਹਨ ਜਿਨ੍ਹਾਂ ਨੂੰ ਲੈਕੇ ਅਕਸਰ ਹੀ ਵਿਚਾਰ ਚਰਚਾ ਅਤੇ ਸੰਘਰਸ਼ ਹੁੰਦਾ ਰਿਹਾ ਹੈ ਅਤੇ ਇਹ ਮਸਲੇ ਅਜੇ ਵੀ ਅਣ-ਸੁਲਝੇ ਪਏ ਹਨ ਜਿਨਖ਼ਾਂ ਵਿੱਚ ਸੰਵਿਧਾਨ ਵਿੱਚ ਹੋਈ 85ਵੀਂ ਸੋਧ ਨੂੰ ਲਾਗੂ ਕਰਕੇ ਅਨੁਸੂਚਿਤ ਜਾਤਾਂ ਦੇ ਕਰਮਚਾਰੀਆਂ ਨੂੰ ਬਣਦਾ ਲਾਭ ਦੇਣਾ, ਅਨੁਸੂਚਿਤ ਜਾਤਾਂ ਦੇ ਜਾਅਲੀ ਸਰਟੀਫਿ-ਕੇਟਾਂ ਵਾਲੇ ਵਿਅਕਤੀਆਂ ਖਿਲਾਫ ਕਨੂੰਨੀ ਕਾਰਵਾਈ ਕਰਨਾ, ਪੋਸਟ ਮੈਟਰਿਕ ਸਕਾਲਰਸ਼ਿਪ ਵਿੱਚ ਹੋਏ ਘਪਲਿਆਂ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰਨਾ, ਵੱਖ ਵੱਖ ਵਿਭਾਗਾਂ ਵਿੱਚ ਖਾਲੀ ਪਈਆਂ ਅਸਾਮੀਆਂ ਦਾ ਬੈਕਲਾਗ ਪੂਰਾ ਕਰਨਾ, ਬੇਜਮੀਨੇ ਦਲਿਤਾਂ ਲਈ ਰਹਿਣ ਲਈ ਪਲਾਟ ਦੇਣਾ, ਸ਼ਾਮਲਾਟ ਜ਼ਮੀਨ ਵਿਚੋਂ ਤੀਜਾ ਹਿੱਸਾ ਅਨੁਸੂਚਿਤ ਜਾਤਾਂ ਨੂੰ ਦੇਣਾ, ਦਲਿਤਾਂ ਦੇ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੀ ਸਾਂਭ ਸੰਭਾਲ ਲਈ ਕੰਮ ਕਰਨਾ ਆਦਿ ਸ਼ਾਮਿਲ ਹਨ। ਇਨ੍ਹਾਂ ਸਮੱਸਿਆਵਾਂ ਅਤੇ ਮੰਗਾਂ ਨੂੰ ਲੈਕੇ ਲੋਕ ਕਈ ਵਾਰ ਸੰਘਰਸ਼ ਕਰਦੇ ਹਨ ਪਰੰਤੂ ਅਜੇ ਤੱਕ ਇਨ੍ਹਾਂ ਸਮੱਸਿਆਵਾਂ ਦਾ ਕੋਈ ਵੀ ਠੋਸ ਹੱਲ ਨਹੀਂ ਨਿਕਲਿਆ ਹੈ। ਪੰਜਾਬ ਵਿੱਚ ਇੱਕ ਦਲਿਤ ਚਰਨਜੀਤ ਸਿੰਘ ਚੰਨੀ ਵੀ ਕੁੱਝ ਮਹੀਨੇ ਲਈ ਮੁੱਖ ਮੰਤਰੀ ਰਿਹਾ ਹੈ, ਪੰਜਾਬ ਵਿੱਚ ਕਈ ਜਨਰਲ ਸੀਟਾਂ ਤੋਂ ਵੀ ਅਨੁਸੂਚਿਤ ਜਾਤਾਂ ਦੇ ਵਿਧਾਇਕ ਜਿੱਤੇ ਹਨ। ਮੋਜੂਦਾ ਸਰਕਾਰ ਵਿੱਚ ਵੀ 34 ਰਾਖਵੇਂ ਹਲਕਿਆਂ ਵਿਚੋਂ 29 ਵਿਧਾਇਕ ਸੱਤਾਧਾਰੀ ਆਪ ਪਾਰਟੀ ਦੇ ਹੀ ਹਨ ਅਤੇ ਕਈ ਦਲਿਤ ਮੰਤਰੀ ਹਨ। ਮੋਜੂਦਾ ਸਰਕਾਰ ਦੇ 15 ਮਹੀਨੇ ਬੀਤਣ ਦੇ ਬਾਬਜੂਦ ਦਲਿਤਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦਾ ਕੋਈ ਵੀ ਹੱਲ ਨਹੀਂ ਹੋਇਆ ਹੈ।



ਐਡਵੋਕੇਟ ਕੁਲਦੀਪ ਚੰਦ
91-9417563054

ਸਾਨੂੰ ਸਭਨੂੰ ਗੰਭੀਰਤਾ ਨਾਲ ਸੋਚਣ ਦੀ ਜਰੂਰਤ ਹੈ ਕਿ ਆਖਿਰ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਿਉਂ ਨਹੀਂ ਹੋ ਰਿਹਾ ਹੈ। ਮੋਜੂਦਾ ਸਮੇਂ ਦਲਿਤਾਂ ਦੇ ਨਾਮ ਤੇ ਅਣਗਿਣਤ ਸਮਾਜਿਕ, ਧਾਰਮਿਕ, ਰਾਜਨੀਤਿਕ ਸੰਗਠਨ ਚੱਲ ਰਹੇ ਹਨ ਜੋਕਿ ਦਲਿਤਾਂ ਦੇ ਵਿਕਾਸ ਲਈ ਕੰਮ ਕਰਨ ਦੇ ਦਾਅਵੇ ਕਰਦੇ ਹਨ। ਇੱਕ ਪਾਸੇ ਗੈਰ ਦਲਿਤ ਵਰਗ ਦਲਿਤਾਂ ਨੂੰ ਮਿਲੇ ਸੰਵਿਧਾਨਿਕ ਹੱਕਾਂ ਅਤੇ ਸਹੂਲਤਾਂ ਦਾ ਵਿਰੋਧ ਕਰ ਰਿਹਾ ਹੈ ਅਤੇ ਇਨ੍ਹਾਂਹੱਕਾਂ ਅਤੇ ਸਹੂਲਤਾਂ ਨੂੰ ਖਤਮ ਕਰਨ ਲਈ ਅੰਦੋਲਨ ਕਰ ਰਿਹਾ ਹੈ ਦੂਜੇ ਪਾਸੇ ਦਲਿਤ ਵਰਗ ਦੇ ਬਹੁਤੇ ਆਗੂ ਅਤੇ ਬੁੱਧੀਜੀਵੀ ਅਪਣੇ ਨਿੱਜੀ ਮਤਲਬਾਂ ਲਈ ਸਮਾਜ ਨੂੰ ਦਿਸ਼ਾਹੀਣ ਕਰ ਰਹੇ ਹਨ। ਦਲਿਤ ਵਰਗ ਨਾਲ ਬਹੁਤੇ ਰਾਜਨੀਤਿਕ ਆਗੂ ਅਤੇ ਰਾਖਵਾਂਕਰਣ ਦਾ ਲਾਭ ਲੈਕੇ ਅਹੁਦਿਆਂ ਤੇ ਬੈਠੇ ਅਧਿਕਾਰੀ ਗਰੀਬ ਦਲਿਤਾਂ ਨੂੰ ਪੇਸ ਆ ਰਹੀਆਂ ਸਮੱਸਿਆਵਾਂ ਤੇ ਅਕਸਰ ਹੀ ਚੁੱਪ ਰਹਿੰਦੇ ਹਨ। ਦਲਿਤਾਂ ਤੇ ਵੱਧਦੇ ਅਤਿਆਚਾਰ ਅਤੇ ਵੱਧ ਰਹੀਆਂ ਸਮੱਸਿਆਵਾਂ ਸਾਡੇ ਸਮਾਜ ਦੇ ਦਲਿਤ ਆਗੂਆਂ ਅਤੇ ਬੁੱਧੀਜਿਵੀਆਂ ਦੀ ਕਾਰਗੁਜਾਰੀ ਅਤੇ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾ ਰਹੀਆਂ ਹਨ।

ਇਨ੍ਹਾਂ ਸਮੱਸਿਅਵਾਂ ਲਈ ਜਿੱਥੇ ਸਰਕਾਰਾਂ ਜਿੰਮੇਵਾਰ ਹਨ ਉੱਥੇ ਹੀ ਦਲਿਤ ਸਮਾਜ ਦੇ ਬੁੱਧੀਜਿਵੀ ਵਰਗ ਅਤੇ ਅਖੌਤੀ ਆਗੂ ਵੱਧ ਜਿੰਮੇਵਾਰ ਹਨ। ਇਸੇ ਤਰਾਂ ਦੇ ਬੁੱਧੀਜਿਵੀ ਵਰਗ ਅਤੇ ਅਖੌਤੀ ਆਗੂਆਂ ਬਾਰੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਸਾਫ ਕਿਹਾ ਸੀ ਕਿ ਉਸਨੂੰ ਪੜ੍ਹੇ ਲਿਖੇ ਸਮਾਜ ਨੇ ਧੋਖਾ ਦਿਤਾ ਹੈ।

ਬਸਪਾ ਆਗੂ ਸਾਹਿਬ ਕਾਂਸ਼ੀ ਰਾਮ ਨੇ ਵੀ ਇਨ੍ਹਾਂ ਨੂੰ ਚਮਚਿਆਂ ਦਾ ਨਾਮ ਦਿਤਾ ਹੈ। ਹੁਣ ਵੀ ਕਈ ਆਗੂ ਵੱਖ-ਵੱਖ ਸਮਾਜਿਕ ਅਤੇ ਰਾਜਨੀਤਿਕ ਸੰਗਠਨਾਂ ਵਿੱਚ ਕੰਮ ਕਰ ਰਹੇ ਹਨ ਅਤੇ ਦਲਿਤ ਮੁੱਦਿਆਂ ਤੇ ਪਹਿਰਾ ਦੇਣ ਦੀ ਬਜਾਏ ਦਲਿਤ ਵਿਰੋਧੀ ਲੋਕਾਂ ਕੋਲ ਗਿਰਵੀ ਰੱਖ ਰਹੇ ਹਨ। ਇੱਕ ਪਾਸੇ ਮਨੂੰਵਾਦੀ ਸੋਚ ਵਾਲੇ ਕੱਟੜ ਲੋਕ ਦਲਿਤਾਂ ਦੀ ਤਰੱਕੀ ਵਿੱਚ ਰੋੜ੍ਹਾ ਬਣ ਰਹੇ ਹਨ ਅਤੇ ਵੱਖ ਵੱਖ ਸਮਾਜਿਕ ਰਾਜਨੀਤਿਕ ਸੰਗਠਨਾਂ ਦੁਆਰਾ ਦਲਿਤਵਿਰੋਧੀ ਅੰਦੋਲਨ ਚਲਾ ਰਹੇ ਹਨ ਦੂਜੇ ਪਾਸੇ ਅਖੌਤੀ ਦਲਿਤ ਆਗੂ ਅਤੇ ਬੁੱਧੀਜਿਵੀ ਦਲਿਤਾਂ ਨੂੰ ਭਟਕਾਉਣ ਦਾ ਕੰਮ ਕਰ ਰਹੇ ਹਨ।

---

## 'ਜਿਤੁ ਡਿਠੈ ਸਭ ਦੁੱਖ ਜਾਇ'

ਵੀ ਨਾਸ਼ਵਾਨ ਹੈ। ਗੁਰੂ ਗ੍ਰੰਥ ਸਾਹਿਬ 'ਚ ਗੁਰੂ ਦੀ ਸ਼ਕਤੀ ਸਦੀਵੀ ਹੈ। ਇਸ ਲਈ ਇਸ ਨੂੰ ਰੋਜ਼ ਪੜ੍ਹੋ, ਇਸ ਨੂੰ ਨਮਸਕਾਰ ਕਰੋ, ਇਸ ਦਾ ਸਤਿਕਾਰ ਕਰੋ ਤੇ ਇਸ 'ਚ ਦਿੱਤੀਆਂ ਗਈਆਂ ਸਿੱਖਿਆਵਾਂ ਨੂੰ ਆਪਣੇ ਜੀਵਨ 'ਚ ਅਪਣਾਓ। ਇਸ ਤਰ੍ਹਾਂ ਕਰਨ ਨਾਲ ਤੁਹਾਡੇ 'ਚੋਂ ਕ੍ਰੋਧ ਖਤਮ ਹੋਵੇਗਾ ਤੇ ਤੁਹਾਡੇ 'ਚ ਸਥਿਰਤਾ ਆਵੇਗੀ।

ਇਹ ਉਕਤ ਗੁਰੂ ਗ੍ਰੰਥ ਸਾਹਿਬ ਦਾ ਆਖਰੀ ਸੰਦੇਸ਼ ਗੁਰੂ ਜੀ ਤੋਂ ਸੁਣ ਕੇ ਸਭ ਸਿੱਖ ਸੰਗਤਾਂ ਦੇ ਅੱਖਾਂ 'ਚ ਅੱਥਰੂ ਆ ਗਏ। ਇਸ ਉਪਰੰਤ ਮਾਤਾ ਸੁਲੱਖਣੀ ਜੀ ਜਿਹਨਾਂ ਦੇ ਅੱਖਾਂ 'ਚ ਹੰਝੂ ਸਨ, ਅੱਗੇ ਆਏ ਤੇ ਕਹਿਣ ਲੱਗੇ, "ਹੇ! ਪੁੱਤਰ ਮੈਂ ਤੇਰੇ ਤੋਂ ਬਗੈਰ ਕਿਸ ਤਰ੍ਹਾਂ ਰਹਾਂਗੀ? ਮੈਂ ਜਦੋਂ ਵਿਆਹੀ ਇਸ ਪਰਿਵਾਰ 'ਚ ਆਈ ਸੀ ਤਾਂ ਮੈਨੂੰ ਤੇਰੇ ਗੁਰੂ ਪਿਤਾ ਜੀ ਨੇ ਆਸ਼ੀਰਵਾਦ ਦਿੱਤਾ ਸੀ। ਜਦੋਂ ਤੇਰਾ ਜਨਮ ਹੋਇਆ ਉਸ ਸਮੇਂ ਵੀ ਮੈਨੂੰ ਉਹਨਾਂ ਨੇ ਆਸ਼ੀਰਵਾਦ ਦਿੱਤਾ ਸੀ। ਹੁਣ ਤੁਸੀਂ ਮੈਨੂੰ ਗਮਾਂ ਤੇ ਫਿਕਰਾਂ ਦੇ ਸਮੁੰਦਰ 'ਚ ਸੁੱਟ ਕੇ ਆਪ ਤੁਰ ਚੱਲੇ ਹੋ।

ਹੁਣ ਮੇਰਾ ਕੌਣ ਸਹਾਈ ਬਣੇਗਾ? ਇਕ ਮੱਛੀ ਪਾਣੀ ਤੋਂ ਬਾਹਰ ਕਿਵੇਂ ਜਿੰਦਾ ਰਹਿ ਸਕਦੀ ਹੈ? ਸਰੀਰ ਤਾਂ ਨਾਸ਼ਵਾਨ ਹੈ।" ਗੁਰੂ ਹਰਿਕ੍ਰਿਸ਼ਨ ਜੀ ਨੇ ਅੱਗੋਂ ਆਪਣੀ ਮਾਤਾ ਜੀ ਨੂੰ ਉਤਰ ਦਿੱਤਾ।" ਫਿਰ ਗੁਰੂ ਜੀ ਨੇ ਕਿਹਾ ਤੁਹਾਡਾ ਪ੍ਰਮਾਤਮਾ 'ਚ ਦ੍ਰਿੜ੍ਹ ਵਿਸ਼ਵਾਸ ਹੈ, ਇਹ ਵਿਸ਼ਵਾਸ ਹੀ ਤੁਹਾਨੂੰ ਸੰਸਾਰ ਦੇ ਸਾਰੇ ਗ਼ਮਾਂ-ਫਿਕਰਾਂ ਤੋਂ ਛੁਟਕਾਰਾ ਦਿਵਾਏਗਾ ਤੇ ਤੁਹਾਨੂੰ ਸਦੀਵੀ ਸ਼ਾਂਤੀ ਪ੍ਰਾਪਤ ਹੋਵੇਗੀ।"

ਅੱਜ ਦਿੱਲੀ ਵਿਖੇ ਜੋ 'ਗੁਰਦੁਆਰਾ ਬੰਗਲਾ ਸਾਹਿਬ' ਸਥਿਤ ਹੈ, ਉਹ ਸਰਦਾਰ ਬਘੇਲ ਸਿੰਘ ਜੀ ਨੇ ਬਣਵਾਇਆ ਸੀ, ਜਿਹੜਾ ਕਿ ਇਕ ਮਹਾਨ ਸਿੱਖ ਜਰਨੈਲ ਸੀ ਤੇ ਉਸ ਨੇ ਦਿੱਲੀ 'ਤੇ ਆਪਣੀ ਹਕੂਮਤ ਕਾਇਮ ਕੀਤੀ ਸੀ। ਇਹ ਰਾਜਾ ਜੈ ਸਿੰਘ ਦੀ ਹਵੇਲੀ ਦੀ ਉਹੀ ਜਗ੍ਹਾ ਹੈ, ਜਿੱਥੇ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣਾ ਦਿੱਲੀ ਵਿਖੇ ਨਿਵਾਸ ਕੀਤਾ ਸੀ। ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਮੌਤ ਤੋਂ ਥੋੜ੍ਹਾ ਸਮਾਂ ਪਹਿਲਾਂ, ਆਪਣੇ ਇਸ ਸੰਸਾਰ ਤੋਂ ਜਾਣ ਬਾਅਦ ਹੋਣ ਵਾਲੇ ਹਾਲਾਤ ਨੂੰ ਸਮਝਿਆ ਤੇ ਆਪਣੀ ਮਾਤਾ ਜੀ ਨੂੰ ਆਪਣੇ ਪਾਸ ਮਿਤੀ 30 ਮਾਰਚ 1664 ਈਸਵੀ ਨੂੰ ਬੁਲਾਇਆ ਤੇ ਕਿਹਾ ਕਿ ਹੁਣ ਮੇਰਾ ਅੰਤ ਨੇੜੇ ਆ ਗਿਆ ਹੈ। ਮਾਤਾ ਜੀ ਨੇ ਪੁੱਛਿਆ ਕਿ ਹੁਣ ਤੁਹਾਡੀ ਗੁਰਗੱਦੀ ਦਾ ਅਗਲਾ ਵਾਰਸ ਕੌਣ ਹੋਵੇਗਾ ਤਾਂ ਗੁਰੂ ਜੀ ਨੇ ਸਿਰਫ ਇੰਨਾ ਹੀ ਉਤਰ ਦਿੱਤਾ 'ਬਾਬਾ ਬਕਾਲਾ'। ਗੁਰੂ ਜੀ ਦਾ ਇਹ ਐਲਾਨ ਸੁਣ ਕੇ ਬਾਬਾ ਬਕਾਲਾ ਵਿਖੇ ਕਈ ਗੁਰੂ ਪ੍ਰਗਟ ਹੋ ਗਏ ਤੇ ਆਪਣੇ ਆਪ ਨੂੰ ਗੁਰਗੱਦੀ ਦਾ ਵਾਰਸ ਕਹਿਣ ਲੱਗ ਪਏ। ਭਾਵੇਂ ਕਿਵੇਂ ਵੀ ਸੀ ਪ੍ਰੰਤੂ ਉਨ੍ਹਾਂ ਦਿਨਾਂ 'ਚ ਗੁਰਗੱਦੀ ਦੇ ਵਾਰਸ (ਗੁਰੂ) ਤੇਗ ਬਹਾਦਰ ਸਾਹਿਬ ਜੀ ਵੀ, ਬਾਬਾ ਬਕਾਲਾ ਪੰਜਾਬ ਵਿਖੇ ਰਹਿੰਦੇ ਸਨ।

ਆਖਰੀ ਸਮੇਂ ਤੇ ਗੁਰੂ ਹਰਿਕ੍ਰਿਸ਼ਨ ਜੀ ਨੇ ਕਿਹਾ ਕਿ ਉਹਨਾਂ ਦੇ ਚਲਾਣੇ ਤੋਂ ਬਾਅਦ ਕੋਈ ਵੀ ਰੋਵੇ ਨਾ ਤੇ ਨਾ ਹੀ ਅਫਸੋਸ ਮਨਾਏ, ਸਗੋਂ ਗੁਰਬਾਣੀ ਦਾ ਪਾਠ ਕੀਤਾ ਜਾਵੇ ਤੇ ਸ਼ਬਦ ਗਾਏ ਜਾਣ। ਇਹ ਸ਼ਬਦ ਕਹਿ ਕੇ ਗੁਰੂ ਜੀ ਨੇ ਚੇਤ ਸੁਦੀ 14 (3 ਵਿਸਾਖ) ਵਿਕਰਮੀ ਸੰਮਤ 1721, ਮੁਤਾਬਕ ਸ਼ਨੀਵਾਰ ਵਾਲੇ ਦਿਨ 16 ਅਪ੍ਰੈਲ 1664 ਈਸਵੀ ਨੂੰ ਹੋਲੀ ਦੇਣੀ, ਅੰਤਿਮ ਸ਼ਬਦ 'ਵਾਹਿਗੁਰੂ' ਕਹਿ ਕੇ ਆਪਣੇ ਪ੍ਰਾਣ ਤਿਆਗ ਦਿੱਤੇ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਗੁਰੂ ਹਰਿਕ੍ਰਿਸ਼ਨ ਜੀ ਨੂੰ ਆਪਣੀ ਸ਼ਰਧਾਂਜਲੀ ਦਿੰਦੇ ਹੋਏ 'ਵਾਰ ਸ੍ਰੀ ਭਗਾਉਤੀ ਜੀ ਕੀ' 'ਚ ਕਿਹਾ ਹੈ ਕਿ, "ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਧਿਆਈਐ, ਜਿਤੁ ਡਿਠੈ ਸਭ ਦੁੱਖ ਜਾਇ।" ਭਾਵ ਆਓ ਉਸ ਮਹਾਨ ਪਵਿੱਤਰ ਆਤਮਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਬਾਰੇ ਵਿਚਾਰ ਕਰੀਏ, ਜਿਹਨਾਂ ਦੀ ਇਕੋ ਮਿਹਰ ਦੀ ਨਜ਼ਰ ਇਨਸਾਨੀ ਦੁੱਖਾਂ-ਕਲੇਸ਼ਾਂ ਨੂੰ ਦੂਰ ਕਰ ਦਿੰਦੀ ਸੀ। ਇਹਨਾਂ ਉਕਤ ਗੁਰਬਾਣੀ ਦੇ ਸ਼ਬਦਾਂ ਨੂੰ ਸਿੱਖ ਜਗਤ ਆਪਣੀ ਰੋਜ਼ ਦੀ ਅਰਦਾਸ 'ਚ ਹਰ ਰੋਜ਼ ਦੁਹਰਾਉਂਦਾ ਹੈ।

ਗੁਰੂ ਹਰਿਕ੍ਰਿਸ਼ਨ ਜੀ ਦਾ ਅੰਤਿਮ ਸੰਸਕਾਰ ਦਿਨ ਸ਼ਨੀਵਾਰ 16 ਅਪ੍ਰੈਲ 1664 ਈਸਵੀ ਨੂੰ ਦਿੱਲੀ 'ਚ ਉਸੇ ਜਗ੍ਹਾ 'ਤੇ ਕੀਤਾ ਗਿਆ, ਜਿੱਥੇ ਉਹ ਦਿੱਲੀ 'ਚ ਮਹਾਂਮਾਰੀ ਫੈਲਣ ਸਮੇਂ, ਬਿਮਾਰੀ ਦੇ ਪੀੜਤ ਲੋਕਾਂ ਲਈ ਬਣੇ ਕੈਂਪ 'ਚ ਉਹਨਾਂ ਦੀ ਦੇਖਭਾਲ ਕਰਦੇ ਸਨ। ਉਹਨਾਂ ਦੀ ਯਾਦ 'ਚ ਇਸ ਜਗ੍ਹਾ 'ਤੇ "ਗੁਰਦੁਆਰਾ ਬਾਲਾ ਸਾਹਿਬ" ਸੁਸ਼ੋਭਿਤ ਹੈ। ਮੁਸਲਮਾਨ ਸਮਾਜ ਦੇ ਲੋਕ ਉਹਨਾਂ ਨੂੰ ਹਮੇਸ਼ਾ "ਬਾਲਾ ਪੀਰ' ਤੇ ਹਿੰਦੂ ਸਮਾਜ ਦੇ ਲੋਕ 'ਬਾਲ ਮੁਕੰਦ' ਦੇ ਨਾਮ ਨਾਲ ਯਾਦ ਕਰਦੇ ਰਹਿਣਗੇ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਸਾਹਿਬ ਦੇ ਦਾਦੀ ਜੀ, ਮਾਤਾ ਬੱਸੀ ਜੀ ਨੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਗੁਰੂ ਹਰਿਕ੍ਰਿਸ਼ਨ ਜੀ ਦੀ ਯਾਦ 'ਚ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਆਰੰਭ ਕੀਤਾ ਜਾਵੇ। ਦੁਰਗਾ ਮੱਲ ਤੇ ਮੁਨਸ਼ੀ ਕਲਿਆਣ ਦਾਸ ਜੀ ਨੂੰ, ਪੰਜਾਬ ਗੁਰੂ ਸਾਹਿਬ ਜੀ ਦੀ ਦੁੱਖਦਾਈ ਮੌਤ ਦੀ ਖ਼ਬਰ ਦੱਸਣ ਲਈ ਭੇਜਿਆ ਗਿਆ।

ਉਹਨਾਂ ਨੇ ਸਭ ਤੋਂ ਪਹਿਲਾਂ ਕੀਰਤਪੁਰ ਸਾਹਿਬ ਵਿਖੇ ਗੁਰੂ ਹਰਿਕ੍ਰਿਸ਼ਨ ਜੀ ਦੀ ਭੈਣ ਬੀਬੀ ਰੂਪ ਕੌਰ ਨੂੰ, ਇਸ ਦੁਖਦਾਇਕ ਮੌਤ ਦੀ ਖ਼ਬਰ ਦੱਸੀ। ਅਗਲੇ ਦਿਨ ਉਹ ਬਾਬਾ ਬਕਾਲੇ ਗਏ ਤੇ ਸਿੱਖ ਗੁਰਗੱਦੀ ਦੇ ਵਾਰਸ, ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਹਰਿਕ੍ਰਿਸ਼ਨ ਜੀ ਦੀ ਮੌਤ ਦੀ ਖ਼ਬਰ ਦੱਸੀ। ਗੁਰੂ ਜੀ ਦੀ ਮੌਤ ਤੋਂ ਕੁਝ ਸਮਾਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦਿੱਲੀ ਵਿਖੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਮਿਲ ਕੇ ਆਏ ਸਨ ਤੇ ਅੱਜ ਉਹਨਾਂ ਨੇ ਉਹਨਾਂ ਦੀ ਮੌਤ ਦੀ ਖ਼ਬਰ ਸੁਣ ਲਈ।

ਦੀਵਾਨ ਦੁਰਗਾ ਮੱਲ ਤੇ ਮੁਨਸ਼ੀ ਕਲਿਆਣ ਦਾਸ ਜੀ ਬਾਬਾ ਬਕਾਲਾ ਵਿਖੇ ਦਿੱਲੀ ਵਾਪਸ ਪਰਤਣ ਤੋਂ ਪਹਿਲਾਂ ਤਿੰਨ ਦਿਨ ਉਥੇ ਰੁਕੇ।

ਭੱਟ ਵਹੀ ਤਲਾਉਂਦਾ ਪਰਗਣਾ ਜੀਂਦ 'ਚ ਕੀਤੇ ਗਏ ਇੰਦਰਾਜ਼ ਅਨੁਸਾਰ ਗੁਰੂ ਹਰਿਕ੍ਰਿਸ਼ਨ ਜੀ ਦੇ ਅਸ਼ਤੀਕਲਸ਼ ਦਿੱਲੀ ਤੋਂ ਕੀਰਤਪੁਰ ਸਾਹਿਬ ਲਿਜਾਏ ਗਏ ਤੇ ਅਸ਼ਤਾ ਨੂੰ ਸਤਲੁਜ ਨਦੀ ਦੇ ਪਾਣੀ 'ਚ ਜਲ ਪ੍ਰਵਾਹ ਕਰ ਦਿੱਤਾ ਗਿਆ ਤੇ ਇਸ ਇੰਦਰਾਜ਼ ਦੀ ਸ਼ਬਦਾਵਲੀ ਨਿਮਨ ਲਿਖਤ ਅਨੁਸਾਰ ਹੈ:-

ਸੰਗਤ ਪੁੱਤਰ ਬਿਨਾ ਉਪਲ ਜੋ ਅੰਬ ਮਾੜੀ ਪਰਗਣਾ ਮੀਆਂ ਕਾ ਮੌੜ ਦੇ ਰਹਿਣ ਵਾਲੇ, ਨੰਨੂ ਰਾਮ ਪੁੱਤਰ ਬਾਘਾ ਕੈਲੀਕੋ ਪਰਿੰਨਟਰ ਆਫ ਮੁਹੱਲਾ ਦਿਵਾਲੀ ਦਿੱਲੀ, ਜੱਗੂ ਪੁੱਤਰ ਪਦਮਾ ਜੋ ਦਬੁਰਜੀ ਪਰਗਨਾ ਸੋਧਾਰਾ ਤੇ ਦਰਿਆ ਪੁੱਤਰ ਮੂ਼ਲਾ ਅਲੀਪੁਰ ਸ਼ਾਮਲੀ ਪਰਗਨਾ ਮੁਲਤਾਨ, ਗੁਰੂ ਹਰਿਕ੍ਰਿਸ਼ਨ ਜੀ ਦੇ ਦਿੱਲੀ ਤੋਂ ਅਸ਼ਤ ਲੈ ਕੇ ਕੀਰਤਪੁਰ, ਪਰਗਨਾ ਕਹਿਲੂਰ ਭਾਦੋਂ ਦੀ ਅੱਧੀ ਰਾਤ ਉਪਰੰਤ 1721 ਬਿਕਰਮੀ ਮੁਤਾਬਕ ਦਿਨ 7 ਅਗਸਤ 1664 ਈਸਵੀ ਨੂੰ ਆਏ। ਅਸ਼ਤ ਸਤਲੁਜ ਦਰਿਆ 'ਚ ਜਲ ਪ੍ਰਵਾਹ ਕਰਨ ਉਪਰੰਤ ਕੜਾਹ ਪ੍ਰਸ਼ਾਦ ਵਰਤਾਇਆ ਗਿਆ।

# ਮਾਨਵਤਾ ਦਾ ਬਿਗਲ ਵਜਾ ਦਿਓ

ਗੁਰੂ ਰਵਿਦਾਸ ਦੇ ਪੈਰੋਕਾਰੋ, ਦੱਬੇ ਪਛੜੇ ਦਲਿਤ ਭਰਾਵੋ।
ਇਕੱਠੇ ਹੋ ਕੇ ਕੌਮ ਦੀ ਖਾਤਰ, ਇਹ ਜਾਤ ਪੰਜਾਲੀ ਲਾਹ ਦਿ ।
ਸਿਰ ਉੱਚਾ ਕਰ ਕੇ ਜਿਉਂਣਾ, ਗਲ ਸਭਨਾਂ ਨੂੰ ਸਮਝਾ ਦਿ ।
ਸਿਰ ਉੱਚਾ ਕਰ ਕੇ ਜਿਉਂਣਾ

ਜਾਤਾਂ ਪਾਤਾਂ ਨਾ ਰੱਬ ਬਣਾਈਆਂ, ਸ਼ਾਤਰ ਦਿਮਾਗ ਕਰੇ ਚਤੁਰਾਈਆਂ।
ਸਦੀਆਂ ਤੋਂ ਝੱਲ ਰਹੇ ਗੁਲਾਮੀ, ਮਾਨਵਤਾ ਦਾ ਬਿਗਲ ਵਜਾ ਦਿ
ਸਿਰ ਉੱਚਾ ਕਰ ਕੇ ਜਿਉਂਣਾ

ਹੁਨਰ ਸਿੱਖੋ ਕਰੋ ਕਮਾਈਆਂ, ਨਸ਼ਿਆਂ ਸੰਗ ਕਿਉਂ ਯਾਰੀਆਂ ਲਾਈਆਂ।
ਸੁੱਖ ਸ਼ਾਂਤੀ ਘਰ ਵਿੱਚ ਵਸੇ, ਕਰ ਬੇਗਮਪੁਰਾ ਆਬਾਦ ਦਿ ।
ਸਿਰ ਉੱਚਾ ਕਰ ਕੇ ਜਿਉਂਣਾ

ਉੱਚੀਆਂ ਕਰ ਲਉ ਵੀਰ ਪੜ੍ਹਾਈਆਂ, ਵਿੱਦਿਆ ਦੀਆਂ ਸਭ ਰੁਸ਼ਨਾਈਆਂ।
ਵਾਂਗ ਭੀਮ ਦੇ ਮੱਲਾਂ ਮਾਰੋ, ਰਲ ਕੌਮ ਦਾ ਕਰਜ਼ ਉੱਤਾਰ ਦਿ
ਸਿਰ ਉੱਚਾ ਕਰ ਕੇ ਜਿਉਂਣਾ

ਤੁਹਾਡੇ ਆਈ ਏ ਐਸ,ਸੋਚੋ ਕਿੰਨ੍ਹਾ ਪਰਨਾਏ,
ਉੱਚੇ ਅਹੁਦੇ ਸਭ, ਵਿੱਦਿਆ ਨੇ ਵਰਸਾਏ।
ਏਕ ਨੂਰ ਤੋਂ ਸਭ ਜੱਗ ਉਪਜਿਆ, ਗੁਰੂ ਨਾਨਕ ਸੱਚ ਉਚਾਰ ਗਿ ,
ਸਿਰ ਉੱਚਾ ਕਰ ਕੇ ਜਿਉਂਣਾ

ਸ਼ਬਦ ਗੁਰੂ ਨੂੰ ਮੰਨਿ ਵਸਾ , ਮਧੁਪ ਮਖ਼ੀਰਾ ਬਣ ਗੁਣ ਗਾ ।
ਸਭੈ ਸਾਂਝੀਵਾਲ (ਪ੍ਰਵਾਨੇ') ਘਰ ਘਰ ਜੋਤ ਜਗਾ ਦਿ ।
ਸਿਰ ਉੱਚਾ ਕਰ ਕੇ ਜਿਉਂਣਾ।



**-ਨਿਰੰਜਨ ਸਿੰਘ ਪਰਵਾਨਾ**

## ਹਾਇਕੂ

1) ਰਾਤ ਨੂੰ ਤੁਰੇ
ਪਹਿਣ ਕੇ ਸਾਦਗੀ
ਇਕੱਲਾ ਚੰਨ
2) ਰਾਤ ਹੋ ਗਈ
ਕਾਲੇ ਲਿਬਾਸ ਵਿਚ
ਛਿਪ ਜਾਈਏ
3) ਜੱਟ ਦੀ ਯਾਰੀ
ਕੁਦਰਤ ਨਾਲ ਹੈ
ਨਿਭਾਏ ਸਾਥ
4) ਦਾਦੀ ਰਿੰਨਦੀ
ਮੱਘਰ ਦੀ ਸ਼ਾਮ ਨੂੰ
ਸਰੋਂ ਦਾ ਸਾਗ
5) ਪਿੰਡਾਂ ਦੇ ਕੋਲ
ਬੋਹੜ ਦੀਆਂ ਛਾਂਵਾਂ
ਮੱਝਾਂ ਤੇ ਗਾਵਾਂ
6) ਨਿਭਾ ਕੇ ਸਾਥ
ਰੁੱਖ ਅਤੇ ਮਨੁੱਖ
ਬਲਦੇ ਕੱਠੇ
7)ਨਵੀਂ ਕਲੀ ਹੈ
ਰੁੱਖ ਕੋਮਲ ਤਨ
ਖਿੜੀ ਇਕੱਲੀ
8) ਅੱਗ ਲਗਾਈ
ਜਦ ਜੰਗਲ ਤਾਈਂ
ਬਣੀ ਸਵਾਹ
9) ਗਰਮ ਧੁੱਪ
ਤਨ ਵਿਚੋਂ ਨਿਕਲੇ
ਵੱਗੇ ਪਸੀਨਾ
10) ਖੇਤ ਦਾ ਧੰਦਾ
ਕੰਮ ਕਰੇ ਕਿਸਾਨ
ਆਵੇ ਪਸੀਨਾ

**- ਕਸ਼ਮੀਰੀ ਲਾਲ ਚਾਵਲਾ**
**9814814791**



# ਸ਼ਹੀਦ ਭਾਈ ਤਾਰੂ ਸਿੰਘ ਜੀ

ਬੰਦਾ ਸਿੰਘ ਬਹਾਦਰ ਨੂੰ 9 ਜੂਨ 1716 ਈ. ਸੈਂਕੜੇ ਸਾਥੀਆਂ ਸਮੇਤ ਕਤਲ ਕਰਕੇ ਦਿੱਲੀ ਦੇ ਤਖ਼ਤ'ਤੇ ਉਸ ਸਮੇਂ ਦੇ ਬਾਦਸ਼ਾਹ ਫ਼ਰਖ਼ਸੀਅਰ ਨੇ ਸਮਝ ਲਿਆ ਕਿ ਉਸ ਨੇ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਹੈ। ਦਲੇਰਿ-ਜੰਗ ਨੇ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਪੰਜ ਛੇ ਸਾਲ ਬੜੀ ਸਖ਼ਤੀ ਕੀਤੀ ਪਰ ਪਿੱਛੋਂ ਜਾ ਕੇ ਆਯਾਸ਼ੀ ਵਿੱਚ ਪੈ ਗਿਆ। ਇਸ ਨਾਲ ਸਖ਼ਤੀ ਦੇ ਦੌਰ ਵਿੱਚ ਢਿੱਲ ਆ ਗਈ। ਇਸ ਨਾਲ ਸਿੰਘ ਜੰਗਲਾਂ ਨੂੰ ਛੱਡ ਕੇ ਆਪਣੇ ਪਿੰਡਾਂ ਵਿੱਚ ਆ ਗਏ ਤੇ ਵਾਹੀ ਵਗੈਰਾ ਕੰਮ ਵਿੱਚ ਲੱਗ ਗਏ। ਇਸ ਢਿੱਲ ਕਾਰਨ ਲੁੱਟਾਂ-ਖੋਹਾਂ, ਡਾਕੇ, ਚੋਰੀਆਂ ਵਿੱਚ ਤੇਜ਼ੀ ਆ ਗਈ। ਜਦ ਇਸ ਦੀ ਖ਼ਬਰ ਦਿੱਲੀ ਪਹੁੰਚੀ ਤਾਂ ਉਸ ਨੂੰ ਲਾਹੌਰ ਤੋਂ ਮੁਲਤਾਨ ਬਦਲ ਦਿੱਤਾ ਗਿਆ ਤੇ ਉਸ ਦੇ ਪੁਤਰ ਜ਼ਕਰੀਆ ਖ਼ਾਨ ਨੂੰ ਕਸ਼ਮੀਰੋਂ ਲਾਹੌਰ ਲਿਆਂਦਾ ਗਿਆ।

ਜ਼ਕਰੀਆ ਖਾਨ ਨੇ ਗੱਦੀ ਸੰਭਾਲਦਿਆਂ ਹੀ ਸਿੱਖਾਂ ਨੂੰ ਖ਼ਤਮ ਕਰਨ ਦਾ ਮਨ ਬਣਾਇਆ। ਪਰ ਇਸ ਸਖ਼ਤੀ ਦੇ ਬਾਵਜੂਦ ਕਈ ਸਿੰਘ ਪਿੰਡਾਂ ਵਿਚ ਰਹਿੰਦੇ ਸਨ, ਜੋ ਰਾਹਗੀਰਾਂ ਨੂੰ ਲੰਗਰ ਛਕਾਉਂਦੇ ਸਨ। ਅਜਿਹੀਆਂ ਸਖ਼ਸ਼ੀਅਤਾਂ ਵਿੱਚ ਪੂਹਲਾ ਪਿੰਡ ਜੋ ਕਿ ਪਹਿਲਾਂ ਲਾਹੌਰ ਜ਼ਿਲ੍ਹੇ ਦੀ ਤਹਿਸੀਲ ਕਸੂਰ ਵਿੱਚ ਹੁੰਦਾ ਸੀ ਤੇ ਹੁਣ ਇਹ ਪਿੰਡ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਵਿੱਚ ਹੈ ਦੇ ਭਾਈ ਤਾਰੂ ਸਿੰਘ ਰਹਿੰਦੇ ਸਨ, ਜੋ ਕਿ ਛੋਟੇ ਜ਼ਿੰਮੀਦਾਰ ਸਨ। ਉਹ ਬਚਪਨ ਵਿੱਚ ਅੰਮ੍ਰਿਤਪਾਨ ਕਰਕੇ ਸਿੰਘ ਸੱਜ ਗਏ। ਉਨ੍ਹਾਂ ਦੇ ਪਿਤਾ ਭਾਈ ਜੋਧ ਸਿੰਘ ਸੂਬਾ ਸਰਹੰਦ ਦੀ ਫੌਜ ਨਾਲ ਲੜਦੇ ਹੋਏ ਮੁਕਤਸਰ ਸਾਹਿਬ ਦੀ ਲੜਾਈ ਵਿੱਚ ਸ਼ਹੀਦ ਹੋਏ ਸਨ। ਭਾਈ ਤਾਰੂ ਸਿੰਘ ਨੇ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿੱਚ ਅੰਮ੍ਰਿਤ ਛਕਿਆ ਸੀ। ਉਨ੍ਹਾਂ ਦੇ ਘਰ ਤਿੰਨ ਜੀਅ ਸਨ। ਭਾਈ ਜੀ, ਮਾਤਾ ਜੀ ਤੇ ਉਨ੍ਹਾਂ ਦੀ ਛੋਟੀ ਭੈਣ ਬੀਬੀ ਤਾਰੋ ਜਿਸ ਦਾ ਪਤੀ ਸਵਰਗਵਾਸ ਹੋ ਚੁੱਕਾ ਸੀ ਤੇ ਉਹ ਆਪਣੇ ਪੇਕੇ ਹੀ ਰਹਿੰਦੀ ਸੀ।

ਇਹ ਸਾਰਾ ਪਰਿਵਾਰ ਲੰਗਰ ਤਿਆਰ ਕਰਕੇ ਲੋੜਵੰਦਾਂ ਨੂੰ ਛਕਾਉਂਦਾ ਸੀ। ਕਈ ਰਾਹਗੀਰ ਉਨ੍ਹਾਂ ਘਰ ਰਾਤ ਠਹਿਰ ਵੀ ਜਾਂਦੇ ਸਨ। ਉਨ੍ਹਾਂ ਦੇ ਦਰਵਾਜ਼ੇ ਬਿਨਾਂ ਭਿੰਨ ਭਾਵ ਦੇ ਸਭ ਲਈ ਖੁੱਲ੍ਹੇ ਸਨ।ਪਿੰਡ ਤੋਂ ਇਲਾਵਾ ਆਸ ਪਾਸ ਦੇ ਪਿੰਡਾਂ ਵਾਲੇ ਇਸ ਗੁਰਸਿੱਖ ਪਰਿਵਾਰ ਨੂੰ ਪਿਆਰ ਕਰਦੇ ਸਨ। ਇਲਾਕੇ ਵਿੱਚ ਉਨ੍ਹਾਂ ਦਾ ਮਾਣ ਸਤਿਕਾਰ ਸੀ। ਇਹ ਪਿੰਡ ਲਾਹੌਰ ਤੋਂ ਕੋਈ 45 ਕਿਲੋਮੀਟਰ ਦੂਰ ਸੀ। ਲਾਹੌਰ ਵਿੱਚ ਜੋ ਕੁਝ ਵਾਪਰਦਾ ਸੀ ਇਸ ਦੀ ਖ਼ਬਰ ਇਸ ਪਿੰਡ ਵਿੱਚ ਵੀ ਪਹੁੰਚ ਜਾਂਦੀ ਸੀ। ਇੱਥੋਂ ਹੀ ਜੰਗਲਾਂ ਵਿੱਚ ਰਹਿੰਦੇ ਸਿੰਘਾਂ ਨੂੰ ਲਾਹੌਰ ਦੀਆਂ ਖ਼ਬਰਾਂ ਪੁੱਜ ਜਾਂਦੀਆਂ ਸਨ।




**ਡਾ. ਚਰਨਜੀਤ ਗੁਮਟਾਲਾ**
**91-94175-33060**

1740 ਈ. ਵਿੱਚ ਮੱਸੇ ਰੰਘੜ ਦਾ ਦਰਬਾਰ ਸਾਹਿਬ ਅੰਮ੍ਰਿਤਸਰ ਕਤਲ ਹੋਇਆ। ਇਸ ਸਮੇਂ ਮੁਖਬਰਾਂ ਨੇ ਸਿੱਖਾਂ ਨੂੰ ਫੜਾਉਣ ਵਿੱਚ ਕੋਈ ਕਸਰ ਨਾ ਛੱਡੀ। ਪਰ ਕਿਸੇ ਨੇ ਭਾਈ ਤਾਰੂ ਸਿੰਘ ਬਾਰੇ ਜਾਣਕਾਰੀ ਨਾ ਦਿੱਤੀ ਕਿਉਂਕਿ ਮੁਸਲਮਾਨ ਵੀ ਉਸ ਨਾਲ ਪਿਆਰ ਕਰਦੇ ਸਨ।ਸਰਕਾਰ ਦੇ ਵਫ਼ਾਦਾਰਾਂ ਵਿੱਚ ਜੰਡਿਆਲਾ ਗੁਰੂ ਦਾ ਮੁਖਬਰ ਹਰ ਭਗਤ ਨਿਰੰਜਨੀਆ ਵੀ ਸੀ ਜੋ ਕਿ ਬਹੁਤ ਨਿਰਦਈ ਸੀ ਤੇ ਸਿੱਖਾਂ ਦਾ ਕੱਟੜ ਵੈਰੀ ਸੀ। ਇਸ ਨੇ ਜ਼ਕਰੀਆ ਖਾਨ ਨਾਲੋਂ ਵੀ ਅਤਿ ਚੁੱਕੀ ਹੋਈ ਸੀ।ਇਸ ਨੇ ਜ਼ਕਰੀਆ ਖ਼ਾਨ ਪਾਸ ਲਾਹੌਰ ਜਾ ਕੇ ਭਾਈ ਤਾਰੂ ਸਿੰਘ ਵਿਰੁੱਧ ਉਸ ਦੇ ਕੰਨ ਭਰੇ ਤੇ ਦੋਸ਼ ਲਾਇਆ ਕਿ ਇਸ ਪਾਸ ਸਰਕਾਰ ਦੇ ਵਿਦਰੋਹੀ ਸਿੰਘ ਰਾਤਾਂ ਕੱਟਦੇ ਹਨ। ਇਹ ਉਨ੍ਹਾਂ ਨੂੰ ਲੰਗਰ ਖੁਆਉਂਦਾ ਹੈ।

ਸਿੰਘ ਬਾਹਰ ਇਸ ਦੇ ਖੇਤਾਂ ਵਿੱਚ ਠਹਿਰਦੇ ਹਨ। ਇਹ ਦਿਨੇ ਹਲ ਚਲਾਉਂਦਾ ਹੈ ਤੇ ਰਾਤ ਨੂੰ ਸੰਨਾਂ ਲਾਉਂਦਾ ਹੈ। ਆਪ ਮਾੜਾ ਖਾਂਦਾ ਹੈ ਪਰ ਸਿੰਘਾਂ ਨੂੰ ਵਧੀਆ ਅੰਨ ਪਾਣੀ ਛਕਾਉਂਦਾ ਹੈ ਤੇ ਕੱਪੜਾ ਲੀੜਾ ਵੀ ਦੇਂਦਾ ਹੈ। ਚੌਧਰੀ ਮੱਸੇ ਦਾ ਕਾਤਿਲ ਮਹਿਤਾਬ ਸਿੰਘ ਮੀਰਾਕੋਟ ਤੇ ਹੋਰ ਖ਼ਤਰਨਾਕ ਸਿੰਘ ਇਸ ਪਾਸ ਠਹਿਰਦੇ ਹਨ। ਇਹ ਤੁਹਾਨੂੰ ਕਤਲ ਕਰਨ ਦੀਆਂ ਵਿਉਤਾਂ ਬਣਾ ਰਹੇ ਹਨ। ਸਰਕਾਰ ਨੂੰ ਹੁਣ ਬੰਦੋਬਸਤ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਉਹ ਕੋਈ ਕਾਰਾ ਕਰੇ, ਹੁਣੇ ਹੀ ਉਸ ਨੂੰ ਫੜ੍ਹਕੇ ਮੌਤ ਦੇ ਘਾਟ ਉਤਾਰ ਦੇਣਾ ਚਾਹੀਦਾ ਹੈ। ਬਸ ਫੇਰ ਕੀ ਸੀ ਪੁਲੀਸ ਨੇ ਭਾਈ ਤਾਰੂ ਸਿੰਘ ਨੂੰ ਹੱਥਕੜੀਆਂ ਤੇ ਬੇੜੀਆਂ ਪਾ ਕੇ ਲਾਹੌਰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਤੇ ਆਪਣੀ ਜਾਨ ਬਚਾਉਣ ਲਈ ਇਸਲਾਮ ਕਬੂਲ ਕਰ ਲੈਣ ਲਈ ਕਿਹਾ। ਭਾਈ ਸਾਹਿਬ ਨੇ ਜੁਆਬ ਦਿੱਤਾ ਕਿ ਮੁਸਲਮਾਨ ਬਣ ਕੇ ਵੀ ਤਾਂ ਆਖ਼ਰ ਮਰਨਾ ਹੈ। ਇਹ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇਗੀ। ਜੋ ਜੀਅ ਆਵੇ ਤੂੰ ਉਸੇ ਤਰ੍ਹਾਂ ਕਰ ਲੈ। ਮੈਂ ਤੈਥੋਂ ਰਹਿਮ ਦੀ ਭੀਖ ਨਹੀਂ ਮੰਗਣੀ। ਭਾਈ ਤਾਰੂ ਸਿੰਘ ਨੂੰ ਜ਼ਲਾਦਾਂ ਪਾਸੋਂ ਪਹਿਲਾਂ ਚਰਖੀ ਚੜਾਇਆ ਗਿਆ। ਫਿਰ ਮੋਚੀ ਪਾਸੋਂ ਭਾਈ ਜੀ ਦੀ ਖੋਪਰੀ ਲੁਹਾਈ ਗਈ। ਕਚਹਿਰੀ ਦੇ ਦੁਆਲੇ ਡੂੰਘੀ ਖਾਈ ਸੀ, ਜਿੱਥੇ ਭਾਈ ਤਾਰੂ ਸਿੰਘ ਨੂੰ ਨੀਮ ਮੁਰਦਾ ਹਾਲਤ ਵਿੱਚ ਸੁਟਿਆ ਗਿਆ।

ਸਾਰੇ ਸ਼ਹਿਰ ਵਿੱਚ ਤੇ ਪਿੰਡਾਂ ਵਿੱਚ ਇਹ ਖ਼ਬਰ ਅੱਗ ਵਾਂਗ ਫੈਲ ਗਈ ਕਿ ਖਾਨ ਬਹਾਦਰ ਨੇ ਭਾਈ ਤਾਰੂ ਸਿੰਘ ਦੀ ਖੋਪਰੀ ਉਤਰਵਾ ਦਿੱਤੀ ਹੈ ਤੇ ਉਹ ਅਜੇ ਜੀਉਂਦਾ ਹੈ ਤੇ ਬਾਹਰ ਖਾਈ ਵਿੱਚ ਪਿਆ ਹੈ। ਇਹ ਦੁਖਦਾਈ ਖ਼ਬਰ ਜਦੋਂ ਲਾਹੌਰ ਵਿੱਚ ਰਹਿੰਦੇ ਰਾਮਗੜ੍ਹੀਆਂ ਨੂੰ ਮਿਲੀ ਤਾਂ ਉਹ ਜਰ ਨਾ ਸਕੇ। ਕਿਸੇ ਵਸੀਲੇ ਰਾਹੀਂ ਸਰਕਾਰੀ ਆਗਿਆ ਲੈ ਕੇ ਉਹ ਭਾਈ ਜੀ ਨੂੰ ਇੱਕ ਧਰਮਸ਼ਾਲਾ ਵਿੱਚ ਲੈ ਗਏ। ਜ਼ਕਰੀਆ ਖਾਨ ਦੇ ਡਰੋਂ ਕੋਈ ਵੀ ਹਕੀਮ ਜਾਂ ਡਾਕਟਰ ਇਲਾਜ਼ ਕਰਨ ਲਈ ਨਾ ਮੰਨਿਆ। ਉਨ੍ਹਾਂ ਨੇ ਕੋਈ ਚਾਰਾ ਨਾ ਚੱਲਦਾ ਵੇਖ ਕੇ ਨਿੰਮ ਦੇ ਗਰਮ ਪਾਣੀ ਨਾਲ ਪਹਿਲਾ ਸਾਰੇ ਸਿਰ ਜੋ ਕਿ ਇੱਕ ਵੱਡੇ ਜ਼ਖ਼ਮ ਵਾਂਗ ਬਣ ਚੁੱਕਿਆ ਸੀ, ਨੂੰ ਧੋਤਾ ਤੇ ਫਿਰ ਕੜਾਹ ਬਣਾ ਕੇ ਕੋਸਾ ਕੋਸਾ ਭਾਈ ਜੀ ਦੇ ਸਿਰ 'ਤੇ ਬੰਨ੍ਹਣਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਪਹਿਲਾਂ ਭਾਈ ਸਾਹਿਬ ਹੋਸ਼ ਵਿੱਚ ਆਏ ਤੇ ਫਿਰ ਕਾਇਮ ਹੋਣ ਲੱਗੇ।



ਰੱਬ ਦੀ ਕਰਨੀ ਵੇਖੋ! ਉਸੇ ਰਾਤ ਜ਼ਕਰੀਆ ਖਾਨ ਨੂੰ ਪੇਸ਼ਾਬ ਦਾ ਬੰਨ ਪੈ ਗਿਆ। ਉਸ ਨੂੰ ਬੜੀ ਤਕਲੀਫ ਹੋਣ ਲੱਗੀ। ਹਕੀਮ ਸੱਦੇ ਗਏ। ਜਦ ਕੋਈ ਫ਼ਰਕ ਨਾ ਪਿਆ ਤਾਂ ਮੌਲਵੀ ਮਲਾਣੇ, ਪੀਰ ਫਕੀਰ ਬੁਲਾਏ ਗਏ। ਤਵੀਤ ਬਣਾ ਕੇ ਗੱਲ ਪਾਏ ਗਏ। ਪਰ ਫਿਰ ਵੀ ਉਸ ਦੀ ਤਕਲੀਫ਼ ਵੱਧਦੀ ਜਾਵੇ। ਉਸ ਦੀਆਂ ਹਾਏ ਹਾਏ ਦੀਆਂ ਆਵਾਜ਼ਾਂ ਦੂਰ ਤੀਕ ਸੁਣਾਈ ਦੇਣ ਲੱਗੀਆਂ। ਸਭ ਕਹਿਣ ਲੱਗੇ ਕਿ ਉਸ ਨੇ ਰੱਬ ਦੇ ਪਿਆਰੇ ਨਾਲ ਘੋਰ ਅਪਰਾਧ ਕੀਤਾ ਹੈ। ਜ਼ੁਲਮ ਵਾਲੀ ਅੱਤ ਕਰ ਦਿੱਤੀ ਹੈ। ਅਖ਼ੀਰ ਇੱਕ ਪ੍ਰਸਿੱਧ ਸਿੱਖ ਭਾਈ ਸੁਬੇਗ ਸਿੰਘ ਨੂੰ ਧਰਮਸ਼ਾਲਾ ਭੇਜਿਆ ਗਿਆ ਜਿੱਥੇ ਰਾਮਗੜ੍ਹੀਏ ਭਾਈ ਤਾਰੂ ਸਿੰਘ ਦਾ ਇਲਾਜ਼ ਕਰ ਰਹੇ ਸਨ। ਜਦ ਉਹ ਭਾਈ ਤਾਰੂ ਸਿੰਘ ਪਾਸ ਗਏ ਤਾਂ ਉਨ੍ਹਾਂ ਕਿਹਾ ਕਿ ਹੁਣ ਖ਼ਾਲਸਾ ਹੀ ਬਖਸ਼ ਸਕਦਾ ਹੈ। ਭਾਈ ਸੁਬੇਗ ਸਿੰਘ ਸਿੱਧੇ ਜੰਗਲ ਨੂੰ ਗਏ ਜਿੱਥੇ ਖ਼ਾਲਸਾ ਜੀ ਦਾ ਵੱਡਾ ਜਥਾ ਸ. ਕਪੂਰ ਸਿੰਘ ਦੀ ਅਗਵਾਈ ਵਿੱਚ ਡੇਰੇ ਲਾਈ ਬੈਠਾ ਸੀ। ਸ. ਕਪੂਰ ਸਿੰਘ ਤੇ ਕੁਝ ਬਜ਼ੁਰਗ ਸਿੰਘਾਂ ਨੇ ਕਿਹਾ ਪਿਸ਼ਾਬ ਦਾ ਬੰਨ ਟੁੱਟ ਸਕਦਾ ਹੈ ਜੇ ਭਾਈ ਸਾਹਿਬ ਦੀਆਂ ਜੁਤੀਆਂ ਖੜ੍ਹ ਕੇ ਸੂਬੇ ਦੇ ਸਿਰ ਵਿੱਚ ਮਾਰੀਆਂ ਜਾਣ। ਇਸ ਦੇ ਨਾਲ ਹੀ ਸ਼ਹੀਦ ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕੀਤਾ ਜਾਵੇ। ਬੰਦੀ ਸਿੰਘ ਛੱਡੇ ਜਾਣ, ਚਰਖੜੀਆਂ ਪਟਵਾਈਆਂ ਜਾਣ ਤੇ ਅੱਗੇ ਤੋਂ ਸਿੰਘਾਂ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ।

ਇੰਝ ਹੀ ਕੀਤਾ ਗਿਆ। ਭਾਈ ਸਾਹਿਬ ਦੀ ਜੁਤੀ ਖੜ੍ਹਕੇ ਜ਼ਕਰੀਆ ਖਾਨ ਦੇ ਸਿਰ ਮਾਰੀ ਗਈ, ਜਿਸ ਨਾਲ ਪਿਸ਼ਾਬ ਦਾ ਬੰਨ ਟੁੱਟ ਗਿਆ। ਸਭ ਪਾਸੇ ਖੁਸ਼ੀਆਂ ਮਨਾਈਆਂ ਜਾਣ ਲੱਗੀਆਂ। ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕਰਵਾਏ ਗਏ। ਚਰਖੜੀਆਂ ਪੁਟਵਾਈਆਂ ਗਈਆਂ ਤੇ ਨਵਾਬ ਨੇ ਸਿੰਘਾਂ ਦੀਆਂ ਗ੍ਰਿਫਤਾਰੀਆਂ ਬੰਦ ਕਰਨ ਦਾ ਐਲਾਨ ਕੀਤਾ ਤੇ ਬੰਦੀ ਸਿੰਘ ਛੱਡੇ ਗਏ। ਜ਼ਕਰੀਆ ਖ਼ਾਨ ਦੇ ਜਦ ਪਿਸ਼ਾਬ ਦਾ ਬੰਨ ਲੱਗਦਾ ਤਾਂ ਜੁਤੀ ਖਾਣ ਨਾਲ ਟੁੱਟ ਜਾਂਦਾ। ਛਿੱਤਰ ਵਜਦੇ ਵੀ ਸਿਰ ਵਿੱਚ। ਏਸ ਤਰਾਂ 4 ਦਿਨ ਛਿੱਤਰ ਖਾਂਦਾ ਹੋਇਆ ਉਹ ਰੱਬ ਨੂੰ ਪਿਆਰਾ ਹੋ ਗਿਆ। ਜਦ ਭਾਈ ਤਾਰੂ ਸਿੰਘ ਨੂੰ ਪਤਾ ਲੱਗਾ ਤਾਂ ਉਨ੍ਹਾਂ ਕਿਹਾ ਕਿ ਮੇਰਾ ਸਮਾਂ ਵੀ ਹੁਣ ਆਣ ਪੁੱਜਾ ਹੈ। ਸਾਡਾ ਕੰਮ ਨਵਾਬ ਨੂੰ ਜੁਤੀਆਂ ਮਾਰ ਕੇ ਅੱਗੇ ਲਾਉਣਾ ਸੀ। ਉਹ ਪੂਰਾ ਹੋ ਗਿਆ।

ਹੁਣ ਅਸੀਂ ਵੀ ਚਾਲੇ ਪਾਉਂਦੇ ਹਾਂ। ਇਸ ਤਰ੍ਹਾਂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਂਦੇ ਹੋਏ ਭਾਈ ਤਾਰੂ ਸਿੰਘ ਦਿਨ ਸੋਮਵਾਰ ਪਹਿਲੀ ਸਾਵਣ ਸੰਮਤ 1802 ਬਿਕਰਮੀ ਮੁਤਾਬਕ ਪਹਿਲੀ ਜੁਲਾਈ ਸੰਨ 1745 ਈ. ਨੂੰ ਸ਼ਹੀਦੀ ਪਾ ਗਏ। ਉਨ੍ਹਾਂ ਦਾ ਸ਼ਹੀਦ ਗੰਜ ਲਾਹੌਰ ਰੇਲਵੇ ਸਟੇਸ਼ਨ ਦੇ ਕੋਲ ਲੰਡਾ ਬਜ਼ਾਰ ਵਿੱਚ ਸ਼ਹੀਦ ਗੰਜ ਸਿੰਘਣੀਆਂ ਦੇ ਲਾਗੇ ਹੀ ਹੈ ਜੋ ਕਿ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖ ਰਿਹਾ ਹੈ। ਅੱਜ ਭਾਈ ਸਾਹਿਬ ਦਾ ਸ਼ਹੀਦੀ ਦਿਹਾੜਾ ਸਾਰੇ ਸੰਸਾਰ ਵਿਚ ਬੜੀ ਸ਼ਰਧਾ ਮਨਾਇਆ ਜਾ ਰਿਹਾ ਹੈ।

# ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਸਿਵਲ ਲਾਈਨਜ਼, ਲੁਧਿਆਣਾ ਦੀ ਵਿਦਿਆਰਥਣ ਸ਼ਾਕਸ਼ੀ ਗਰਗ ਨੇ ਪੰਜਾਬ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ

ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਸਿਵਲ ਲਾਈਨਜ਼, ਲੁਧਿਆਣਾ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ B.COM III ਦੀ ਵਿਦਿਆਰਥਣ, ਸ਼ਾਕਸ਼ੀ ਗਰਗ ਨੇ ਮਈ 2025 ਵਿੱਚ ਹੋਈਆਂ ਪੰਜਾਬ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ।

ਡਾ. ਐਸ.ਪੀ. ਸਿੰਘ, ਸਾਬਕਾ ਵਾਈਸ-ਚਾਂਸਲਰ, ਜੀ.ਐਨ.ਡੀ.ਯੂ, ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਅਤੇ ਕੌਂਸਲ ਦੇ ਆਨਰੇਰੀ ਜਨਰਲ ਸਕੱਤਰ ਸ. ਹਰਸ਼ਰਨ ਸਿੰਘ ਨਰੂਲਾ ਨੇ ਕਾਲਜ ਪ੍ਰਿੰਸੀਪਲ, ਡਾ. ਅਰਵਿੰਦਰ ਸਿੰਘ ਭੱਲਾ ਅਤੇ ਪੀਜੀ ਵਿਭਾਗ ਆਫ਼ ਕਾਮਰਸ ਦੇ ਸਟਾਫ਼ ਨੂੰ ਵਧਾਈ ਦਿੱਤੀ ਅਤੇ ਫੈਕਲਟੀ ਮੈਂਬਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਪੀਜੀ ਵਿਭਾਗ ਆਫ਼ ਕਾਮਰਸ ਦੇ ਮੁਖੀ ਡਾ. ਦੀਪਕ ਵਾਲੀਆ ਦੀ ਸ਼ਲਾਘਾ ਕੀਤੀ। ਸਾਰਿਆਂ ਨੇ ਵਿਦਿਆਰਥਣ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਉਚਾਈਆਂ ਛੂਹਣ ਲਈ ਉਸਦੀ ਕਿਸਮਤ ਦੀ ਕਾਮਨਾ ਕੀਤੀ।

**- ਡਾ. ਅਰਵਿੰਦਰ ਸਿੰਘ ਭੱਲਾ 94630-62603**



# ਮਾਵਾਂ ਦੀ ਕਦਰ ਘਟਾਇਓ ਨਾ

ਜ਼ਿੰਦਗੀ 'ਚ ਮਾਂਵਾਂ ਦੀ ਕਦਰ ਘਟਾਇ ਨਾ
ਐਸ਼ਾਂ ਵਿੱਚ ਡੁੱਬ ਕੇ ਰੱਬ ਨੂੰ ਰੁਸਾਇ ਨਾ...

ਰੱਬ ਦਾ ਹੀ ਰੂਪ ਹੁੰਦੀਆਂ ਇਹ ਮਾਵਾਂ ਨੇ
ਅਸੀਸਾਂ ਨਾਲ ਕਰਦੀਆਂ ਹਰ ਪਲ ਛਾਵਾਂ ਨੇ
ਚਾਂਦੀ ਰੰਗੇ ਨਾਤਿਆਂ ਤੇ ਤੁਸੀਂ ਡੁੱਲ੍ਹ ਜਾਇ ਨਾ...

ਦੁਨੀਆਂ ਦੇ ਰਸ ਰੰਗ ਮਾਂਵਾਂ ਨੇ ਦਿਖਾਏ ਨੇ
ਕੀਮਤੀ ਜੋ ਗੁਣ ਸਾਰੇ ਮਾਂਵਾਂ ਸਮਝਾਏ ਨੇ
ਦਿੱਤੀਆਂ ਨਸੀਹਤਾਂ ਨੂੰ ਕਦੀ ਭੁੱਲ ਜਾਇ ਨਾ...

ਹਿੰਮਤਾਂ ਦੇ ਨਾਲ ਉਚੇ ਰੁਤਬੇ ਪੁਚਾਇਆ ਏ
ਮੰਗੀਆਂ ਨੇ ਖੈਰਾਂ ਦੁੱਖ ਨਾ ਸੁਖਾਇਆ ਏ
ਮਾਂ ਅਤੇ ਬਾਪ ਕਦੀ ਭੁੱਲਕੇ ਰੁਲਾਇ ਨਾ...

ਚਾਚੇ ਤਾਏ, ਭੈਣ ਭਾਈ ਮਾਵਾਂ ਨਾਲ ਸੋਹੰਦੇ ਨੇ
ਰਿਸ਼ਤੇ ਤੇ ਨਾਤੇ ਫਿਰ ਰੱਜ ਰੱਜ ਮੋਹਦੇ ਨੇ
ਮਾਂ ਕੋਲੋਂ ਬਾਪ ਨੂੰ ਦੂਰ ਲੈਜਾਇ ਨਾ...

ਮਾਵਾਂ ਨਾਲ 'ਮਾਨ' ਇਹ ਵਸਦਾ ਜਹਾਨ ਏ
ਖੁਸ਼ ਜਿਹੜਾ ਰੱਖਦਾ ਬਣਦਾ ਮਹਾਨ ਏ
ਲੁਟਾ ਕੇ ਖਜ਼ਾਨਾ ਫਿਰ ਪਿੱਛੋਂ ਪਛਤਾਇ ਨਾ...

**- ਬਲਜਿੰਦਰ ਮਾਨ**
**98150-18947**



## ਰੱਖੜੀ ਦੇ ਤਿਉਹਾਰ 'ਤੇ ਮੌਕੇ ਵਿਸ਼ੇਸ਼

# ਧੀਆਂ ਧਿਆਣੀਆਂ



ਡਾ. ਇਕਬਾਲ ਸਿੰਘ ਸਕਰੌਦੀ 8427685020

ਰਣਜੀਤ ਨੇ ਫ਼ੋਨ ਬੰਦ ਕੀਤਾ। ਤੇ ਬਹੁਤ ਹੀ ਖ਼ੁਸ਼ੀ ਅਤੇ ਹੁਲਾਸ ਭਰੇ ਲਹਿਜ਼ੇ ਵਿੱਚ ਆਪਣੀ ਸੱਸ ਨੂੰ ਕਿਹਾ, "ਮਾਂ ਜੀ, ਕੱਲ੍ਹ ਨੂੰ ਰੱਖੜੀ ਦੇ ਤਿਉਹਾਰ 'ਤੇ ਮੇਰੇ ਭਾਅ ਜੀ ਅਤੇ ਵੱਡੇ ਭੈਣ ਜੀ ਆ ਰਹੇ ਨੇ। ਮੈਂ ਖਾਣ ਪੀਣ ਦਾ ਸਮਾਨ ਤਾਂ ਘਰ ਵਿੱਚ ਹੀ ਤਿਆਰ ਕਰ ਲੈਣੈ। ਪਰੰਤੂ ਭੈਣ ਜੀ ਦੇ ਪਸੰਦ ਦੇ ਦੋ ਵਧੀਆ ਜਿਹੇ ਸੂਟ ਅਸੀਂ ਦੋਵੇਂ ਜੀਅ ਬਜ਼ਾਰ ਜਾ ਕੇ ਲੈ ਆਉਨੇ ਆਂ।"

ਬਚਨ ਕੌਰ ਨੂੰ ਲੱਗਿਆ ਕਿ ਨੂੰਹ ਦੀ ਵੱਡੀ ਭੈਣ ਅਤੇ ਉਹਦਾ ਜੀਜਾ ਆ ਰਹੇ ਨੇ। ਉਹ ਇੱਕਦਮ ਅੱਗ ਦੇ ਭਮੂਕੇ ਵਾਂਗੂੰ ਭੜਕਦਿਆਂ ਹੋਇਆਂ ਬੋਲੀ, "ਲੈ, ਉਹਨਾਂ ਨੇ ਏਥੇ ਆ ਕੇ ਕੀ ਟਿੰਡੀਆਂ ਲੈਣੀਐਂ। ਜੀਹਦਾ ਜੀਅ ਕਰਦੈ, ਮੂੰਹ ਚੱਕੀ ਤੁਰਿਆ ਆਉਂਦੈ ਏਧਰ ਨੂੰ। ਸੁੱਖੀ ਸਾਂਦੀ ਤਿਉਹਾਰ ਵਾਲ਼ੇ ਦਿਨ ਵੀ ਕੋਈ ਕਿਸੇ ਦੇ ਘਰ ਜਾਂਦਾ ਹੁੰਦੈ?"

ਸੱਸ ਤੋਂ ਸੋਹਲੇ ਸੁਣ ਕੇ ਨੂੰਹ ਨੂੰ ਇੱਕਦਮ ਸਮਝ ਆ ਗਈ ਸੀ ਕਿ ਉਹਦੀ ਸੱਸ ਮਾਂ ਤਾਂ ਇਹ ਸਮਝ ਬੈਠੇ ਐ ਕਿ ਨੂੰਹ ਦੀ ਵੱਡੀ ਭੈਣ ਅਤੇ ਜੀਜਾ ਆ ਰਹੇ ਨੇ। ਪਹਿਲਾਂ ਤਾਂ ਉਸ ਦੇ ਮਨ ਵਿੱਚ ਆਇਆ ਕਿ ਆਪਣੀ ਸੱਸ ਨੂੰ ਸਾਫ਼-ਸਾਫ਼ ਦੱਸ ਦੇਵੇ ਕਿ ਮਾਂ ਮੁਹਾਲੀ ਵਿਆਹੀ ਤੁਹਾਡੀ ਧੀ ਤੁਹਾਡੇ ਪੁੱਤ ਨੂੰ ਰੱਖੜੀ ਬੰਨ੍ਹਣ ਆ ਰਹੀ ਹੈ। ਪਰੰਤੂ ਇੱਕਦਮ ਕੁਝ ਸੋਚ ਕੇ ਉਹ ਆਪਣੇ ਮਨ ਹੀ ਮਨ ਵਿੱਚ ਮੁਸਕੁਰਾਈ। ਉਸ ਨੇ ਕੁਝ ਸਮੇਂ ਲਈ ਸ਼ੁਗਲ ਕਰਨ ਦੀ ਠਾਣ ਲਈ ਸੀ। ਉਸ ਨੇ ਆਪਣੀ ਸੱਸ ਨੂੰ ਸੁਣਾਉਣ ਦੇ ਬਹਾਨੇ ਆਪਣੇ ਘਰਵਾਲ਼ੇ ਨੂੰ ਫ਼ੋਨ ਮਿਲਾਉਂਦਿਆਂ ਹੋਇਆਂ ਉੱਚੀ ਅਵਾਜ਼ ਵਿੱਚ ਆਖਿਆ, "ਹਾਂ ਜੀ, ਸਰਦਾਰਾ ਸਿੰਘ ਜੀ, ਹੁਣੇ-ਹੁਣੇ ਵੱਡੇ ਭੈਣ ਜੀ ਦਾ ਫ਼ੋਨ ਆਇਆ ਸੀ। ਉਹ ਕੱਲ੍ਹ ਸਵੇਰੇ ਹੀ ਆਪਣੇ ਕੋਲ ਆ ਰਹੇ ਆ। ਤੁਸੀਂ ਕਾਹਲੀ ਨਾਲ਼ ਕ੍ਰਿਸ਼ਨ ਦੀ ਡੈਰੀ ਤੋਂ ਸੱਤ ਲੀਟਰ ਦੁੱਧ ਲਿਆ ਦਿਉ। ਭੈਣ ਜੀ ਨੂੰ ਇੱਕ ਤਾਂ ਠੰਢੀ ਖੀਰ ਬਹੁਤ ਪਸੰਦ ਆ। ਨਾਲ਼ ਹੀ ਮੈਂ ਆਈਸ ਕਰੀਮ ਤਿਆਰ ਕਰਕੇ ਰੈਫਰੀਜਰੇਟਰ ਵਿੱਚ ਲਾ ਦਿਆਂਗੀ। ਤੁਸੀਂ ਬਹੁਤੀ ਦੇਰ ਨਾ ਕਰਿ ਹੁਣ। ਸੱਤ ਕੁ ਵਜੇ ਫ਼ਿਰ ਆਪਾਂ ਭੈਣ ਜੀ ਲਈ ਸੋਹਣੇ-ਸੋਹਣੇ ਦੋ ਸੂਟ ਵੀ ਲੈ ਕੇ ਆਉਨੇ ਐਂ।"

ਜਿਉਂ ਹੀ ਉਸ ਨੇ ਫ਼ੋਨ ਬੰਦ ਕੀਤਾ ਤਾਂ ਸੱਸ ਨੇ ਨੂੰਹ ਵੱਲ ਤਿਰਛਾ ਜਿਹਾ ਵੇਂਹਦਿਆਂ ਇੱਕ ਲੰਮੀਂ ਹੂੰਘਰ ਮਾਰੀ, "ਹੂੰ.. ਊਂ.. ਕਰ ਲੈ ਬਹੂ ਤੂੰ ਆਪਣੇ ਮਨ ਦੀਆਂ। ਸਿੱਧਾ ਸਾਦਾ ਘਰ ਆਲ਼ਾ ਜੋ ਟੱਕਰਿਐ ਤੈਨੂੰ। ਤੂੰ ਜੇ ਦਿਨ ਨੂੰ ਰਾਤ ਕਹਿਨੀਂ ਐਂ ਤਾਂ ਉਹ ਵਿਚਾਰਾ ਰਾਤ ਕਹਿ ਦਿੰਦੈ। ਪਤਾ ਨੀਂ ਭਾਈ, ਕੀ ਸਿਰ 'ਚ ਘੋਲ਼ ਕੇ ਪਾਇਐ ਤੂੰ?"

ਸੱਸ ਦੀਆਂ ਕਰਾਰੀਆਂ ਜਿਹੀਆਂ ਸੁਣ ਕੇ ਉਹ ਮੁਸਕੁਰਾਈ। ਤੇ ਰਸੋਈ ਵਿੱਚ ਚਲੀ ਗਈ। ਦੋ ਕੁ ਮਿੰਟ ਬਾਅਦ ਇੱਕ ਥਾਲ਼ ਵਿੱਚ ਚੌਲ਼ ਪਾ ਕੇ ਇੱਕ ਗੀਤ ਦੇ ਬੋਲ, 'ਕੋਠੇ 'ਤੇ ਕਾਂ ਬੋਲੇ, ਚਿੱਠੀ ਮੇਰੇ ਮਾਹੀਏ ਦੀ, ਵਿੱਚ ਮੇਰਾ ਨਾਂ ਬੋਲੇ', ਗੁਣਗੁਣਾਉਂਦੀ ਹੋਈ ਸੱਸ ਕੋਲੇ ਆ ਗਈ। ਚੌਲਾਂ ਵਾਲ਼ਾ ਥਾਲ਼ ਸੱਸ ਅੱਗੇ ਕਰਕੇ ਕਹਿੰਦੀ, "ਮਾਂ ਜੀ, ਦੇਖਿ ਭਲਾਂ, ਖੀਰ ਲਈ ਇੰਨੇਂ ਕੁ ਚੌਲ਼ ਠੀਕ ਰਹਿਣਗੇ?"

ਸੱਸ ਵੀ ਸਭ ਸਮਝਦੀ ਸੀ। ਉਹਨੂੰ ਪਤਾ ਸੀ ਕਿ ਉਹਦੀ ਨੂੰਹ ਜਾਣ ਬੁੱਝ ਕੇ ਉਸ ਨੂੰ ਤੰਗ ਪ੍ਰੇਸ਼ਾਨ ਕਰਦੀ ਐ। ਗੁੱਸਾ ਤਾਂ ਉਹਨੂੰ ਪਹਿਲਾਂ ਹੀ ਵਥੇਰਾ ਚੜ੍ਹਿਆ ਹੋਇਆ ਸੀ। ਉਹ ਤਾਂ ਪਹਿਲਾਂ ਹੀ ਪੂਰੀ ਤਪੀ ਪਈ ਸੀ। ਉਹ ਹੋਰ ਦੁਖੀ ਹੋ ਕੇ ਬੋਲੀ, "ਬੱਸ-ਬੱਸ, ਰਹਿਣ ਦੇ ਏਹ ਖੇਖਣ। ਸਭ ਜਾਣਦੀ ਆਂ ਮੈਂ ਤੈਨੂੰ ਵੱਡੀ ਚਲਾਕੋ ਨੂੰ। ਆਉਣ ਆਲ਼ਾ ਈ ਐ, ਜੀਹਨੂੰ ਹੁਣੇ ਫੂਨ ਖੜਕਾਇਐ। ਸੇ ਨੂੰ ਪੁੱਛ ਲੀਂ। ਅੱਗੇ ਵੀ ਤਾਂ ਦੋਏ ਜੀਅ ਰਸੋਈ 'ਚ ਵੜ੍ਹ ਕੇ ਪਤਾ ਨੀਂ ਕੇਹੜੇ ਗੁਰਮਤੇ ਪੜ੍ਹਦੇ ਰਹਿਨੇਂ ?" ਉਸ ਨੇ ਮਸਾਂ-ਮਸਾਂ ਆਪਣੇ ਹਾਸੇ ਨੂੰ ਅੰਦਰ ਹੀ ਅੰਦਰ ਰੋਕਿਆ। ਉਸ ਨੇ ਸੱਸ ਦੀਆਂ ਗੱਲਾਂ ਸੁਣ ਕੇ ਅੱਖਾਂ ਵਿੱਚ ਹੀ ਹੱਸਦਿਆਂ ਕਿਹਾ, "ਮਾਂ ਜੀ, ਉਹ ਤਾਂ ਸਰਦਾਰਾ ਸਿੰਘ ਜੀ। ਨਾ ਸੱਚ ਥੋਡੇ ਪੁੱਤ ਜੀ, ਗਰਮ-ਗਰਮ ਰੋਟੀ ਖਾ ਕੇ ਬਲਾਈਂ ਖ਼ੁਸ਼ ਹੁੰਦੇ ਐ। ਮੈਨੂੰ ਵੀ ਬੜਾ ਚੰਗਾ ਲੱਗਦੈ, ਜਦੋਂ ਉਹ ਕੋਲ ਬੈਹ ਕੇ ਰੋਟੀ ਖਾਂਦੇ ਐ। ਬੱਸ ਏਸੇ ਕਰਕੇ ਉਹ ਰਸੋਈ ਵਿੱਚ ਮੇਰੇ ਕੋਲ ਬਹਿ ਕੇ ਗਰਮ-ਗਰਮ ਰੋਟੀ ਖਾ ਲੈਂਦੇ ਐ।"

ਉਸੇ ਵੇਲੇ ਸਰਦਾਰਾ ਸਿੰਘ ਦੁੱਧ ਦੀ ਢੋਲੀ ਲੈ ਕੇ ਅੰਦਰ ਵੜਿਆ। ਵਹੁਟੀ ਨੂੰ ਦੁੱਧ ਦੀ ਢੋਲੀ ਫ਼ੜਾਈ। ਫ਼ਿਰ ਮਾਂ ਨੂੰ ਪੁੱਛਿਆ, "ਮਾਂ ਜੀ! ਕੀ ਗੱਲ ਐ? ਤੁਹਾਡਾ ਚਿੱਤ ਤਾਂ ਰਾਜ਼ੀ ਐ? ਤੁਹਾਡਾ ਤਾਂ ਚਿਹਰਾ ਈ ਉੱਤਰਿਆ ਪਿਐ!"

"ਭਾਈ, ਸਾਡੇ ਉੱਤਰੇ ਚੜ੍ਹੇ ਚਿਹਰੇ ਦੀ ਕੀਹਨੂੰ ਪ੍ਰਵਾਹ ਐ? ਬਹੂ ਨੇ ਤੈਨੂੰ ਮੁੱਠੀ 'ਚ ਕੀਤਾ ਹੋਇਐ। ਤਿੰਨ ਕਰੇ, ਤੇਰ੍ਹਾਂ ਕਰੇ! ਤੂੰ ਕਦੇ ਟੋਕਿਐ ਉਹਨੂੰ?" ਭਰੀ ਪੀਤੀ ਮਾਂ ਨੇ ਸਾਰਾ ਗੁੱਭ ਗੁਭਾਟ ਕੱਢ ਦਿੱਤਾ।

ਉਸ ਨੇ ਮਾਂ ਨੂੰ ਗਲ਼ੇ ਲਾਉਂਦਿਆਂ ਹੋਇਆਂ ਕਿਹਾ, " ਹ ਹੋ! ਮਾਂ ਜੀ! ਤੁਸੀਂ ਵੀ ਪਤਾ ਨੀਂ ਕਦੇ-ਕਦੇ ਕਿਹੜੀਆਂ ਗੱਲਾਂ ਲੈ ਬਹਿੰਦੇ । ਤੁਹਾਡੀ ਨੂੰਹ ਤਾਂ ਸਾਰਾ ਦਿਨ 'ਮੇਰੇ ਮਾਂ ਜੀ, ਮੇਰੇ ਮਾਂ ਜੀ' ਕਰਦੀ ਰਹਿੰਦੀ ਐ। ਮੁਹਾਲੀ ਤੋਂ ਵੱਡੇ ਭੈਣ ਜੀ ਅਤੇ ਜੀਜਾ ਜੀ ਦੇ ਆਉਣ 'ਤੇ ਉਹਨੂੰ ਚਾਅ ਚੜ੍ਹ ਜਾਂਦੈ। ਹੋਰ ਦੱਸੋ, ਕੀ ਚਾਹੀਦੈ ਆਪਾਂ ਨੂੰ? ਚਲੋ, ਏਦਾਂ ਕਰਦਾਂ, ਨਾਲ਼ੇ ਥੋਡਾ ਚਿੱਤ ਰਾਜ਼ੀ ਹੋ ਜੂਗਾ।

ਮੈਂ ਥੋਡੀ ਵੱਡੇ ਭੈਣ ਜੀ ਨਾਲ਼ ਫ਼ੋਨ 'ਤੇ ਗੱਲ ਕਰਵਾਉਂਦਾ ਹਾਂ।" ਇੰਨੀਂ ਗੱਲ ਕਹਿ ਕੇ ਉਸ ਨੇ ਮੁਹਾਲੀ ਰਹਿੰਦੀ ਵੱਡੀ ਭੈਣ ਇੰਦਰਪ੍ਰੀਤ ਨੂੰ ਫ਼ੋਨ ਲਾ ਲਿਆ। ਜਿਉਂ ਹੀ ਭੈਣ ਨੇ "ਹੈਲੋ" ਕਿਹਾ ਤਾਂ ਉਸ ਨੇ ਭੈਣ ਨੂੰ ਸਤਿਕਾਰ ਦਿੰਦਿਆਂ ਕਿਹਾ, "ਪੈਰੀਂ ਪੈਨਾਂ ਭੈਣ। ਹੋਰ ਸੁਣਾ ! ਜੀਜਾ ਜੀ ਅਤੇ ਮੇਰੇ ਭਾਣਜੇ ਭਾਣਜੀ ਦਾ ਕੀ ਹਾਲ ਐ?"

"ਬੱਸ ਵੀਰ, ਗੁਰੂ ਦੀ ਕਿਰਪਾ ਨਾਲ਼ ਸਭ ਰਾਜ਼ੀ ਖ਼ੁਸ਼ੀ ਆਂ। ਹੋਰ ਮੇਰੀ ਭਾਬੋ ਰਾਣੀ ਕੀ ਕਰੀ ਜਾਂਦੀ ਐ? ਮਾਂ ਦੀ ਸਿਹਤ ਕਿਵੇਂ ਐਂ?" ਭੈਣ ਨੇ ਪੁੱਛਿਆ।

"ਭੈਣੇ, ਥੋਡੇ ਵੱਡਿਆਂ ਦੇ ਅਸ਼ੀਰਵਾਦ ਸਦਕਾ ਸਭ ਰਾਜ਼ੀ ਬਾਜ਼ੀ ਆਂ। ਚੜ੍ਹਦੀ ਕਲਾ 'ਚ ਆਂ। ਆਹ ਲ , ਮਾਂ ਜੀ ਨਾਲ਼ ਕਰੋ ਗੱਲ।" ਉਸ ਨੇ ਫ਼ੋਨ ਮਾਂ ਦੇ ਕੰਨ ਨਾਲ਼ ਲਾ ਦਿੱਤਾ।

ਮਾਂ ਨੇ ਉੱਚੀ-ਉੱਚੀ ਦੋ ਵਾਰ "ਹੈ... ਲੋ..., ਹੈ.. ਲੋ.." ਕਿਹਾ। ਤਦ ਦੂਜੇ ਪਾਸੇ ਤੋਂ ਧੀ ਦੀ ਅਵਾਜ਼ ਉਸ ਦੇ ਕੰਨੀਂ ਪਈ, "ਸਤਿ ਸ਼੍ਰੀ ਅਕਾਲ ਮਾਂ। ਹੋਰ ਸੁਣਾ ! ਤੁਹਾਡੀ ਸਿਹਤ ਕਿਵੇਂ ਰਹਿੰਦੀ ਐ? ਮੇਰੀ ਭਾਬੋ ਰਾਣੀ ਦਾ ਕੀ ਹਾਲ਼ ਐ?"

ਮਾਂ ਨੇ ਹਲਕੀ ਜਿਹੀ ਖ਼ਾਂਸੀ ਕਰਕੇ ਗਲ਼ਾ ਸਾਫ਼ ਕੀਤਾ। ਤੇ ਬੋਲੀ, "ਹਾਂ ਧੀਏ, ਸਿਹਤ ਤਾਂ ਮੇਰੀ ਚੰਗੀ ਭਲੀ ਐ। ਸੁੱਖ ਨਾਲ਼ ਬੈਠੀ ਬਿਠਾਈ ਨੂੰ ਤਿੰਨੋਂ ਡੰਗ ਤੱਤੀ ਰੋਟੀ ਮਿਲਦੀ ਐ। ਹੋਰ ਫ਼ਲ ਫ਼ਰੂਟ ਵੀ ਆਪਣੇ ਘਰ ਵਿੱਚ ਵਾਧੂ ਹੁੰਦੈ। ਤੂੰ ਦੱਸ, ਪ੍ਰਾਹੁਣਾ, ਜੁਆਕ ਸਭ ਰਾਜ਼ੀ ਬਾਜ਼ੀ ਨੇਂ? ਧੀਏ ! ਕੱਲ੍ਹ ਨੂੰ ਸੁੱਖ ਨਾਲ਼ ਰੱਖੜੀ ਦਾ ਤਿਉਹਾਰ ਐ! ਤੂੰ ਆ ਜਾਂਦੀ ਕੱਲ੍ਹ ਨੂੰ। ਨਾ ਅੰਮ੍ਰਿਤਸਰ ਕਿਹੜਾ ਦੂਰ ਐ?"

ਮਾਂ ਦੀਆਂ ਗੱਲਾਂ ਸੁਣ ਕੇ ਉਹ ਬੋਲੀ, "ਮਾਂ, ਅੰਮ੍ਰਿਤਸਰ ਜੇ ਦੂਰ ਨੀਂ ਤਾਂ ਮੁਹਾਲੀ ਤੋਂ ਬਹੁਤਾ ਨੇੜੇ ਵੀ ਨਹੀਂ ਹੈ। ਘਰਾਂ ਦੇ ਕੰਮ ਕਾਜ ਹੀ ਇੰਨੇਂ ਹੁੰਦੇ ਆ। ਘਰਾਂ 'ਚੋਂ ਨਿੱਕਲਿਆ ਕਿਹੜਾ ਜਾਂਦੈ? ਪਹਿਲਾਂ ਤਾਂ ਮੇਰਾ ਆਉਣ ਦਾ ਕੋਈ ਇਰਾਦਾ ਈ ਨਹੀਂ ਸੀ। ਇਸੇ ਕਰਕੇ ਮੈਂ ਰੱਖੜੀਆਂ ਡਾਕ ਰਾਹੀਂ ਭੇਜ ਦਿੱਤੀਆਂ ਸਨ। ਪਰ ਆਹ ਘੰਟਾ ਕੁ ਪਹਿਲਾਂ ਮੇਰੀ ਪਿਆਰੀ ਭਾਬੋ ਰਾਣੀ ਦਾ ਫ਼ੋਨ ਆਇਆ ਸੀ। ਉਹਨੇ ਪੂਰਾ ਜ਼ੋਰ ਦੇ ਕੇ ਮੈਨੂੰ ਅੰਮ੍ਰਿਤਸਰ ਆ ਕੇ ਆਪਣੇ ਵੀਰ ਨੂੰ ਰੱਖੜੀ ਬੰਨ੍ਹਣ ਲਈ ਕਿਹਾ ਹੈ। ਇਸ ਲਈ ਅਸੀਂ ਮੁਹਾਲੀ ਤੋਂ ਸੁਵੱਖਤੇ ਪੰਜ ਵਜੇ ਚੱਲ ਕੇ ਨੌਂ ਵਜੇ ਤੱਕ ਅੰਮ੍ਰਿਤਸਰ ਪਹੁੰਚ ਜਾਵਾਂਗੇ। ਮਾਂ, ਮੈਂ ਇੱਥੇ ਆਪਣੇ ਆਲ਼ੇ-ਦੁਆਲ਼ੇ ਵਥੇਰੇ ਘਰਾਂ 'ਚ ਵੇਖਦੀ ਹਾਂ। ਭਰਾ, ਭਰਾ ਨਾਲ਼ ਨਹੀਂ ਵਰਤਦੇ। ਨਾ ਹੀ ਭੈਣ ਭਰਾ ਵਰਤਦੇ ਨੇ। ਹੁਣ ਤਾਂ ਬੱਸ ਸਾਲ਼ੀ ਅਤੇ ਸਾਂਢੂ ਨਾਲ਼ ਹੀ ਰਿਸ਼ਤੇਦਾਰੀ ਬਾਕੀ ਰਹਿ ਗਈ ਐ। ਮਾਂ, ਮੈਂ ਤੁਹਾਨੂੰ ਪਹਿਲਾਂ ਵੀ ਬਹੁਤ ਵਾਰੀ ਕਿਹਾ ਹੈ। ਆਪਣਾ ਤਾਂ ਭਾਗਾਂ ਵਾਲ਼ਾ ਘਰ ਐ। ਜੋ ਰਣਜੀਤ ਜਿਹੀ ਮੇਰੀ ਪਿਆਰੀ ਭਾਬੋ ਨੇ ਆਪਣੇ ਘਰ ਨੂੰ ਭਾਗ ਲਾਏ ਨੇ। ਤੁਹਾਡੇ ਜੁਆਈ ਨੇ ਵੀ ਇਹੀ ਗੱਲ ਮੈਨੂੰ ਕਈ ਵਾਰੀ ਕਹੀ ਹੈ। ਅੰਮ੍ਰਿਤਸਰ ਰਣਜੀਤ ਭੈਣ ਨੂੰ ਮਿਲ ਕੇ ਇੰਝ ਲੱਗਦਾ ਹੁੰਦੈ, ਜਿਵੇਂ ਆਪਣੀ ਸਕੀ ਭੈਣ ਨੂੰ ਮਿਲਿਆ ਹੋਵਾਂ। ਮਾਂ ਤੂੰ ਤਾਂ ਬਹੁਤ ਵੱਡੇ ਭਾਗਾਂ ਵਾਲੀ ਹੈਂ, ਜੋ ਆਪਣਾ ਬੁਢਾਪਾ ਸੁਖਾਲੇ ਢੰਗ ਨਾਲ਼ ਨੂੰਹ, ਪੁੱਤ ਨਾਲ਼ ਕੱਟ ਰਹੀ ਐਂ। ਮੇਰੀ ਰਣਜੀਤ ਭਾਬੀ ਵਰਗੀਆਂ ਨੂੰਹਾਂ ਭਾਗਾਂ ਨਾਲ਼ ਮਿਲਦੀਆਂ ਨੇ। ਚੰਗਾ ਮਾਂ, ਮੈਂ ਹੁਣ ਘਰ ਦਾ ਰੋਟੀ ਟੁੱਕ ਵੀ ਕਰਨੈਂ। ਕੱਲ੍ਹ ਸੁਵੱਖਤੇ ਇੱਥੋਂ ਤੁਰਨਾ ਵੀ ਐ।" ਇੰਨਾਂ ਕਹਿ ਕੇ ਉਸ ਨੇ ਫ਼ੋਨ ਬੰਦ ਕਰ ਦਿੱਤਾ।

ਬਚਨ ਕੌਰ ਨੇ ਫ਼ੋਨ ਨੂੰ ਇੱਕ ਪਾਸੇ ਰੱਖ ਦਿੱਤਾ। ਹੁਣ ਉਸ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਸਨ। ਉਹ ਅਣਜਾਣੇ ਵਿੱਚ ਨੂੰਹ ਨੂੰ ਬੋਲੀਆਂ ਕੌੜੀਆਂ ਕਸੈਲੀਆਂ ਕਹਿ ਕੇ ਪਛਤਾ ਰਹੀ ਸੀ। ਉਸੇ ਵੇਲੇ ਨੂੰਹ ਖੀਰ ਦੀ ਭਰੀ ਪਲੇਟ ਲੈ ਕੇ ਆ ਗਈ। ਪਲੇਟ ਉਸ ਨੇ ਮੰਜੇ ਦੇ ਕੋਲ ਪਏ ਮੇਜ ਉੱਤੇ ਰੱਖ ਦਿੱਤੀ। ਫ਼ਿਰ ਕਿਹਾ, "ਮਾਂ ਜੀ, ਆਹ ਜ਼ਰਾ ਖੀਰ ਖਾ ਕੇ ਦੱਸਿ ! ਮਿੱਠਾ ਕਿਵੇਂ ਐਂ?"

ਸੱਸ ਨੇ ਨੂੰਹ ਦਾ ਹੱਥ ਫ਼ੜ ਕੇ ਘੁੱਟ ਲਿਆ। ਉਸ ਨੂੰ ਆਪਣੇ ਮੰਜੇ ਉੱਤੇ ਬਿਠਾਉਂਦਿਆਂ ਹੋਇਆਂ ਬੋਲੀ, "ਧੀਏ, ਮੈਨੂੰ ਮੁਆਫ਼ ਕਰ ਦੇ। ਮੇਰੀ ਚੰਦਰੀ ਜ਼ੁਬਾਨ ਪਤਾ ਨਹੀਂ ਤੈਨੂੰ ਕੀ-ਕੀ ਬੋਲ ਗੀ? ਪਰ ਜਦ ਤੂੰ ਫੂਨ ਕਰਕੇ ਮੇਰੀ ਧੀ ਨੂੰ ਇੱਥੇ ਬੁਲਾਇਆ ਸੀ। ਤੂੰ ਮੈਨੂੰ ਸਾਫ਼-ਸਾਫ਼ ਕਿਉਂ ਨੀਂ ਸੀ ਦੱਸਿਆ ਕਿ ਸਰਦਾਰੇ ਦੇ ਰੱਖੜੀ ਬੰਨ੍ਹਣ ਲਈ ਉਹਦੀ ਵੱਡੀ ਭੈਣ ਨੂੰ ਬੁਲਾਇਆ ਹੈ?"

ਉਸ ਨੇ ਸੱਸ ਨੂੰ ਘੁੱਟ ਕੇ ਗਲਵਕੜੀ ਪਾ ਲਈ। ਉਹਦਾ ਹਾਸਾ ਬੰਦ ਨਹੀਂ ਸੀ ਹੋ ਰਿਹਾ। ਕੁਝ ਪਲਾਂ ਬਾਅਦ ਉਹ ਬੋਲੀ- "ਮਾਂ ਜੀ! ਮੈਂ ਤਾਂ ਤੁਹਾਨੂੰ ਬਿਲਕੁਲ ਸਹੀ ਦੱਸਿਆ ਸੀ। ਬਈ ਕੱਲ੍ਹ ਨੂੰ ਵੱਡੇ ਭੈਣ ਜੀ ਅਤੇ ਭਾਅ ਜੀ ਆ ਰਹੇ ਨੇ। ਕਿਉਂ ਜੋ ਮੁਹਾਲੀ ਵਾਲ਼ੇ ਵੱਡੇ ਦੀਦੀ ਨੂੰ ਮੈਂ ਵੱਡੇ ਭੈਣ ਜੀ ਹੀ ਕਹਿੰਦੀ ਹਾਂ। ਪਰੰਤੂ ਜਦੋਂ ਤੁਸੀਂ ਇਹ ਸਮਝ ਲਿਆ ਕਿ ਮੇਰੇ ਵੱਡੇ ਦੀਦੀ ਅਤੇ ਜੀਜਾ ਜੀ ਆ ਰਹੇ ਹਨ।

ਤਦ ਮੈਂ ਸੋਚਿਆ ਕਿ ਚਲੋ, ਜੇਕਰ ਮਾਂ ਨੂੰ ਹੁਣ ਭੁਲੇਖਾ ਲੱਗ ਹੀ ਗਿਆ ਹੈ ਤਾਂ ਏਦਾਂ ਈ ਠੀਕ ਐ! ਨੂੰਹ ਸੱਸ ਵਿੱਚ ਕੁਝ ਦੇਰ ਹਾਸਾ ਠੱਠਾ ਵੀ ਤਾਂ ਹੋਣਾ ਚਾਹੀਦੈ! ਨਾਲ਼ੇ ਮਾਂ ਜੀ, ਮੁਹਾਲੀ ਵਾਲ਼ੇ ਭੈਣ ਜੀ ਤਾਂ ਕੱਲ੍ਹ ਨੂੰ ਆਉਣ ਲਈ ਰਾਜੀ ਹੀ ਨਹੀਂ ਸੀ ਹੁੰਦੇ। ਇਹ ਤਾਂ ਮੈਂ ਜਦੋਂ ਉਨ੍ਹਾਂ ਨੂੰ ਕਿਹਾ- 'ਭੈਣ ਜੀ, ਤੁਹਾਡਾ ਆਪਣੀ ਛੋਟੀ ਭਾਬੀ ਨੂੰ ਮਿਲਣ ਲਈ ਜਮ੍ਹਾਂ ਈਂ ਜੀਅ ਨੀਂ ਕਰਦਾ?' ਤਦ ਕਿਤੇ ਉਹ ਆਉਣ ਲਈ ਤਿਆਰ ਹੋਏ। ਨਾਲ਼ੇ ਮਾਂ, ਧੀਆਂ ਧਿਆਣੀਆਂ ਨੇ ਕਿਹੜਾ ਕਿਸੇ ਦਾ ਘਰ ਚੁੱਕ ਕੇ ਲੈ ਜਾਣਾ ਹੁੰਦੈ।

ਇਹ ਤਾਂ ਸਗੋਂ ਆਪਣੇ ਬਾਬੁਲ ਦੇ ਵਿਹੜੇ ਦੀ, ਆਪਣੇ ਵੀਰਾਂ ਦੀ, ਭਾਬੀਆਂ ਦੀ, ਭਤੀਜੇ ਭਤੀਜੀਆਂ ਦੀ ਸਦਾ ਸੁੱਖ ਈ ਮੰਗਦੀਆਂ ਆਈਆਂ ਨੇ। ਮਾਂ ਜੀ ਇਹ ਤਿੱਥ ਤਿਉਹਾਰ ਤਾਂ ਭੈਣ ਭਰਾਵਾਂ ਦੇ ਮੇਲ ਮਿਲਾਪ ਦੇ ਵਸੀਲੇ ਹੁੰਦੇ ਨੇ। ਨਹੀਂ ਤਾਂ ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਕੀਹਦੇ ਕੋਲ ਵਿਹਲ ਐ? ਭਲਾਂ ਕੌਣ ਕਿਸੇ ਨੂੰ ਮਿਲਣ ਜਾਂਦੈ?" ਨੂੰਹ ਦੀਆਂ ਇੰਨੀਆਂ ਸਿਆਣਪ ਭਰੀਆਂ ਗੱਲਾਂ ਸੁਣ ਕੇ ਬਚਨ ਕੌਰ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ।

---

### ਚਿੰਕੀ ਦੀ ਚਾਕਲੇਟ

**ਰੀਵਿਊਕਾਰ: ਬਲਜਿੰਦਰ ਮਾਨ 98150- 18947**
**ਲੇਖਕ: ਹਰਿੰਦਰ ਸਿੰਘ ਗੋਗਨਾ**
**ਪ੍ਰਕਾਸ਼ਕ: ਨਵਰਾਜ ਪਬਲੀਕੇਸ਼ਨਜ਼ ਸਮਾਣਾ,**
**ਪੰਨੇ: 64, ਮੁੱਲ: 250 ਰੁਪਏ**

ਬਾਲ ਸਾਹਿਤ ਦੇ ਖੇਤਰ ਵਿੱਚ ਹਰਿੰਦਰ ਸਿੰਘ ਗੋਗਨਾ ਨੇ ਸੰਦਲੀ ਪੈੜਾਂ ਪਾਈਆਂ ਹਨ। ਉਸਨੇ ਪੰਜਾਬੀ ਤੇ ਹਿੰਦੀ ਸਾਹਿਤ ਦੀ ਸਿਰਜਣਾ ਵਿੱਚ ਨਿੱਗਰ ਕਾਰਜ ਕਰਕੇ ਆਪਣੇ ਨਾਮ ਕਈ ਵੱਕਾਰੀ ਮਾਣ ਸਨਮਾਨ ਦਰਜ ਕਰਵਾਏ ਹਨ। ਉਸ ਦੀ ਹਰ ਰਚਨਾ ਨੂੰ ਬਾਲ ਪਾਠਕਾਂ ਵੱਲੋਂ ਪਿਆਰਿਆ ਤੇ ਸਤਿਕਾਰਿਆ ਜਾਂਦਾ ਹੈ। ਇਸ ਪਿਆਰ ਸਤਿਕਾਰ ਦਾ ਮੁੱਖ ਕਾਰਨ ਇਹ ਹੈ ਕਿ ਉਹ ਬਾਲ ਮਨੋਵਿਗਿਆਨ ਅਨੁਸਾਰ ਸਿਰਜਣਾ ਕਰਦਾ ਹੈ। ਇਸੇ ਕਰਕੇ ਉਸਦੀਆਂ ਪੁਸਤਕਾਂ ਹਾਥ ਧੋ ਲੋ ਸੰਜੂ ਸੂਚਨਾ ਤੇ ਪ੍ਰਸਾਰਨ ਮੰਤਰਾਲੇ, ਭਾਰਤ ਸਰਕਾਰ, ਆ ਖੇਡੀਏ ਨੈਸ਼ਨਲ ਬੁੱਕ ਟਰਸਟ ਇੰਡੀਆ ਅਤੇ ਰੁੱਖ ਮੇਰਾ ਦੋਸਤ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਬਾਲ ਸਾਹਿਤ ਦੀ ਝੋਲੀ ਵਿੱਚ ਉਹ ਇੱਕ ਦਰਜਨ ਤੋਂ ਵੱਧ ਪੁਸਤਕਾਂ ਨਾਲ ਆਪਣਾ ਸ਼ਾਨਦਾਰ ਯੋਗਦਾਨ ਪਾ ਚੁੱਕਾ ਹੈ। ਬਾਲ ਕਵਿਤਾ ਅਤੇ ਕਹਾਣੀ ਦੇ ਖੇਤਰ ਵਿੱਚ ਉਸ ਨੇ ਸ਼ਾਨਦਾਰ ਕਾਰਜ ਕਰਕੇ ਬਾਲ ਸਾਹਿਤ ਨੂੰ ਆਮ ਪਾਠਕਾਂ ਤੱਕ ਪੁੱਜਦਾ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ। ਸਮਾਜ ਵਿੱਚੋਂ ਜਿਨ੍ਹਾਂ ਗੁਣਾਂ ਨੂੰ ਖੋਰਾ ਲੱਗਾ ਹੋਇਆ ਹੈ ਉਹ ਉਨ੍ਹਾਂ ਨੂੰ ਮੁੜ ਸੁਰਜੀਤ ਕਰਨ ਦੇ ਆਹਰ ਵਿੱਚ ਹੈ।




ਚਿੰਕੀ ਦੀ ਚਾਕਲੇਟ ਹਰਿੰਦਰ ਸਿੰਘ ਗੋਗਨਾ ਦੀਆਂ 20 ਰੌਚਕ ਕਹਾਣੀਆਂ ਦਾ ਸੰਗ੍ਰਹਿ ਹੈ। ਰੰਗਦਾਰ ਆਰਟ ਪੰਨਿਆਂ ਤੇ ਪ੍ਰਕਾਸ਼ਿਤ ਕੀਤੀ ਇਹ ਇੱਕ ਕੀਮਤੀ ਪੁਸਤਕ ਹੈ ਜਿਸ ਨੂੰ ਪਾਠਕ ਬੜੀ ਚਾਹਤ ਨਾਲ ਪੜ੍ਹਦੇ ਹਨ। ਇਹ ਕਹਾਣੀਆਂ ਪਾਠਕਾਂ ਨੂੰ ਜੀਵਨ ਵਿੱਚ ਸਹੀ ਮਾਰਗ ਅਪਣਾਉਣ ਲਈ ਪ੍ਰੇਰਿਤ ਕਰਦੀਆਂ ਹਨ। ਅੱਜ ਦੇ ਡਿਜੀਟਲ ਯੁੱਗ ਵਿੱਚ ਇਹਨਾਂ ਕਹਾਣੀਆਂ ਰਾਹੀਂ ਬੱਚਿਆਂ ਨੂੰ ਬਾਲ ਸਾਹਿਤ ਅਤੇ ਬਾਲ ਪੁਸਤਕਾਂ ਨਾਲ ਵੀ ਜੋੜਿਆ ਜਾ ਸਕਦਾ ਹੈ। ਹਰ ਕਹਾਣੀ ਦਾ ਨਾਟਕੀਕਰਨ ਬੱਚਿਆਂ ਦੇ ਮਨ ਨੂੰ ਭਾਉਂਦਾ ਹੈ। ਇਸੇ ਕਰਕੇ ਉਹ ਅਗਲੀ ਕਹਾਣੀ ਪੜ੍ਹਨ ਬੈਠ ਜਾਂਦੇ ਹਨ। ਸਮੇਂ ਅਤੇ ਸਥਾਨ ਅਨੁਸਾਰ ਕਰਵਾਈ ਪਾਤਰਾਂ ਦੀ ਵਾਰਤਾਲਾਪ ਹਰ ਕਿਸੇ ਨੂੰ ਪ੍ਰਭਾਵਿਤ ਕਰਦੀ ਹੈ। ਬੱਚਿਆਂ ਅੰਦਰ ਆਪ ਮੁਹਾਰੇ ਹੀ ਐਬਾਂ ਨੂੰ ਤਿਆਗ ਕੇ ਚੰਗੇ ਗੁਣਾਂ ਨੂੰ ਅਪਣਾਉਣ ਦੀ ਸੇਧ ਦਿੱਤੀ ਗਈ ਹੈ। ਇਹਨਾਂ ਕਹਾਣੀਆਂ ਵਿੱਚ ਨਸੀਹਤਾਂ ਨਹੀਂ ਦਿੱਤੀਆਂ ਗਈਆਂ ਸਗੋਂ ਬੱਚੇ ਖੁਦ -ਬ-ਖੁਦ ਕਹਾਣੀਆਂ ਵਿੱਚ ਵਾਪਰਦੀਆਂ ਘਟਨਾਵਾਂ ਤੋਂ ਸਿੱਖਦੇ ਅਤੇ ਚੰਗੇ ਗੁਣਾਂ ਨੂੰ ਅਪਣਾਉਂਦੇ ਹਨ। ਮਨੋਰੰਜਨ ਅਤੇ ਗਿਆਨ ਨਾਲ ਭਰਪੂਰ ਇਸ ਪੁਸਤਕ ਵਿੱਚੋਂ ਹਰ ਵਰਗ ਦੇ ਪਾਠਕ ਨੂੰ ਆਨੰਦ ਮਿਲਦਾ ਹੈ।

ਪੁਸਤਕ ਦੀ ਪਹਿਲੀ ਕਹਾਣੀ ਆਪਣੇ ਹੱਥੀਂ ਕਿਰਤ ਕਰਨ ਦੀ ਮਹਾਨਤਾ ਨੂੰ ਉਜਾਗਰ ਕਰਦੀ ਹੈ। ਅਜੋਕੇ ਸਮੇਂ ਵਿੱਚ ਅਸੀਂ ਹੱਥੀਂ ਕਿਰਤ ਦੀ ਮਹਾਨਤਾ ਨੂੰ ਭੁੱਲਦੇ ਜਾ ਰਹੇ ਹਨ ਜਿਸ ਕਾਰਨ ਸਮਾਜਿਕ ਵਰਤਾਰੇ ਵਿੱਚ ਬਹੁਤ ਸਾਰੀਆਂ ਊਣਤਾਈਆਂ ਆ ਰਹੀਆਂ ਹਨ। ਗੁਰੂ ਨਾਨਕ ਦੇਵ ਜੀ ਵਰਗੇ ਮਹਾਂਪੁਰਖਾਂ ਨੇ ਸਾਨੂੰ ਇੱਕ ਨੰਬਰ ਦਾ ਉਪਦੇਸ਼ ਹੱਥੀਂ ਕਿਰਤ ਕਰਨ ਦਾ ਦਿੱਤਾ ਸੀ। ਇਹਨਾਂ ਕਹਾਣੀਆਂ ਵਿੱਚ ਚੰਗੀਆਂ ਕਿਤਾਬਾਂ ਨੂੰ ਸਾਥੀ ਬਣਾਉਣਾ, ਪੰਛੀਆਂ ਦੀ ਆਜ਼ਾਦੀ ਤੇ ਸਾਧਨਾਂ ਦੀ ਸਹੀ ਵਰਤੋਂ ,ਇਮਾਨਦਾਰੀ ਨਾਲ ਕਾਰਜ ਕਰਨਾ, ਦਾਦੇ ਨਾਨੀ ਦੀ ਕਦਰ, ਆਲੇ ਦੁਆਲੇ ਨੂੰ ਪ੍ਰਦੂਸ਼ਣ ਰਹਿਤ ਬਣਾਉਣ ਲਈ ਯਤਨ, ਜ਼ਿੰਦਗੀ ਵਿੱਚੋਂ ਲਾਲਚਾਂ ਨੂੰ ਮਨਫੀ ਕਰਨਾ, ਨਵੇਂ ਪੁਰਾਣੇ ਦਾ ਆਦਰ ਕਰਨਾ, ਰੁੱਖਾਂ ਨਾਲ ਦੋਸਤੀ ਅਤੇ ਅਧਿਆਪਕਾਂ ਦੇ ਸਤਿਕਾਰ ਨਾਲ ਜੀਵਨ ਨੂੰ ਸ਼ਿੰਗਾਰਨ ਦਾ ਸੁਨੇਹਾ ਦਿੱਤਾ ਗਿਆ ਹੈ। ਜਿਹੜੇ ਗੁਣ ਸਾਡੇ ਜੀਵਨ ਨੂੰ ਸ਼ਿੰਗਾਰਦੇ ਅਤੇ ਸੰਵਾਰਦੇ ਹਨ ਉਹ ਇਹਨਾਂ ਕਹਾਣੀਆਂ ਵਿੱਚੋਂ ਸਹਿਜੇ ਹੀ ਗ੍ਰਹਿਣ ਕੀਤੇ ਜਾ ਸਕਦੇ ਹਨ। ਇਹ ਪੁਸਤਕ ਬੱਚਿਆਂ ਨੂੰ ਸਮੇਂ ਦੀ ਹਾਣੀ ਬਣਾਉਣ ਲਈ ਤਿਆਰ ਕਰਦੀ ਹੈ। ਬਾਲ ਪਾਠਕ ਖੁਦ ਮਿਹਨਤ, ਹਿੰਮਤ ਅਤੇ ਲਗਨ ਆਦਿ ਗੁਣਾਂ ਨਾਲ ਆਪਣੀ ਸ਼ਖਸ਼ੀਅਤ ਦਾ ਨਿਰਮਾਣ ਕਰਦੇ ਹਨ। ਕਹਾਣੀ ਮੰਗਣ ਨਾਲੋਂ ਮਿਹਨਤ ਚੰਗੀ ਵਿੱਚ ਨੰਦੂ ਨਾਂ ਦੇ ਬੱਚੇ ਨੂੰ ਇਹੋ ਜਿਹੀ ਸਿੱਖਿਆ ਦਿੱਤੀ ਗਈ ਹੈ ਕਿ ਉਹ ਭੀਖ ਮੰਗਣੀ ਛੱਡ ਕੇ ਮਿਹਨਤ ਨੂੰ ਆਪਣਾ ਲੈਂਦਾ ਹੈ। ਇਸ ਪ੍ਰਕਾਰ ਇਹ ਕਹਾਣੀ ਸੰਗ੍ਰਹਿ 'ਚਿੰਕੀ ਦੀ ਚਾਕਲੇਟ' ਬਾਲ ਪਾਠਕਾਂ ਨੂੰ ਭਰਪੂਰ ਮਨੋਰੰਜਨ ਪ੍ਰਦਾਨ ਕਰਦਾ ਹੋਇਆ ਉਹਨਾਂ ਦੀ ਜ਼ਿੰਦਗੀ ਦੇ ਹਨੇਰੇ ਕੋਨਿਆਂ ਨੂੰ ਰੌਸ਼ਨ ਕਰਦਾ ਹੈ।

---

## ਅਮਰੀਕੀ ਨਾਗਰਿਕਾਂ ਨੂੰ ਠੱਗਣ ਵਾਲੇ ਕਾਲ ਸੈਂਟਰ ਦਾ ਪਰਦਾਫਾਸ਼, 12 ਗ੍ਰਿਫਤਾਰ

**ਨੋਇਡਾ–** ਨੋਇਡਾ ਪੁਲਿਸ ਨੇ ਅਮਰੀਕਾ ਦੇ ਨਾਗਰਿਕਾਂ ਤੋਂ ਠੱਗੀ ਕਰਨ ਲਈ ਚਲਾਏ ਜਾ ਰਹੇ ਇੱਕ ਕਾਲ ਸੈਂਟਰ ਦਾ ਪਰਦਾਫਾਸ਼ ਕਰਕੇ ਗਿਰੋਹ ਦੇ ਮੁਖੀ ਸਮੇਤ 12 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇੱਕ ਸੀਨੀਅਰ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਲਜ਼ਮਾਂ ਕੋਲੋਂ 10 ਲੈਪਟਾਪ, 16 ਮੋਬਾਈਲ ਫੋਨ, ਨੌਂ ਲੈਪਟਾਪ ਚਾਰਜਰ, ਨੌਂ ਹੈੱਡਫੋਨ, ਇੱਕ ਇੰਟਰਨੈੱਟ ਰਾਊਟਰ ਅਤੇ ਹੋਰ ਸਮੱਗਰੀਆਂ ਬਰਾਮਦ ਕੀਤੀਆਂ ਗਈਆਂ ਹਨ।

ਪੁਲੀਸ ਡਿਪਟੀ ਕਮਿਸ਼ਨਰ (ਨੋਇਡਾ ਜ਼ੋਨ) ਯਮੁਨਾ ਪ੍ਰਸਾਦ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ ’ਤੇ ਐਕਸਪ੍ਰੈਸਵੇਅ ਥਾਣਾ ਪੁਲੀਸ ਦੀ ਟੀਮ ਨੇ ਮੰਗਲਵਾਰ ਰਾਤ 'ਜੇਪੀ ਕਾਸਮੋਸ ਬਿਲਡਿੰਗ' ਦੀ 17ਵੀਂ ਮੰਜ਼ਿਲ ’ਤੇ ਛਾਪੇਮਾਰੀ ਕਰਦਿਆਂ ਫਰਜ਼ੀ ਕਾਲ ਸੈਂਟਰ ਦਾ ਪਰਦਾਫਾਸ਼ ਕੀਤਾ। ਉਨ੍ਹਾਂ ਦੱਸਿਆ ਕਿ ਗਿਰੋਹ ਦੇ ਸਰਗਣਾ ਦੀ ਪਛਾਣ ਮੁੰਬਈ ਨਿਵਾਸੀ ਮੁਸਤਫਾ ਸ਼ੇਖ ਵਜੋਂ ਹੋਈ ਹੈ, ਜੋ ਸਿਰਫ 10ਵੀਂ ਪਾਸ ਹੈ। ਉਨ੍ਹਾਂ ਦੱਸਿਆ ਕਿ ਮੁਸਤਫਾ ਤੋਂ ਇਲਾਵਾ ਚਿਨੇਵੇ, ਦਿਨੇਸ਼ ਪਾਂਡੇ, ਸੋਹਿਲ ਅਜਮਿਲ, ਉਮਰ ਸਮਸੀ, ਕਲਪੇਸ਼ ਸ਼ਰਮਾ, ਆਫਤਾਬ ਕੁਰੈਸ਼ੀ, ਵਿਡੋਵ, ਰਾਮ ਸੇਵਕ, ਸਤਿਆਨਰਾਇਣ ਮੰਡਲ, ਖਿਜਨੋ ਲੂਟੋ, ਨਿ-ਬੂਲੇ ਅਕਾਮੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪੁਲੀਸ ਡਿਪਟੀ ਕਮਿਸ਼ਨਰ ਨੇ ਠੱਗੀ ਦੇ ਤਰੀਕਿਆਂ ਬਾਰੇ ਦੱਸਦਿਆਂ ਕਿਹਾ, “ਇਹ ਗਿਰੋਹ ਗੂਗਲ ਐਪ ਤੋਂ ਅਮਰੀਕੀ ਨਾਗਰਿਕਾਂ ਦਾ ਡਾਟਾ ਖਰੀਦਦਾ ਸੀ। ਇਸ ਦੇ ਆਧਾਰ ’ਤੇ ਉੱਥੋਂ ਦੇ ਨਾਗਰਿਕਾਂ ਨੂੰ ਕਰਜ਼ੇ ਦੇ ਬਦਲੇ ‘ਗਿਫਟ ਵਾਊਚਰ’ ਦੇ ਲਾਲਚ ਵਾਲੇ ਈਮੇਲ ਭੇਜੇ ਜਾਂਦੇ ਸਨ।” ਉਨ੍ਹਾਂ ਕਿਹਾ, "ਜਦੋਂ ਕੋਈ ਕਰਜ਼ੇ ਲਈ ਉਨ੍ਹਾਂ ਨੂੰ ਵਾਪਸ ਈਮੇਲ ਭੇਜਦਾ ਤਾਂ ਪ੍ਰਕਿਰਿਆ ਫੀਸ ਦੇ ਨਾਮ ’ਤੇ ਉਨ੍ਹਾਂ ਤੋਂ 300 ਡਾਲਰ ਲਏ ਜਾਂਦੇ ਅਤੇ ਜਦੋਂ ਤੱਕ ਠੱਗੀ ਦੀ ਰਕਮ ਭਾਰਤੀ ਮੁਦਰਾ ਵਿੱਚ ਨਹੀਂ ਬਦਲ ਜਾਂਦੀ ਸੀ, ਉਦੋਂ ਤੱਕ ਮੁਲਜ਼ਮ ਅਮਰੀਕੀ ਨਾਗਰਿਕਾਂ ਦੇ ਸੰਪਰਕ ਵਿੱਚ ਰਹਿੰਦੇ।” ਪ੍ਰਸਾਦ ਨੇ ਦਾਅਵਾ ਕੀਤਾ ਕਿ ਗਿਰੋਹ ਹੁਣ ਤੱਕ ਕਰੀਬ 150 ਅਮਰੀਕੀ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਮਾਮਲਾ ਦਰਜ ਕਰਕੇ ਅੱਗੇ ਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।



## (ਪ੍ਰਕਾਸ਼ ਉਤਸਵ ਅਤੇ ਗੁਰਤਾ ਗੱਦੀ ਤੇ ਵਿਸ਼ੇਸ਼)

# ਸਮੂਹ ਸ੍ਰਿਸਟੀ ਦੇ ਦੁੱਖ ਦੂਰ ਕਰਨ ਵਾਲੇ ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ



ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਭੌਤਿਕ ਉਮਰ ਮਹਿਜ 8 ਸਾਲ ਦੀ ਸੀ ਉਹ ਸਿੱਖ ਪੰਥ ਦੇ ਅੱਠਵੇਂ ਗੁਰੂ ਸਨ ਜਿੰਨਾ ਦਾ ਜਨਮ  ਜੁਲਾਈ 1656 ਨੂੰ ਅਤੇ ਉਹਨਾਂ ਦੇ ਜੋਤੀ ਜੋਤ ਸਮਾਉਣ ਦੀ ਮਿੱਤੀ 30 ਮਾਰਚ 1664 ਦੀ ਸੀ। ਉਹਨਾਂ ਦੇ ਪਿਤਾ ਸ਼੍ਰੀ ਗੁਰੂ ਹਰਿਰਾਇ ਸਾਹਿਬ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ। ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਦੋ ਸਪੁੱਤਰ ਸਨ ਰਾਮ ਰਾਏ ਅਤੇ ਹਰਕ੍ਰਿਸਨ ਸਾਹਿਬ। ਗੁਰੂ ਹਰਕ੍ਰਿਸ਼ਨ ਸਾਹਿਬ ਰਾਮ ਰਾਏ ਤੋਂ ਛੋਟੇ ਹੋਣ ਦੇ ਬਾਵਜੂਦ ਗੁਰਗੱਦੀ ਤੇ ਬਿਰਾਜਮਾਨ ਹੋਏ। ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਵੱਡੇ ਭਰਾ ਰਾਮ ਰਾਏ ਨੂੰ ਉਨ੍ਹਾਂ ਦੀਆਂ ਗੁਰੂ ਘਰ ਵਿਰੋਧੀ ਗਤੀਵਿਧੀਆਂ ਕਾਰਨ ਛੇਕ ਦਿੱਤਾ ਗਿਆ ਸੀ ਅਤੇ ਵਿਰਾਸਤ ਤੋਂ ਵਾਂਝਾ ਕਰ ਦਿੱਤਾ ਗਿਆ ਸੀ।

ਮਨੁੱਖੀ ਇਤਿਹਾਸ ਵਿੱਚ ਇੰਨੀ ਛੋਟੀ ਉਮਰ ਵਿੱਚ ਪ੍ਰਮਾਤਮਾ ਦੇ ਨਾਮ ਅਤੇ ਅਧਿਆਤਮਿਕਤਾ ਦਾ ਉੱਚ ਪੱਧਰ ਪ੍ਰਾਪਤ ਕਰਨ ਵਾਲੇ ਉਹ ਪਹਿਲੇ ਗੁਰੂ ਸਨ ਅਤੇ ਆਈ ਹੋਈ ਸੰਗਤ ਨੂੰ ਗੁਰੂ ਸਾਹਿਬ ਪਵਿੱਤਰ ਗ੍ਰੰਥ, ਗੁਰੂ ਗ੍ਰੰਥ ਸਾਹਿਬ ਦੇ ਹਵਾਲਿਆਂ 'ਤੇ ਆਪਣੀਆਂ ਟਿੱਪਣੀਆਂ ਦੁਆਰਾ ਗਿਆਨ ਦਿਆ ਕਰਦੇ ਸਨ।ਉਹ ਹਮੇਸ਼ਾਂ ਲੋਕਾਂ ਨੂੰ ਇੱਕ ਪਰਮਾਤਮਾ ਦੀ ਕਦਰ ਕਰਨ ਦੀ ਯਾਦ ਦਿਵਾਉਂਦੇ ਸਨ, ਉਨ੍ਹਾਂ ਨੂੰ ਭਾਵਨਾਵਾਂ ਨੂੰ ਤਿਆਗਣ ਅਤੇ ਧੀਰਜ, ਦਾਨ ਅਤੇ ਪਿਆਰ ਦੇ ਗੁਣ ਸਿੱਖਣ ਲਈ ਕਹਿੰਦੇ ਸਨ।

1663 ਦੇ ਦੌਰਾਨ, ਜਦੋਂ ਗੁਰੂ ਹਰਿਕ੍ਰਸ਼ਨ ਸਾਹਿਬ ਦਿੱਲੀ ਵਿੱਚ ਸਨ, ਤਾਂ ਹੈਜ਼ਾ ਅਤੇ ਚੇਚਕ ਦੀ ਭਿਆਨਕ ਮਹਾਂਮਾਰੀ ਫੈਲ ਗਈ। ਸੱਤ ਸਾਲ ਦੀ ਛੋਟੀ ਉਮਰ ਜਦੋਂ ਲੋਕ ਆਪਣੇ ਬੱਚਿਆਂ ਨੂੰ ਬਚਾਉਣ ਹਿੱਤ ਘਰਾਂ ਤੋ ਬਾਹਰ ਨਹੀਂ ਜਾਣ ਦਿਦੇ ਸਨ ਉਹਨਾਂ ਨੇ ਖੁਦ ਲੋਕਾਂ ਵਿੱਚ ਜਾਕੇ ਪੂਰੀ ਤਨਦੇਹੀ ਨਾਲ ਲੋਕਾਂ ਦੀ ਸੇਵਾ ਕੀਤੀ। ਗੁਰੂਦੁਆਰਾ ਬੰਗਲਾ ਸਾਹਿਬ ਦੇ ਨੇੜੇ ਝੀਲ ਦੇ ਪਾਣੀ ਨਾਲ ਹਜਾਰਾਂ ਲੋਕਾਂ ਦਾ ਇਲਾਜ ਕੀਤਾ।ਬੇਸ਼ਕ ਉਹ ਬੀਮਾਰਾਂ ਦੀ ਸੇਵਾ ਕਰਦੇ ਕਰਦੇ ਆਪ ਖੁਦ ਚੇਚਕ ਗ੍ਰਸਤ ਹੋ ਗਏ ਅਤੇ ਅੰਤ 16 ਅਪ੍ਰੈਲ 1664 ਨੂੰ ਸਿਰਫ ਅੱਠ ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ। ਗੁਰੂ ਜੀ ਚਾਹੁੰਦੇ ਸਨ ਕਿ ਕੋਈ ਵੀ ਉਨ੍ਹਾਂ ਦੀ ਮੌਤ ਦਾ ਸੋਗ ਨਾ ਮਨਾਵੇ, ਸਗੋਂ ਸਿੱਖਾਂ ਨੂੰ ਗੁਰਬਾਣੀ ਵਿੱਚੋਂ ਭਜਨ ਗਾਉਣ ਦੀ ਹਦਾਇਤ ਕੀਤੀ। ਦਸਵੇਂ ਨਾਨਕ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਾਅਦ ਵਿੱਚ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸ਼ਰਧਾਂਜਲੀ ਭੇਟ ਕੀਤੀ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖੀ ਗਈ ਅਰਦਾਸ ਵਿੱਚ, ਸਿੱਖ ਹਰ ਰੋਜ਼ ਇਹ ਸ਼ਬਦ ਦੁਹਰਾਉਂਦੇ ਹਨ,

"ਸ਼੍ਰੀ ਹਰਿਕ੍ਰਿਸ਼ਨ ਜੀ ਧਿਆਇਐ,
ਜਿਸ ਡਿਠੇ ਸਭਿ ਦੁਖਿ ਜਾਇ॥'

ਜਿਸ ਦਾ ਅਰਥ ਹੈ ਜਿਨ੍ਹਾਂ ਦੀ ਬ੍ਰਹਮ ਸ਼ਖਸੀਅਤ ਦੇ ਦਰਸ਼ਨ ਨਾਲ ਸਾਰੇ ਦੁੱਖ ਅਤੇ ਦਰਦ ਦੂਰ ਹੋ ਜਾਂਦੇ ਹਨ।" ਜੋ ਕਿ ਰੋਜ਼ਾਨਾ ਸਿੱਖ ਪ੍ਰਾਰਥਨਾ ਅਰਦਾਸ ਦਾ ਇੱਕ ਹਿੱਸਾ ਹੈ।

ਦਿੱਲੀ ਵਿੱਚ, ਗੁਰੂ ਹਰਿਕ੍ਰਿਸ਼ਨ ਜੀ ਨੇ ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਰਿਹਾਇਸ਼ ਕੀਤੀ ਜੋ ਹੁਣ ਗੁਰਦੁਆਰਾ ਬੰਗਲਾ ਸਾਹਿਬ ਦਾ ਸਥਾਨ ਹੈ। ਘਰ ਇੱਕ ਵਿਸ਼ਾਲ ਸੀ ਜੋ "ਸਾਲ ਦੇ ਸਾਰੇ ਮੌਸਮਾਂ ਦੇ ਅਨੁਕੂਲ ਬਣਾਇਆ ਗਿਆ ਸੀ।" ਦਿੱਲੀ ਦੇ ਸਿੱਖ ਗੁਰੂ ਜੀ ਦੇ ਦਰਸ਼ਨਾਂ ਲਈ ਸਮੂਹਾਂ ਵਿੱਚ ਆਉਣ ਲੱਗ ਪਏ। ਉਹ ਪਵਿੱਤਰ ਗੀਤ ਗਾਉਂਦੇ ਅਤੇ ਆਪਣੇ ਨਾਲ ਭੇਟਾਂ ਲੈ ਕੇ ਆਉਂਦੇ ਸਨ।

ਗੁਰੂ ਜੀ ਅਤੇ ਰਾਣੀ ਗੁਰੂ ਜੀ ਦੀ ਬੁੱਧੀ ਦੀ ਪਰਖ ਕਰਨ ਲਈ, ਜਿਸ ਬਾਰੇ ਸਾਰੇ ਬਹੁਤ ਜ਼ਿਆਦਾ ਬੋਲਦੇ ਸਨ, ਰਾਜਾ ਜੈ ਸਿੰਘ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਗੁਰੂ ਸਾਹਿਬ ਦੇ ਆਲੇ-ਦੁਆਲੇ ਇੱਕੋ ਜਿਹੀਆਂ ਅਤੇ ਵਧੀਆ ਪਹਿਰਾਵੇ ਵਾਲੀਆਂ ਔਰਤਾਂ ਵਿੱਚੋਂ ਅਸਲੀ ਰਾਣੀ ਦੀ ਪਛਾਣ ਕਰਨ। ਗੁਰੂ ਜੀ ਤੁਰੰਤ ਇੱਕ ਨੌਕਰਾਣੀ ਦੇ ਰੂਪ ਵਿੱਚ ਪਹਿਨੀ ਹੋਈ ਔਰਤ ਕੋਲ ਗਏ ਅਤੇ ਉਸਦੀ ਗੋਦ ਵਿੱਚ ਬੈਠ ਗਏ। ਇਹ ਔਰਤ ਅਸਲੀ ਰਾਣੀ ਸੀ। ਗੁਰੂ ਸਾਹਿਬ ਦੀ ਮਾਨਸਿਕ ਯੋਗਤਾ ਨਾਲ ਸਬੰਧਤ ਕੁਝ ਹੋਰ ਸਿੱਖ ਬਿਰਤਾਂਤਾਂ ਵਿੱਚ ਵੀ ਸਾਨੂੰ ਬਹੁਤ ਸਾਰੀਆਂ ਵੱਖਰੀਆਂ ਕਹਾਣੀਆਂ ਮਿਲਦੀਆਂ ਹਨ। ਰਾਣੀ ਨੇ ਆਪਣਾ ਇਮਤਿਹਾਨ ਖੁਦ ਤਿਆਰ ਕੀਤਾ ਸੀ। ਉਸਨੇ ਆਪਣੇ ਪਤੀ ਜੈ ਸਿੰਘ ਨੂੰ ਗੁਰੂ ਜੀ ਨੂੰ ਔਰਤਾਂ ਦੇ ਨਿਵਾਸ-ਘਰ ਵਿੱਚ ਲਿਆਉਣ ਲਈ ਕਿਹਾ। ਗੁਰੂ ਜੀ ਨੇ ਸੱਦਾ ਸਵੀਕਾਰ ਕਰ ਲਿਆ। ਮਹਿਲ ਦੇ ਅੰਦਰਲੇ ਕੋਠਿਆਂ ਦੇ ਪ੍ਰਵੇਸ਼ ਦੁਆਰ 'ਤੇ, ਰਾਜਾ ਦੇ ਨੌਕਰਾਂ ਨੇ ਉਸਦਾ ਸਵਾਗਤ ਸਤਿਕਾਰ ਨਾਲ ਕੀਤਾ। ਜਿਵੇਂ ਹੀ ਉਹ ਅੰਦਰ ਕਦਮ ਰੱਖਿਆ, ਔਰਤਾਂ, ਆਪਣੇ ਮਹਿੰਗੇ ਗਹਿਣਿਆਂ ਅਤੇ ਕੱਪੜਿਆਂ ਵਿੱਚ, ਸ਼ਰਧਾ ਨਾਲ ਝੁਕ ਗਈਆਂ। ਉਹ ਉਨ੍ਹਾਂ ਦੇ ਅੱਗੇ ਲੰਘ ਗਿਆ ਅਤੇ ਉਨ੍ਹਾਂ ਦੀਆਂ ਸ਼ੁਭਕਾਮਨਾਵਾਂ ਸਵੀਕਾਰ ਕੀਤੀਆਂ। ਜਿਵੇਂ ਹੀ ਉਹ ਇੱਕ ਨੌਕਰਾਣੀ ਦੇ ਮੋਟੇ ਘਰੇਲੂ ਕੱਪੜੇ ਪਹਿਨੇ ਇੱਕ ਦੇ ਨੇੜੇ ਆਇਆ, ਉਹ ਰੁਕ ਗਿਆ ਅਤੇ ਕਿਹਾ, "ਤੁਸੀਂ ਰਾਣੀ ਹੋ। ਤੁਹਾਨੂੰ ਆਪਣੇ ਆਪ ਨੂੰ ਨੌਕਰਾਣੀ ਦੇ ਸੂਟ ਵਿੱਚ ਕਿਉਂ ਪਹਿਨਣਾ ਚਾਹੀਦਾ ਸੀ?" ਰਾਣੀ ਨੇ ਸ਼ਰਧਾ ਵਿੱਚ ਆਪਣਾ ਸਿਰ ਝੁਕਾਇਆ। ਥੋੜ੍ਹੇ ਸਮੇਂ ਵਿੱਚ ਹੀ ਗੁਰੂ ਹਰਕ੍ਰਿਸ਼ਨ ਸਾਹਿਬ ਨੇ ਆਮ ਜਨਤਾ ਨਾਲ ਆਪਣੇ ਭਾਈਚਾਰੇ ਰਾਹੀਂ ਰਾਜਧਾਨੀ ਵਿੱਚ ਹੋਰ ਵੀ ਜ਼ਿਆਦਾ ਅਨੁਯਾਈ ਪ੍ਰਾਪਤ ਕਰ ਲਏ।



ਡਾ. ਸੰਦੀਪ ਘੰਡ
94782-31000

ਚੇਚਕ ਤੋਂ ਪੀੜਤ ਹੋਣ ਕਰਕੇ ਲੋਕ ਗੁਰੂ ਜੀ ਨੂੰ ਮਿਲਣ ਆਉਂਦੇ ਸਨ ਉਸ ਸਮੇਂ, ਹੈਜ਼ਾ ਅਤੇ ਚੇਚਕ ਦੀ ਇੱਕ ਗੰਭੀਰ ਮਹਾਂਮਾਰੀ ਦਿੱਲੀ ਵਿੱਚ ਫੈਲ ਰਹੀ ਸੀ। ਨੌਜਵਾਨ ਗੁਰੂ ਜੀ ਨੇ ਪੀੜਤਾਂ ਦੀ ਦੇਖਭਾਲ ਕਰਨੀ ਸ਼ੁਰੂ ਕਰ ਦਿੱਤੀ ਭਾਵੇਂ ਉਨ੍ਹਾਂ ਦੀ ਜਾਤ ਅਤੇ ਧਰਮ ਕੁਝ ਵੀ ਹੋਵੇ। ਖਾਸ ਕਰਕੇ, ਸਥਾਨਕ ਮੁਸਲਿਮ ਆਬਾਦੀ ਗੁਰੂ ਸਾਹਿਬ ਦੇ ਸ਼ੁੱਧ ਮਾਨਵਤਾਵਾਦੀ ਕੰਮਾਂ ਤੋਂ ਇੰਨੀ ਪ੍ਰਭਾਵਿਤ ਹੋਈ ਕਿ ਉਨ੍ਹਾਂ ਨੇ ਉਨ੍ਹਾਂ ਨੂੰ ਬਾਲਾ ਪੀਰ (ਬਾਲ ਪੈਗੰਬਰ) ਦਾ ਉਪਨਾਮ ਦਿੱਤਾ। ਔਰੰਗਜ਼ੇਬ ਨੇ ਵੀ ਸਥਿਤੀ ਦੇ ਸੁਰ ਨੂੰ ਸਮਝਦੇ ਹੋਏ ਗੁਰੂ ਹਰਕ੍ਰਿਸ਼ਨ ਸਾਹਿਬ ਨੂੰ ਪਰੇਸ਼ਾਨ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਪਰ ਦੂਜੇ ਪਾਸੇ ਉਨ੍ਹਾਂ ਨੇ ਰਾਮ ਰਾਏ ਦੇ ਦਾਅਵੇ ਨੂੰ ਕਦੇ ਵੀ ਖਾਰਜ ਨਹੀਂ ਕੀਤਾ।

ਦਿਨ ਰਾਤ ਮਹਾਂਮਾਰੀ ਤੋਂ ਪੀੜਤ ਲੋਕਾਂ ਦੀ ਸੇਵਾ ਕਰਦੇ ਹੋਏ, ਗੁਰੂ ਸਾਹਿਬ ਖੁਦ ਤੇਜ਼ ਬੁਖਾਰ ਨਾਲ ਗ੍ਰਸਤ ਹੋ ਗਏ। ਅਚਾਨਕ ਇੱਕ ਦਿਨ ਗੁਰੂ ਹਰਿਕ੍ਰਿਸ਼ਨ ਜੀ ਨੂੰ ਬੁਖਾਰ ਹੋ ਗਿਆ। ਇਹ ਬੁਖਾਰ ਚੇਚਕ ਦੇ ਹਮਲੇ ਦੀ ਸ਼ੁਰੂਆਤ ਵਜੋਂ ਸਾਹਮਣੇ ਆਇਆ, ਜਿਸਨੇ ਉਹਨਾਂ ਨੂੰ ਕਈ ਦਿਨਾਂ ਤੱਕ ਬਿਸਤਰੇ 'ਤੇ ਹੀ ਰੱਖਿਆ। ਗੁਰੂ ਜੀ ਦਾ ਕੋਮਲ ਸਰੀਰ ਬਿਮਾਰੀ ਨਾਲ ਤੜਫ ਰਿਹਾ ਸੀ। ਘਟਨਾਵਾਂ ਦੇ ਇਸ ਮੋੜ ਤੋਂ ਦੁਖੀ ਹੋ ਕੇ, ਗੁਰੂ ਜੀ ਦੀ ਮਾਤਾ, ਮਾਤਾ ਸੁਲੱਖਣੀ ਨੇ ਕਿਹਾ:"ਪੁੱਤਰ, ਤੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਹੈਂ, ਤੂੰ ਦੁਨੀਆਂ ਦੇ ਦੁੱਖਾਂ ਅਤੇ ਦੁੱਖਾਂ ਨੂੰ ਦੂਰ ਕਰਨ ਵਾਲਾ ਹੈਂ, ਤੇਰਾ ਦ੍ਰਿਸ਼ਟੀਕੋਣ ਦੂਜਿਆਂ ਦੀਆਂ ਬਿਮਾਰੀਆਂ ਨੂੰ ਦੂਰ ਕਰਦਾ ਹੈ ਤਾਂ ਹੁਣ ਤੂੰ ਬਿਮਾਰ ਕਿਉਂ ਪਿਆ ਹੈਂ?" ਗੁਰੂ ਹਰਿਕ੍ਰਿਸ਼ਨ ਨੇ ਜਵਾਬ ਦਿੱਤਾ, "ਜਿਸਨੇ ਇਹ ਨਾਸ਼ਵਾਨ ਰੂਪ ਧਾਰਨ ਕੀਤਾ ਹੈ, ਉਸਨੂੰ ਬਿਮਾਰੀ ਅਤੇ ਬਿਮਾਰੀ ਵਿੱਚੋਂ ਲੰਘਣਾ ਪਵੇਗਾ। ਖੁਸ਼ੀ ਅਤੇ ਦੁੱਖ ਦੋਵੇਂ ਜੀਵਨ ਦਾ ਹਿੱਸਾ ਹਨ। ਜੋ ਕੁਝ ਨਿਰਧਾਰਤ ਹੈ ਉਹ ਹੋਣਾ ਚਾਹੀਦਾ ਹੈ। ਇਹੀ ਗੁਰੂ ਨਾਨਕ ਦੇਵ ਜੀ ਨੇ ਸਿਖਾਇਆ ਹੈ। ਉਹ ਜੋ ਵੀ ਕਰਦਾ ਹੈ ਉਹ ਉਸਦਾ ਹੁਕਮ ਹੈ। ਮਨੁੱਖ ਨੂੰ ਉਸਦੇ ਹੁਕਮ ਦੀ ਰੌਸ਼ਨੀ ਵਿੱਚ ਚੱਲਣਾ ਚਾਹੀਦਾ ਹੈ।" ਗੁਰੂ ਹਰਿਕ੍ਰਿਸ਼ਨ ਜੀ ਨੂੰ ਖੁਦ ਮਿਰਜ਼ਾ ਰਾਜਾ ਜੈ ਸਿੰਘ ਦੇ ਘਰੋਂ ਜਮੁਨਾ ਦੇ ਕੰਢੇ 'ਤੇ ਬਣੇ ਇੱਕ ਕੈਂਪ ਵਿੱਚ ਲੈ ਜਾਇਆ ਗਿਆ ਸੀ। ਸਿੱਖ ਹੈਰਾਨ ਸਨ ਕਿ ਗੁਰੂ ਜੀ ਨੂੰ ਇਸ ਤਰ੍ਹਾਂ ਕਿਉਂ ਦੁੱਖ ਝੱਲਣਾ ਪਿਆ। ਸੂਰਜ ਨੂੰ ਹੀ ਇਹ ਹਨੇਰਾ ਕਿਉਂ ਘੇਰ ਰਿਹਾ ਸੀ? ਉਹ ਨਿਰਾਸ਼ਾ ਵਿੱਚ ਸਨ ਅਤੇ ਸੋਚ ਰਹੇ ਸਨ ਕਿ ਉਨ੍ਹਾਂ ਤੋਂ ਬਾਅਦ ਗੱਦੀ ਕੌਣ ਲਵੇਗਾ। ਗੁਰੂ ਹਰਿਕ੍ਰਿਸ਼ਨ, ਜਿਵੇਂ ਕਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਕਿਹਾ ਗਿਆ ਹੈ, ਨੇ ਉਨ੍ਹਾਂ ਨੂੰ ਇਸ ਤਰੀਕੇ ਨਾਲ ਹਦਾਇਤ ਕੀਤੀ: "ਗੁਰਗੱਦੀ, ਗੁਰੂ ਨਾਨਕ ਦੇਵ ਜੀ ਦਾ ਸਿੰਘਾਸਣ, ਸਦੀਵੀ ਹੈ। ਇਹ ਸਦੀਵੀ ਹੈ ਅਤੇ ਵਧਦੀ ਇੱਜ਼ਤ ਦਾ ਹੁਕਮ ਦੇਵੇਗਾ। ਗ੍ਰੰਥ ਸਭ ਦਾ ਪ੍ਰਭੂ ਹੈ। ਜੋ ਮੈਨੂੰ ਦੇਖਣਾ ਚਾਹੁੰਦਾ ਹੈ, ਉਸਨੂੰ ਵਿਸ਼ਵਾਸ ਅਤੇ ਪਿਆਰ ਨਾਲ ਗ੍ਰੰਥ ਵੇਖਣ ਦਿਓ। ਇਸ ਤਰ੍ਹਾਂ ਉਹ ਆਪਣੇ ਸਾਰੇ ਪਾਪ ਤਿਆਗ ਦੇਵੇਗਾ। ਜੋ ਗੁਰੂ ਨਾਲ ਗੱਲ ਕਰਨਾ ਚਾਹੁੰਦਾ ਹੈ, ਉਸਨੂੰ ਸ਼ਰਧਾ ਨਾਲ ਗ੍ਰੰਥ ਪੜ੍ਹਨਾ ਚਾਹੀਦਾ ਹੈ। ਜੋ ਇਸ ਦੀਆਂ ਸਿੱਖਿਆਵਾਂ ਦਾ ਅਭਿਆਸ ਕਰਦਾ ਹੈ, ਉਸਨੂੰ ਮਨੁੱਖੀ ਜੀਵਨ ਦੇ ਸਾਰੇ ਚਾਰ ਪਦਰਥ (4 ਸਭ ਤੋਂ ਪਿਆਰੇ ਵਸਤੂਆਂ) ਪ੍ਰਾਪਤ ਹੋਣਗੇ। ਜਿਸ ਕੋਲ ਵਿਸ਼ਵਾਸ ਹੈ ਉਹ ਸਭ ਕੁਝ ਪ੍ਰਾਪਤ ਕਰਦਾ ਹੈ। ਜਿਸ ਕੋਲ ਵਿਸ਼ਵਾਸ ਨਹੀਂ ਹੈ ਉਹ ਬਹੁਤ ਘੱਟ ਪ੍ਰਾਪਤ ਕਰਦਾ ਹੈ। ਇਸ ਸੰਸਾਰ ਵਿੱਚ ਕੋਈ ਵੀ ਸਦਾ ਲਈ ਨਹੀਂ ਰਹਿੰਦਾ। ਸਰੀਰ ਨਾਸ਼ਵਾਨ ਹੈ। ਗ੍ਰੰਥ ਵਿੱਚ ਗੁਰੂ ਦੀ ਆਤਮਾ ਵੱਸਦੀ ਹੈ।

ਰੋਜ਼ਾਨਾ ਇਸ ਨੂੰ ਆਪਣਾ ਸਿਰ ਝੁਕਾਓ। ਇਸ ਤਰ੍ਹਾਂ ਤੁਸੀਂ ਆਪਣੇ ਜਨੂੰਨਾਂ ਨੂੰ ਜਿੱਤੋਗੇ ਅਤੇ ਮੁਕਤੀ ਪ੍ਰਾਪਤ ਕਰੋਗੇ।" ਗੁਰੂ ਦੇ ਆਖਰੀ ਸ਼ਬਦਾਂ ਨੂੰ ਸੁਣਦੇ ਹੀ ਸਿੱਖਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ।ਸਰੀਰ ਨਾਸ਼ਵਾਨ ਹੈ," ਗੁਰੂ ਹਰਿਕ੍ਰਿਸ਼ਨ ਨੇ ਕਿਹਾ। "ਜਿਵੇਂ ਤੁਸੀਂ ਪਰਮਾਤਮਾ ਦੀ ਇੱਛਾ ਵਿੱਚ ਵਿਸ਼ਵਾਸ ਰੱਖਣਾ ਸਿੱਖਦੇ ਹੋ, ਤੁਸੀਂ ਦੁੱਖ ਰਹਿਤ ਸਥਾਨਾਂ ਨੂੰ ਪ੍ਰਾਪਤ ਕਰੋਗੇ। ਸਦੀਵੀ ਸ਼ਾਂਤੀ ਤੁਹਾਡੀ ਹੋਵੇਗੀ।"

ਆਖਰੀ ਸਮੇਂ ਗੁਰੂ ਹਰਕ੍ਰਿਸ਼ਨ ਸਾਹਿਬ ਨੇ ਇੱਛਾ ਕੀਤੀ ਕਿ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਕੋਈ ਉਨ੍ਹਾਂ ਦਾ ਸੋਗ ਨਾ ਮਨਾਵੇ ਅਤੇ ਗੁਰਬਾਣੀ ਦੇ ਭਜਨ ਗਾਉਣ ਦੀ ਹਦਾਇਤ ਕੀਤੀ। ਗੁਰੂ ਹਰਿਕ੍ਰਿਸ਼ਨ ਇੱਕ ਨਾਜ਼ੁਕ ਸਥਿਤੀ ਵਿੱਚ ਸਨ। ਫਿਰ ਵੀ ਉਹ ਨਾਸ਼ਵਾਨ ਸੰਸਾਰ ਛੱਡਣ ਤੋਂ ਪਹਿਲਾਂ ਆਪਣੀ ਮਹੱਤਵਪੂਰਨ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਨਹੀਂ ਹੋਏ। ਆਪਣੇ ਆਖਰੀ ਪਲਾਂ ਵਿੱਚ, ਉਹ ਆਪਣੇ ਉੱਤਰਾਧਿਕਾਰੀ ਨੂੰ ਨਾਮਜ਼ਦ ਕਰਨ ਦੇ ਯੋਗ ਸਨ। ਉਸਨੇ ਉੱਤਰਾਧਿਕਾਰ ਦੇ ਰਸਮੀ ਚਿੰਨ੍ਹ ਪ੍ਰਾਪਤ ਕਰਨ ਲਈ ਕਿਹਾ। ਪਰ ਉਹ ਸਿਰਫ਼ "ਬਾਬਾ ਬਕਾਲੇ" ਕਹਿ ਸਕਿਆ। ਉਸਦਾ ਮਤਲਬ ਸੀ ਕਿ ਅਗਲਾ ਗੁਰੂ ਬਕਾਲਾ ਸ਼ਹਿਰ ਵਿੱਚ ਮਿਲੇਗਾ। ਸੰਦਰਭ ਸਪੱਸ਼ਟ ਤੌਰ 'ਤੇ ਤੇਗ ਬਹਾਦਰ ਵੱਲ ਸੀ।

ਗੁਰੂ ਹਰਿਕ੍ਰਿਸ਼ਨ ਜੀ ਦਾ ਸਰੀਰਕ ਸਰੀਰ ਸ਼ਨੀਵਾਰ, 16 ਅਪ੍ਰੈਲ 1664 ਨੂੰ ਇਸ ਧਰਤੀ ਤੋਂ ਜੋਤੀ ਜੋਤ ਸਮਾ ਗਿਆ। ਉਨ੍ਹਾਂ ਦਾ ਸਸਕਾਰ ਇਸ ਗੁਰਦੁਆਰਾ, ਬਾਲਾ ਸਾਹਿਬ ਗੁਰਦੁਆਰੇ ਦੇ ਮੌਜੂਦਾ ਸਥਾਨ 'ਤੇ ਕੀਤਾ ਗਿਆ ਸੀ। ਇਹ ਉਹ ਸਥਾਨ ਸੀ

ਜਿੱਥੇ ਉਨ੍ਹਾਂ ਨੇ ਦਿੱਲੀ ਦੇ ਬਿਮਾਰ ਅਤੇ ਪੀੜਤ ਗਰੀਬੀ ਪੀੜਤ ਲੋਕਾਂ ਦੀ ਦੇਖਭਾਲ ਲਈ ਡੇਰਾ ਲਾਇਆ ਸੀ।ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੀਆਂ ਅਸਥੀਆਂ ਨੂੰ ਦਿੱਲੀ ਤੋਂ ਕੀਰਤਪੁਰ ਲਿਜਾਇਆ ਗਿਆ ਜਿੱਥੇ ਉਹਨਾਂ ਨੂੰ ਸਤਲੁਜ ਦੇ ਪਾਣੀ ਵਿੱਚ ਜਲ ਪ੍ਰਵਾਹ ਕਰ ਦਿੱਤਾ ਗਿਆ।

## ਆਧਾਰ ਕਾਰਡ 'ਚ ਸੱਤ ਸਾਲ ਤੱਕ ਦੇ ਬੱਚਿਆਂ ਦਾ ਬਾਇਓਮੀਟਰਿਕ ਅਪਡੇਟ ਕਰਵਾਉਣਾ ਲਾਜ਼ਮੀ




ਪੰਜ ਸਾਲ ਤੋਂ ਘੱਟ ਉਮਰ 'ਚ ਆਧਾਰ ਕਾਰਡ ਬਣਵਾਉਣ ਵਾਲੇ ਬੱਚਿਆਂ ਲਈ ਸੱਤ ਸਾਲ ਦੀ ਉਮਰ ਹੱਦ ਪਾਰ ਕਰਨ ਤੋਂ ਬਾਅਦ ਬਾਇਓਮੀਟਰਿਕ ਅਪਡੇਟ ਕਰਵਾਉਣਾ ਜ਼ਰੂਰੀ ਹੈ ਕਿਉਂਕਿ ਅਜਿਹਾ ਨਾ ਕਰਨ 'ਤੇ ਉਨ੍ਹਾਂ ਦੀ ਵਿਸ਼ੇਸ਼ ਆਈਡੀ ਡੀ-ਐਕਟੀਵੇਟ ਹੋ ਸਕਦੀ ਹੈ। ਜਾਣਕਾਰੀ ਮੁਤਾਬਕ ਯੂਆਈਡੀਏਆਈ ਨੇ ਇਨ੍ਹਾਂ ਬੱਚਿਆਂ ਦੇ 'ਆਧਾਰ' ਨਾਲ ਜੁੜੇ ਮੋਬਾਈਲ ਨੰਬਰਾਂ 'ਤੇ ਲਾਜ਼ਮੀ ਬਾਇਓਮੀਟਰਿਕ ਅਪਡੇਟ (ਐੱਮਬੀਯੂ) ਕਰਵਾਉਣ ਲਈ ਐੱਸਐੱਮਐੱਸ ਭੇਜਣੇ ਸ਼ੁਰੂ ਕਰ ਦਿੱਤੇ ਹਨ। ਅਥਾਰਿਟੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ, 'ਬੱਚਿਆਂ ਦੇ ਬਾਇਓਮੀਟਰਿਕ ਅੰਕੜਿਆਂ ਦੀ ਸਟੀਕਤਾ ਅਤੇ ਭਰੋਸੇਯੋਗਤਾ ਬਣਾਈ ਰੱਖਣ ਲਈ ਐੱਮਬੀਯੂ ਦਾ ਸਮੇਂ ਸਿਰ ਪੂਰਾ ਹੋਣਾ ਲਾਜ਼ਮੀ ਸ਼ਰਤ ਹੈ। ਜੇਕਰ ਬੱਚੇ ਦੇ ਸੱਤ ਸਾਲ ਦੇ ਹੋਣ ਤੱਕ ਵੀ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਮੌਜੂਦਾ ਨਿਯਮਾਂ ਮੁਤਾਬਕ 'ਆਧਾਰ' ਨੰਬਰ ਡੀ-ਐਕਟੀਵੇਟ ਹੋ ਸਕਦਾ ਹੈ।

# ਦੇਸ਼ ਭਗਤ ਹਸਪਤਾਲ ਵਿੱਚ ਸੁਣਨ ਸੰਭਾਲ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਈਐਨਟੀ ਵਰਕਸਟੇਸ਼ਨ ਦਾ ਉਦਘਾਟਨ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਹਸਪਤਾਲ, ਜੋ ਕਿ ਖੇਤਰ ਵਿੱਚ ਸਿਹਤ ਸੰਭਾਲ ਅਤੇ ਡਾਇਗਨੌਸਟਿਕ ਸੇਵਾਵਾਂ ਵਿੱਚ ਮੋਹਰੀ ਹੈ, ਆਪਣੇ ਨਵੇਂ, ਈਐਨਟੀ ਵਰਕਸਟੇਸ਼ਨ ਦੇ ਉਦਘਾਟਨ ਦਾ ਐਲਾਨ ਕਰਦੇ ਹੋਏ ਮਾਣ ਮਹਿਸੂਸ ਕਰਦਾ ਹੈ, ਜਿਸਦਾ ਉਦੇਸ਼ ਮਰੀਜ਼ਾਂ ਲਈ ਈਐਨਟੀ ਬਿਮਾਰੀਆਂ ਦੇ ਮੁਲਾਂਕਣਾਂ ਅਤੇ ਕੁਸ਼ਲਤਾ ਵਿੱਚ ਸੁਧਾਰ ਕਰਨਾ ਹੈ।

ਇਸ ਮਸ਼ੀਨ ਦਾ ਉਦਘਾਟਨ ਡੀ.ਬੀ.ਯੂ. ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ। ਤਜਿੰਦਰ ਕੌਰ ਅਤੇ ਐਡਵੋਕੇਟ ਅਤੇ ਉੱਘੇ ਸਮਾਜ ਸੇਵਕ ਸ. ਹਰਦੇਵ ਸਿੰਘ ਨੇ ਕੀਤਾ।

ਇਸ ਉਦਘਾਟਨ ਮੌਕੇ ਡਾ. ਬੀ.ਐਲ. ਭਾਰਦਵਾਜ (ਪ੍ਰੋ-ਵਾਈਸ ਚਾਂਸਲਰ ਮੈਡੀਕਲ ਡੀਬੀਐਚ ਅਤੇ ਸੀਨੀਅਰ ਮੈਡੀਸਨ ਕੰਸਲਟੈਂਟ), ਡਾ. ਕੁਲਭੂਸ਼ਣ (ਡਾਇਰੈਕਟਰ ਡੀਬੀਏਸੀ ਐਂਡ ਐਚ), ਡਾ. ਬਲਜੀਤ ਸਿੰਘ (ਸੀਐਮ  ਦੇਸ਼ ਭਗਤ ਹਸਪਤਾਲ), ਡਾ. ਸੁਮੀਤ ਪਾਲ ਸੈਣੀ (ਡਰਮਾਟੋਲੋਜਿਸਟ ਦੇਸ਼ ਭਗਤ ਹਸਪਤਾਲ), ਡਾ. ਜੋਤੀ ਐਚ ਧਾਮੀ (ਮੈਡੀਕਲ ਸੁਪਰਡੈਂਟ ਦੇਸ਼ ਭਗਤ ਹਸਪਤਾਲ), ਹਸਪਤਾਲ ਦੇ ਪੈਰਾ ਮੈਡੀਕਲ ਸਟਾਫ ਸਮੇਤ ਹਾਜ਼ਰ ਹੋਏ।

ਇਸ ਮੌਕੇ ਡੀ.ਬੀ.ਯੂ. ਦੇ ਚਾਂਸਲਰ ਡਾ। ਜ਼ੋਰਾ ਸਿੰਘ ਨੇ ਕਿਹਾ, "ਅਸੀਂ ਈਐਨਟੀ ਵਰਕਸਟੇਸ਼ਨ ਨੂੰ ਪੇਸ਼ ਕਰਨ ਲਈ ਸੰਤੁਸ਼ਟੀ ਜ਼ਾਹਰ ਕਰਦੇ ਹਾਂ, ਜੋ ਸਾਡੇ ਦੁਆਰਾ



ਪ੍ਰਦਾਨ ਕੀਤੇ ਜਾਣ ਵਾਲੇ ਈਐਨਟੀ ਡਾਇਗਨੌਸਟਿਕਸ ਦੇ ਮਿਆਰ ਨੂੰ ਮਹੱਤਵਪੂਰਨ ਤੌਰ 'ਤੇ ਉੱਚਾ ਕਰੇਗਾ, ਸਾਡੀ ਵਚਨਬੱਧਤਾ ਇਹ ਯਕੀਨੀ ਬਣਾਉਣ ਲਈ ਹੈ ਕਿ ਹਰੇਕ ਮਰੀਜ਼ ਨੂੰ ਸਭ ਤੋਂ ਸਹੀ ਅਤੇ ਉਪਯੁਕਤ ਦੇਖਭਾਲ ਮਿਲੇ। ਇਹ ਦੇਸ਼ ਭਗਤ ਹਸਪਤਾਲ ਦੇ ਈਐਨਟੀ ਵਿਭਾਗ ਵਿੱਚ ਸਾਡੀਆਂ ਡਾਇਗਨੌਸਟਿਕ ਸਮਰੱਥਾਵਾਂ ਵਿੱਚ ਇੱਕ ਮਹੱਤਵਪੂਰਨ ਅਪਗ੍ਰੇਡ ਨੂੰ ਦਰਸਾਉਂਦਾ ਹੈ। ਇਹ ਉੱਨਤ ਉਪਕਰਣ ਵਿਅਕਤੀਗਤ ਇਲਾਜ ਯੋਜਨਾਵਾਂ ਪ੍ਰਦਾਨ ਕਰਨ ਦੇ ਯੋਗ ਬਣਾਏਗਾ। ਉਨ੍ਹਾਂ ਕਿਹਾ ਕਿ ਦੇਸ਼ ਭਗਤ ਹਸਪਤਾਲ ਵਿੱਚ ਆਧੁਨਿਕ ਉਪਕਰਨਾਂ ਨਾਲ ਲੈਸ ਈਐਨਟੀ ਵਿਭਾਗ ਹੈ ਜੋ ਪ੍ਰਸਿੱਧ ਈਐਨਟੀ ਸਪੈਸ਼ਲਿਸਟ ਡਾ. ਬੀਐਸ ਸੋਹਲ ਅਤੇ ਡਾ. ਰਮਿੰਦਰ ਕੌਰ ਦੀ ਅਗਵਾਈ ਹੇਠ ਕੰਮ ਕਰ ਰਿਹਾ ਹੈ।

ਇਸ ਦੌਰਾਨ ਈਐਨਟੀ ਮਾਹਿਰਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਈਐਨਟੀ ਵਰਕ ਸਟੇਸ਼ਨ ਯੂਨਿਟ ਡਾਇਗਨੌਸਟਿਕ ਅਤੇ ਥੈਰੇਪੀਟਿਕ ਪ੍ਰਕਿਰਿਆਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਲਈ ਇੱਕ ਕੇਂਦਰੀਕ੍ਰਿਤ ਪਲੇਟਫਾਰਮ ਪ੍ਰਦਾਨ ਕਰਦਾ ਹੈ, ਜੋ ਈਐਨਟੀ ਮਾਹਿਰਾਂ ਨੂੰ ਕੰਨ, ਨੱਕ, ਗਲੇ ਅਤੇ ਸੰਬੰਧਿਤ ਖੇਤਰਾਂ ਨਾਲ ਸਬੰਧਤ ਵੱਖ-ਵੱਖ ਸਥਿਤੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨ ਦੇ ਯੋਗ ਬਣਾਉਂਦਾ ਹੈ। ਕੰਨ, ਨੱਕ, ਗਲੇ ਅਤੇ ਸੰਬੰਧਿਤ ਸਿਰ ਅਤੇ ਗਰਦਨ ਦੇ ਖੇਤਰਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਥਿਤੀਆਂ ਦੀ ਜਾਂਚ ਅਤੇ ਇਲਾਜ ਲਈ ਤਿਆਰ ਕੀਤਾ ਗਿਆ ਇਹ ਵਿਸ਼ੇਸ਼ ਵਰਕ ਸਟੇਸ਼ਨ, ਨਿਦਾਨ ਅਤੇ ਥੈਰੇਪੀ ਲਈ ਇੱਕ ਵਿਆਪਕ ਪਲੇਟਫਾਰਮ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਹੁਣ ਕੰਨ, ਨੱਕ ਅਤੇ ਗਲੇ ਨਾਲ ਸਬੰਧਿਤ ਸਾਰੀਆਂ ਬਿਮਾਰੀਆਂ ਲਈ ਸਲਾਹ-ਮਸ਼ਵਰਾ ਸੋਮਵਾਰ ਤੋਂ ਸਨਿਚਰਵਾਰ ਦੇਸ਼ ਭਗਤ ਹਸਪਤਾਲ ਵਿੱਚ ਉਪਲਬਧ ਹੈ।

# ਭਾਰਤ ਦੀ ਆਬਾਦੀ ਸੰਭਾਵਨਾ ਦਾ ਇਸਤੇਮਾਲ ਕਰਨਾ

## ਵਿਸ਼ਵ ਆਬਾਦੀ ਦਿਵਸ 'ਤੇ, ਭਾਰਤ ਇੱਕ ਚੌਰਾਹੇ 'ਤੇ ਖੜ੍ਹਾ ਹੈ ਅਤੇ ਉਸਨੂੰ ਆਪਣੀ ਆਬਾਦੀ ਵਾਧੇ ਨੂੰ ਸੰਤੁਲਿਤ ਕਰਨਾ ਚਾਹੀਦਾ ਹੈ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ



ਅਸੀਂ ਮਨੁੱਖ ਹੁਣ ਅੱਠ ਅਰਬ ਹਾਂ ਅਤੇ ਗਿਣਤੀ ਕਰ ਰਹੇ ਹਾਂ। ਇਹ ਸਹੀ ਹੈ- ਵਿਸ਼ਵ ਆਬਾਦੀ ਉੱਪਰ ਵੱਲ ਵਧ ਰਹੀ ਹੈ, ਅਤੇ ਵਧਦੀ ਦਰ ਨਾਲ, ਇਹ ਇਸ ਸਦੀ ਦੇ ਸ਼ੁਰੂ ਹੋਣ ਤੋਂ ਬਹੁਤ ਪਹਿਲਾਂ 10 ਅਰਬ ਨੂੰ ਪਾਰ ਕਰ ਜਾਵੇਗੀ। ਇਹ ਇੱਕ ਮੁਸ਼ਕਲ ਸਥਿਤੀ ਹੋ ਸਕਦੀ ਹੈ ਕਿਉਂਕਿ ਇਹ ਧਰਤੀ ਦੇ ਸੀਮਤ ਸਰੋਤਾਂ 'ਤੇ ਬਹੁਤ ਜ਼ਿਆਦਾ ਦਬਾਅ ਪਾਉਂਦੀ ਹੈ। ਹਾਲਾਂਕਿ, ਵਾਤਾਵਰਣ ਵਰਗੇ ਹੋਰ ਬਹੁਤ ਸਾਰੇ ਮੁੱਦੇ ਪਹਿਲ ਦਿੰਦੇ ਹਨ, ਅਤੇ ਆਬਾਦੀ ਨੂੰ ਉਹ ਧਿਆਨ ਨਹੀਂ ਮਿਲਦਾ ਜਿਸਦੇ ਉਹ ਹੱਕਦਾਰ ਹਨ। ਪਰ ਆਬਾਦੀ ਬੰਬ ਟਿਕ ਟਿਕ ਕਰ ਰਿਹਾ ਹੈ, ਅਤੇ ਜਿੰਨੀ ਜਲਦੀ ਇਸਨੂੰ ਸਾਕਾਰ ਕੀਤਾ ਜਾਵੇ, ਨਾ ਹੀ ਬਿਹਤਰ ਹੈ। ਹਰ ਸਾਲ 11 ਜੁਲਾਈ ਨੂੰ, ਵਿਸ਼ਵ ਆਬਾਦੀ ਦਿਵਸ ਆਬਾਦੀ ਨਾਲ ਸਬੰਧਤ ਮਹੱਤਵਪੂਰਨ ਮੁੱਦਿਆਂ ਦੀ ਇੱਕ ਵਿਸ਼ਵਵਿਆਪੀ ਯਾਦ ਦਿਵਾਉਂਦਾ ਹੈ - ਜਿਸ ਵਿੱਚ ਵੱਧ ਆਬਾਦੀ ਅਤੇ ਪ੍ਰਜਨਨ ਸਿਹਤ ਤੋਂ ਲੈ ਕੇ ਲਿੰਗ ਸਮਾਨਤਾ ਅਤੇ ਟਿਕਾਊ ਵਿਕਾਸ ਤੱਕ ਸ਼ਾਮਲ ਹਨ। 1989 ਵਿੱਚ ਸੰਯੁਕਤ ਰਾਸ਼ਟਰ ਦੁਆਰਾ ਸ਼ੁਰੂ ਕੀਤਾ ਗਿਆ, ਵਿਸ਼ਵ ਆਬਾਦੀ ਦਿਵਸ ਆਬਾਦੀ ਅਤੇ ਸਮਾਜਿਕ ਅਤੇ ਆਰਥਿਕ ਵਿਵਸਥਾ ਵਿਚਕਾਰ ਮਹੱਤਵਪੂਰਨ ਆਪਸੀ ਤਾਲਮੇਲ ਅਤੇ ਵਾਤਾਵਰਣ 'ਤੇ ਇਸਦੇ ਪ੍ਰਭਾਵ ਦੀ ਇੱਕ ਸਪੱਸ਼ਟ ਯਾਦ ਦਿਵਾਉਂਦਾ ਹੈ।

ਕੁਝ ਦੇਸ਼ ਪਹਿਲਾਂ ਹੀ ਤੇਜ਼ੀ ਨਾਲ ਆਬਾਦੀ ਵਾਧੇ ਦੇ ਦਬਾਅ ਦਾ ਸਾਹਮਣਾ ਕਰ ਰਹੇ ਹਨ, ਜਦੋਂ ਕਿ ਦੂਸਰੇ ਬਜ਼ੁਰਗ ਹੋ ਰਹੀ ਆਬਾਦੀ ਅਤੇ ਸੁੰਗੜ ਰਹੇ ਕਾਰਜਬਲਾਂ ਨਾਲ ਜੂਝ ਰਹੇ ਹਨ। ਉਨ੍ਹਾਂ ਵਿੱਚੋਂ, ਭਾਰਤ ਇੱਕ ਵਿਲੱਖਣ ਅਤੇ ਗੁੰਝਲਦਾਰ ਸਥਿਤੀ ਰੱਖਦਾ ਹੈ। ਭਾਰਤ ਦੀ ਆਬਾਦੀ 1.4 ਬਿਲੀਅਨ ਨੂੰ ਪਾਰ ਕਰ ਗਈ ਹੈ। ਇਹ ਵਿਸ਼ਾਲ ਜਨਸੰਖਿਆ ਮੌਜੂਦਗੀ ਇੱਕ ਸੰਭਾਵੀ ਤਾਕਤ ਅਤੇ ਇੱਕ ਆਉਣ ਵਾਲੀ ਚੁਣੌਤੀ ਦੋਵੇਂ ਹੈ। ਇੱਕ ਪਾਸੇ, ਇੱਕ ਵੱਡੀ ਨੌਜਵਾਨ ਆਬਾਦੀ - 30 ਸਾਲ ਤੋਂ ਘੱਟ ਉਮਰ ਦੇ 50 ਪ੍ਰਤੀਸ਼ਤ ਤੋਂ ਵੱਧ - ਇੱਕ ਵਿਸ਼ਾਲ ਕਾਰਜਬਲ ਦੀ ਪੇਸ਼ਕਸ਼ ਕਰਦੀ ਹੈ। ਦੂਜੇ ਪਾਸੇ, ਦੇਸ਼ ਨੂੰ ਰੁਜ਼ਗਾਰ ਦੇ ਪਾੜੇ ਅਤੇ ਪ੍ਰਜਨਨ ਸਿਹਤ ਅਸਮਾਨਤਾਵਾਂ ਨੂੰ ਹੱਲ ਕਰਨਾ ਚਾਹੀਦਾ ਹੈ। ਹਾਲਾਂਕਿ ਹਾਲ ਹੀ ਦੇ ਦਹਾਕਿਆਂ ਵਿੱਚ ਭਾਰਤ ਦੀ ਪ੍ਰਜਨਨ ਦਰਾਂ ਵਿੱਚ ਭਾਰੀ ਗਿਰਾਵਟ ਆਈ ਹੈ, ਪਰ ਸਥਿਤੀ ਅਜੇ ਵੀ ਬੇਕਾਬੂ ਹੈ। ਰਾਸ਼ਟਰੀ ਕੁੱਲ ਪ੍ਰਜਨਨ ਦਰ 1970 ਦੇ ਦਹਾਕੇ ਵਿੱਚ ਪ੍ਰਤੀ ਔਰਤ ਪੰਜ ਤੋਂ ਵੱਧ ਬੱਚਿਆਂ ਤੋਂ ਘਟ ਕੇ ਨਵੀਨਤਮ ਰਾਸ਼ਟਰੀ ਪਰਿਵਾਰਕ ਸਿਹਤ ਸਰਵੇਖਣ ਦੇ ਅਨੁਸਾਰ ਲਗਭਗ 2.0 ਹੋ ਗਈ ਹੈ। ਇਹ ਅੰਕੜਾ ਹੁਣ 2.1 ਦੇ ਬਦਲਵੇਂ-ਪੱਧਰ ਦੀ ਉਪਜਾਊ ਸ਼ਕਤੀ ਦੇ ਨੇੜੇ ਹੈ, ਜੋ ਲੰਬੇ ਸਮੇਂ ਵਿੱਚ ਇੱਕ ਸਥਿਰ ਆਬਾਦੀ ਬਣਾਈ ਰੱਖਣ ਲਈ ਜ਼ਰੂਰੀ ਹੈ।

ਹਾਲਾਂਕਿ, ਖੇਤਰੀ ਪੱਧਰ 'ਤੇ ਤਿੱਖੇ ਅੰਤਰ ਹਨ। ਕੇਰਲਾ, ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਵਰਗੇ ਦੱਖਣੀ ਰਾਜ ਪਹਿਲਾਂ ਹੀ ਬਦਲੀ ਦਰ ਤੋਂ ਬਹੁਤ ਹੇਠਾਂ ਚਲੇ ਗਏ ਹਨ, ਜਦੋਂ ਕਿ ਬਿਹਾਰ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਰਗੇ ਉੱਤਰੀ ਅਤੇ ਕੇਂਦਰੀ ਰਾਜ ਉੱਚ ਪ੍ਰਜਨਨ ਦਰਾਂ ਨੂੰ ਰਿਕਾਰਡ ਕਰਨਾ ਜਾਰੀ ਰੱਖਦੇ ਹਨ, ਜੋ ਕਿ ਗਰੀਬੀ, ਅਨਪੜ੍ਹਤਾ ਅਤੇ ਸਿਹਤ ਸੰਭਾਲ ਤੱਕ ਸੀਮਤ ਪਹੁੰਚ ਦੇ ਡੂੰਘੇ ਮੁੱਦਿਆਂ ਨੂੰ ਦਰਸਾਉਂਦੇ ਹਨ। ਇੱਕ ਹੋਰ ਚਿੰਤਾ ਕੁੱਲ ਪ੍ਰਜਨਨ ਦਰ ਅਤੇ ਕੁੱਲ ਲੋੜੀਂਦੀ ਪ੍ਰਜਨਨ ਦਰ (TWFR) ਵਿਚਕਾਰ ਪਾੜੇ ਵਿੱਚ ਹੈ, ਜੋ ਕਿ ਔਰਤਾਂ ਦੀ ਇੱਛਾ ਅਨੁਸਾਰ ਬੱਚਿਆਂ ਦੀ ਗਿਣਤੀ ਨੂੰ ਦਰਸਾਉਂਦੀ ਹੈ।

ਇਹ ਅਣਚਾਹੇ ਗਰਭ ਅਵਸਥਾਵਾਂ ਦੀ ਇੱਕ ਮਹੱਤਵਪੂਰਨ ਘਟਨਾ ਨੂੰ ਦਰਸਾਉਂਦਾ ਹੈ ਅਤੇ ਪਰਿਵਾਰ ਨਿਯੋਜਨ, ਗਰਭ ਨਿਰੋਧਕ ਵਿਕਲਪਾਂ ਅਤੇ ਪ੍ਰਜਨਨ ਅਧਿਕਾਰਾਂ ਤੱਕ ਪਹੁੰਚ ਵਿੱਚ ਨਿਰੰਤਰ ਕਮੀਆਂ ਨੂੰ ਉਜਾਗਰ ਕਰਦਾ ਹੈ। ਭਾਰਤ ਦੀ ਚੁਣੌਤੀ ਇਹ ਯਕੀਨੀ ਬਣਾਉਣ ਵਿੱਚ ਵੀ ਹੈ ਕਿ ਇਸਦੀ ਵਧਦੀ ਆਬਾਦੀ ਉਤਪਾਦਕ ਸ਼ਮੂਲੀਅਤ ਲੱਭੇ। ਦੇਸ਼ ਹਰ ਸਾਲ ਕੰਮ ਕਰਨ ਵਾਲੀ ਉਮਰ ਦੀ ਆਬਾਦੀ ਵਿੱਚ 10 ਮਿਲੀਅਨ ਤੋਂ ਵੱਧ ਲੋਕਾਂ ਨੂੰ ਜੋੜਦਾ ਹੈ। ਹਾਲਾਂਕਿ, ਨੌਕਰੀਆਂ ਦੀ ਸਿਰਜਣਾ ਇਸ ਵਾਧੇ ਦੇ ਨਾਲ ਨਹੀਂ ਚੱਲੀ ਹੈ, ਜਿਸਦੇ ਨਤੀਜੇ ਵਜੋਂ ਬੇਰੁਜ਼ਗਾਰੀ ਵਧ ਰਹੀ ਹੈ।

ਜੇਕਰ ਹੁਨਰ ਵਿਕਾਸ ਅਤੇ ਰੁਜ਼ਗਾਰ ਪੈਦਾ ਕਰਨ ਨੂੰ ਢੁਕਵੀਂ ਤਰਜੀਹ ਨਹੀਂ ਦਿੱਤੀ ਜਾਂਦੀ ਤਾਂ ਜਨਸੰਖਿਆ ਲਾਭਅੰਸ਼ ਇੱਕ ਜ਼ਿੰਮੇਵਾਰੀ ਬਣ ਜਾਂਦਾ ਹੈ। ਸਿੱਖਿਆ, ਖਾਸ ਕਰਕੇ ਕੁੜੀਆਂ ਦੀ, ਆਬਾਦੀ ਵਾਧੇ ਦੇ ਪ੍ਰਬੰਧਨ ਵਿੱਚ ਸ਼ਾਇਦ ਸਭ ਤੋਂ ਪਰਿਵਰਤਨਸ਼ੀਲ ਸਾਧਨ ਹੈ। ਵਿਸ਼ਵ ਆਬਾਦੀ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਆਬਾਦੀ ਦਾ ਪ੍ਰਬੰਧਨ ਸਿਰਫ਼ ਸੰਖਿਆਵਾਂ ਨੂੰ ਕੰਟਰੋਲ ਕਰਨ ਬਾਰੇ ਨਹੀਂ ਹੈ - ਇਹ ਚੋਣਾਂ ਨੂੰ ਸਮਰੱਥ ਬਣਾਉਣ, ਅਧਿਕਾਰਾਂ ਦੀ ਰੱਖਿਆ ਕਰਨ ਅਤੇ ਇਹ ਯਕੀਨੀ ਬਣਾਉਣ ਬਾਰੇ ਹੈ ਕਿ ਹਰੇਕ ਵਿਅਕਤੀ, ਖਾਸ ਕਰਕੇ ਔਰਤਾਂ ਅਤੇ ਕੁੜੀਆਂ, ਨੂੰ ਉਨ੍ਹਾਂ ਸਰੋਤਾਂ ਅਤੇ ਮੌਕਿਆਂ ਤੱਕ ਪਹੁੰਚ ਹੋਵੇ ਜਿਨ੍ਹਾਂ ਦੀ ਉਹਨਾਂ ਨੂੰ ਵਧਣ-ਫੁੱਲਣ ਲਈ ਲੋੜ ਹੈ।

# ਔਰਤਾਂ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਕੀ ਹੁੰਦਾ ਹੈ

ਔਰਤ ਸਾਖਰਤਾ ਅਤੇ ਉੱਚ ਸਿੱਖਿਆ ਵਿੱਚ ਮਹੱਤਵਪੂਰਨ ਪ੍ਰਗਤੀ ਦੇ ਬਾਵਜੂਦ, ਭਾਰਤੀ ਕਾਰਜਬਲ ਵਿੱਚ ਔਰਤਾਂ ਦੀ ਭਾਗੀਦਾਰੀ ਚਿੰਤਾਜਨਕ ਤੌਰ 'ਤੇ ਘੱਟ ਹੈ। ਮਹਿਲਾ ਸਸ਼ਕਤੀਕਰਨ ਸਿਧਾਂਤਾਂ ਦੇ ਅਨੁਸਾਰ, ਭਾਰਤ ਵਿੱਚ ਔਰਤ ਸਾਖਰਤਾ 77 ਪ੍ਰਤੀਸ਼ਤ ਨੂੰ ਪਾਰ ਕਰ ਗਈ ਹੈ, ਅਤੇ ਔਰਤਾਂ ਹੁਣ ਉੱਚ ਸਿੱਖਿਆ ਦਾਖਲੇ ਵਿੱਚ 48 ਪ੍ਰਤੀਸ਼ਤ ਹਨ। ਫਿਰ ਵੀ, ਔਰਤ ਕਿਰਤ ਸ਼ਕਤੀ ਭਾਗੀਦਾਰੀ ਦਰ 2023-24 ਵਿੱਚ ਸਿਰਫ 41.7 ਪ੍ਰਤੀਸ਼ਤ ਸੀ - ਜੋ ਕਿ ਵਿਸ਼ਵਵਿਆਪੀ ਔਸਤ ਤੋਂ ਕਾਫ਼ੀ ਘੱਟ ਹੈ। ਇਹ ਬਹੁਤ ਜ਼ਿਆਦਾ ਅਸਮਾਨਤਾ ਵਿਦਿਅਕ ਪ੍ਰਾਪਤੀ ਅਤੇ ਅਸਲ ਰੁਜ਼ਗਾਰ ਨਤੀਜਿਆਂ ਵਿਚਕਾਰ ਇੱਕ ਪਰੇਸ਼ਾਨ ਕਰਨ ਵਾਲਾ ਡਿਸਕਨੈਕਟ ਪ੍ਰਗਟ ਕਰਦੀ ਹੈ।

ਅਸਲ ਮੁੱਦਾ ਇਹ ਹੈ ਕਿ ਔਰਤਾਂ ਆਪਣੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਕੀ ਕਰਦੀਆਂ ਹਨ। ਜਦੋਂ ਕਿ ਕਾਲਜ ਅਤੇ ਯੂਨੀਵਰਸਿਟੀਆਂ ਮਾਣ ਨਾਲ ਵਧਦੀਆਂ ਔਰਤਾਂ ਦੀ ਭਰਤੀ ਨੂੰ ਉਜਾਗਰ ਕਰਦੀਆਂ ਹਨ, ਬਹੁਤ ਘੱਟ ਲੋਕ ਇਨ੍ਹਾਂ ਵਿੱਚੋਂ ਕਿੰਨੀਆਂ ਔਰਤਾਂ ਰਸਮੀ ਨੌਕਰੀਆਂ, ਉੱਦਮਤਾ, ਜਾਂ ਲੀਡਰਸ਼ਿਪ ਭੂਮਿਕਾਵਾਂ ਵਿੱਚ ਤਬਦੀਲੀ ਕਰਦੀਆਂ ਹਨ, ਇਸਦਾ ਪਤਾ ਲਗਾਉਂਦੇ ਹਨ ਜਾਂ ਸਮਰਥਨ ਕਰਦੇ ਹਨ। ਇਹ ਨਿਗਰਾਨੀ ਦੇਸ਼ ਦੀ ਲਗਭਗ ਅੱਧੀ ਆਬਾਦੀ ਦੀ ਉਤਪਾਦਕ ਸੰਭਾਵਨਾ ਨੂੰ ਕਮਜ਼ੋਰ ਕਰਦੀ ਹੈ।

ਡਬਲਿਊ ਪੀ ਦੇ ਅੰਕੜਿਆਂ ਅਨੁਸਾਰ, ਸਿਰਫ਼ 20 ਪ੍ਰਤੀਸ਼ਤ ਅਕਾਦਮਿਕ ਤੌਰ 'ਤੇ ਮਜ਼ਬੂਤ ਮਹਿਲਾ ਗ੍ਰੈਜੂਏਟ ਹੀ ਰਸਮੀ ਕਾਰਜਬਲ ਵਿੱਚ ਦਾਖਲ ਹੁੰਦੀਆਂ ਹਨ ਜਾਂ ਕਾਰੋਬਾਰ ਸ਼ੁਰੂ ਕਰਦੀਆਂ ਹਨ। ਸਪੱਸ਼ਟ ਤੌਰ 'ਤੇ, ਸਿਰਫ਼ ਯੋਗਤਾਵਾਂ ਹੀ ਕਾਫ਼ੀ ਨਹੀਂ ਹਨ - ਔਰਤਾਂ ਨੂੰ ਉਨ੍ਹਾਂ ਦੇ ਪੇਸ਼ੇਵਰ ਸਫ਼ਰ ਵਿੱਚ ਅਗਲਾ ਕਦਮ ਚੁੱਕਣ ਵਿੱਚ ਮਦਦ ਕਰਨ ਲਈ ਇੱਕ ਵਧੇਰੇ ਸਹਾਇਕ ਵਾਤਾਵਰਣ ਪ੍ਰਣਾਲੀ ਦੀ ਸਖ਼ਤ ਲੋੜ ਹੈ।

ਇੱਕ ਵਿਹਾਰਕ ਅਤੇ ਪ੍ਰਭਾਵਸ਼ਾਲੀ ਹੱਲ ਇਹ ਹੈ ਕਿ "ਪਰਿਵਰਤਨ ਦਰ" - ਵਿਦਿਆਰਥੀਆਂ ਦੀ ਪ੍ਰਤੀਸ਼ਤਤਾ, ਖਾਸ ਕਰਕੇ ਔਰਤਾਂ, ਜੋ ਸਿੱਖਿਆ ਤੋਂ ਰੁਜ਼ਗਾਰ ਜਾਂ ਉੱਦਮਤਾ ਵੱਲ ਤਬਦੀਲੀ ਕਰਦੀਆਂ ਹਨ - ਨੂੰ ਰਾਸ਼ਟਰੀ ਸੰਸਥਾਗਤ ਦਰਜਾਬੰਦੀ ਢਾਂਚੇ ਵਿੱਚ ਇੱਕ ਮਹੱਤਵਪੂਰਨ ਮਾਪਦੰਡ ਵਜੋਂ ਸ਼ਾਮਲ ਕੀਤਾ ਜਾਵੇ।

ਇਸ ਨੂੰ ਸੰਸਥਾਗਤ ਦਰਜਾਬੰਦੀ ਵਿੱਚ ਜੋੜ ਕੇ, ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਅਕਾਦਮਿਕ ਖੇਤਰ ਤੋਂ ਪਰੇ ਜਾਣ ਅਤੇ ਅਸਲ-ਸੰਸਾਰ ਦੇ ਨਤੀਜਿਆਂ 'ਤੇ ਧਿਆਨ ਕੇਂਦਰਿਤ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਔਰਤਾਂ ਨੂੰ ਸਵੀਕਾਰ ਕਰਨਾ ਅਤੇ ਸਿੱਖਿਅਤ ਕਰਨਾ ਕਾਫ਼ੀ ਨਹੀਂ ਹੈ; ਸੰਸਥਾਵਾਂ ਨੂੰ ਕਾਰਜਬਲ ਵਿੱਚ ਉਨ੍ਹਾਂ ਦੀ ਸਫਲਤਾ ਨੂੰ ਵੀ ਸਮਰੱਥ ਬਣਾਉਣਾ ਚਾਹੀਦਾ ਹੈ।

ਇਸ ਤਬਦੀਲੀ ਦੇ ਪਾੜੇ ਨੂੰ ਪੂਰਾ ਕਰਨ ਲਈ, ਵਿਦਿਅਕ ਸੰਸਥਾਵਾਂ ਨੂੰ ਸਰਗਰਮੀ ਨਾਲ ਢਾਂਚਾਗਤ ਕਰੀਅਰ ਕਾਉਂਸਲਿੰਗ, ਉੱਦਮਤਾ ਸਿਖਲਾਈ, ਅਤੇ ਸਲਾਹ ਪ੍ਰੋਗਰਾਮ ਪੇਸ਼ ਕਰਨੇ ਚਾਹੀਦੇ ਹਨ।

ਔਰਤਾਂ ਲਈ ਖਾਸ ਤੌਰ 'ਤੇ ਤਿਆਰ ਕੀਤੇ ਗਏ ਲੀਡਰਸ਼ਿਪ ਵਿਕਾਸ ਕੋਰਸ ਆਤਮਵਿਸ਼ਵਾਸ ਪੈਦਾ ਕਰਨ, ਭਾਈਚਾਰਕ-ਨਿਰਮਾਣ ਦੇ ਹੁਨਰਾਂ ਨੂੰ ਵਿਕਸਤ ਕਰਨ, ਅਤੇ ਮਹੱਤਵਾਕਾਂਖਾ ਨੂੰ ਪਾਲਣ ਵਿੱਚ ਮਦਦ ਕਰ ਸਕਦੇ ਹਨ - ਉਹਨਾਂ ਨੂੰ ਪ੍ਰਭਾਵਸ਼ਾਲੀ ਭੂਮਿਕਾਵਾਂ ਨਿਭਾਉਣ ਅਤੇ ਦੂਜਿਆਂ ਨੂੰ ਪ੍ਰੇਰਿਤ ਕਰਨ ਲਈ ਤਿਆਰ ਕਰ ਸਕਦੇ ਹਨ।

ਹਾਲਾਂਕਿ ਹਾਲ ਹੀ ਦੇ ਸਾਲਾਂ ਵਿੱਚ ਐਫ ਐਲ ਐਫ ਪੀ ਆਰ ਵਿੱਚ ਥੋੜ੍ਹਾ ਜਿਹਾ ਵਾਧਾ ਹੋਇਆ ਹੈ, ਇਸ ਵਾਧੇ ਦਾ ਜ਼ਿਆਦਾਤਰ ਹਿੱਸਾ ਸਵੈ-ਰੁਜ਼ਗਾਰ ਜਾਂ ਬਿਨਾਂ ਤਨਖਾਹ ਵਾਲੇ ਪਰਿਵਾਰਕ ਕੰਮ ਤੋਂ ਆਉਂਦਾ ਹੈ, ਖਾਸ ਕਰਕੇ ਪੇਂਡੂ ਭਾਰਤ ਵਿੱਚ। ਰੁਜ਼ਗਾਰ ਦੇ ਇਹ ਰੂਪ ਅਕਸਰ ਅਸਥਿਰ ਹੁੰਦੇ ਹਨ ਅਤੇ ਵਿੱਤੀ ਸੁਤੰਤਰਤਾ ਦੀ ਗਰੰਟੀ ਨਹੀਂ ਦਿੰਦੇ ਹਨ।

ਸ਼ਹਿਰੀ ਮਾਹੌਲ ਵਿੱਚ, ਜਦੋਂ ਕਿ ਔਰਤਾਂ 31 ਪ੍ਰਤੀਸ਼ਤ ਐਂਟਰੀ-ਪੱਧਰ ਦੀਆਂ ਨੌਕਰੀਆਂ 'ਤੇ ਕਾਬਜ਼ ਹਨ, ਲੀਡਰਸ਼ਿਪ ਭੂਮਿਕਾਵਾਂ ਵਿੱਚ ਉਨ੍ਹਾਂ ਦੀ ਪ੍ਰਤੀਨਿਧਤਾ ਨਾਟਕੀ ਢੰਗ ਨਾਲ ਘੱਟ ਕੇ ਸਿਰਫ 13 ਪ੍ਰਤੀਸ਼ਤ ਰਹਿ ਗਈ ਹੈ। ਇਹ ਲਿੰਗ ਅਸੰਤੁਲਨ ਨਾ ਸਿਰਫ਼ ਡੂੰਘੀਆਂ ਜੜ੍ਹਾਂ ਵਾਲੇ ਢਾਂਚਾਗਤ ਮੁੱਦਿਆਂ ਨੂੰ ਦਰਸਾਉਂਦਾ ਹੈ, ਸਗੋਂ ਭਾਰਤ ਦੀ ਵਿਕਸਤ ਰਾਸ਼ਟਰ, ਜਾਂ ਵਿਕਾਸ ਭਾਰਤ ਬਣਨ ਦੀ ਇੱਛਾ ਦੇ ਰਾਹ ਵਿੱਚ ਇੱਕ ਮਹੱਤਵਪੂਰਨ ਰੁਕਾਵਟ ਵੀ ਬਣਦਾ ਹੈ।

ਖੋਜ ਦਰਸਾਉਂਦੀ ਹੈ ਕਿ ਰੁਜ਼ਗਾਰ ਵਿੱਚ ਲਿੰਗ ਪਾੜੇ ਨੂੰ ਖਤਮ ਕਰਨ ਨਾਲ ਭਾਰਤ ਦੇ ਜੀਡੀਪੀ ਵਿੱਚ $770 ਬਿਲੀਅਨ ਤੱਕ ਦਾ ਵਾਧਾ ਹੋ ਸਕਦਾ ਹੈ, ਜਿਸ ਨਾਲ ਦੇਸ਼ ਦੀ 5 ਟ੍ਰਿਲੀਅਨ ਡਾਲਰ ਦੀ ਆਰਥਿਕਤਾ ਬਣਨ ਵੱਲ ਤਰੱਕੀ ਵਿੱਚ ਕਾਫ਼ੀ ਤੇਜ਼ੀ ਆਵੇਗੀ।

ਔਰਤਾਂ ਲਈ ਬਰਾਬਰ ਕਾਰਜਬਲ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਸਿਰਫ਼ ਨਿਰਪੱਖਤਾ ਦਾ ਮਾਮਲਾ ਨਹੀਂ ਹੈ - ਇਹ ਇੱਕ ਰਣਨੀਤਕ ਆਰਥਿਕ ਜ਼ਰੂਰੀ ਹੈ। ਇਹ ਜਵਾਬਦੇਹੀ ਦਾ ਸਮਾਂ ਹੈ। ਵਿਦਿਅਕ ਸੰਸਥਾਵਾਂ ਨੂੰ ਸਿਰਫ਼ ਦਿੱਤੀਆਂ ਗਈਆਂ ਡਿਗਰੀਆਂ ਲਈ ਹੀ ਨਹੀਂ, ਸਗੋਂ ਆਪਣੇ ਗ੍ਰੈਜੂਏਟਾਂ ਦੇ ਅਸਲ ਜੀਵਨ ਦੇ ਨਤੀਜਿਆਂ ਲਈ ਵੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

ਐਨਆਈਆਰਐਫ ਰੈਂਕਿੰਗ ਵਿੱਚ ਪਰਿਵਰਤਨ ਦਰਾਂ ਨੂੰ ਸ਼ਾਮਲ ਕਰਕੇ, ਅਸੀਂ ਉੱਚ ਸਿੱਖਿਆ ਦੇ ਦ੍ਰਿਸ਼ ਨੂੰ ਇੱਕ ਅਜਿਹੇ ਰੂਪ ਵਿੱਚ ਮੁੜ ਆਕਾਰ ਦੇਣਾ ਸ਼ੁਰੂ ਕਰ ਸਕਦੇ ਹਾਂ ਜੋ ਔਰਤਾਂ ਨੂੰ ਕਾਰਜਬਲ ਵਿੱਚ ਸਫਲ ਹੋਣ ਲਈ ਸਰਗਰਮੀ ਨਾਲ ਸ਼ਕਤੀ ਪ੍ਰਦਾਨ ਕਰਦਾ ਹੈ। ਇਹ ਸਿਰਫ਼ ਇੱਕ ਨੀਤੀਗਤ ਸਿਫ਼ਾਰਸ਼ ਨਹੀਂ ਹੈ - ਇਹ ਕਾਰਵਾਈ ਲਈ ਇੱਕ ਸੱਦਾ ਹੈ।

ਜੇਕਰ ਸੰਸਥਾਵਾਂ ਅਤੇ ਅਧਿਕਾਰੀ ਆਪਣੇ ਟੀਚਿਆਂ ਨੂੰ ਇਸ ਦ੍ਰਿਸ਼ਟੀਕੋਣ ਨਾਲ ਜੋੜਦੇ ਹਨ, ਤਾਂ "ਮਹਿਲਾ ਸਸ਼ਕਤੀਕਰਨ" ਇੱਕ ਨਾਅਰਾ ਬਣਨ ਤੋਂ ਇੱਕ ਮਾਪਣਯੋਗ ਹਕੀਕਤ ਵੱਲ ਵਧੇਗਾ।

ਭਾਰਤ ਦਾ ਆਰਥਿਕ ਇੰਜਣ ਹੁਣ ਆਪਣੀ ਅੱਧੀ ਸਮਰੱਥਾ 'ਤੇ ਚੱਲਣ ਦਾ ਖਰਚਾ ਨਹੀਂ ਚੁੱਕ ਸਕਦਾ। ਸਮਾਵੇਸ਼ੀ ਵਿਕਾਸ ਦੀ ਯਾਤਰਾ ਉੱਥੋਂ ਸ਼ੁਰੂ ਹੁੰਦੀ ਹੈ ਜਿੱਥੋਂ ਕਰੀਅਰ ਸ਼ੁਰੂ ਹੁੰਦੇ ਹਨ: ਸਾਡੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ।

**ਸਿੱਟਾ**

* ਭਾਰਤ ਇੱਕ ਅਜਿਹੇ ਨਾਜ਼ੁਕ ਮੋੜ 'ਤੇ ਖੜ੍ਹਾ ਹੈ ਜਿੱਥੇ ਕਾਰਜਬਲ ਵਿੱਚ ਔਰਤਾਂ ਨੂੰ ਸਸ਼ਕਤ ਬਣਾਉਣਾ ਸਿਰਫ਼ ਇੱਕ ਨੈਤਿਕ ਜ਼ਰੂਰੀ ਨਹੀਂ ਹੈ, ਸਗੋਂ ਇੱਕ ਰਣਨੀਤਕ ਆਰਥਿਕ ਲੋੜ ਹੈ।
* ਕਰੀਅਰ ਕਾਉਂਸਲਿੰਗ, ਉੱਦਮਤਾ ਸਹਾਇਤਾ, ਅਤੇ ਲੀਡਰਸ਼ਿਪ ਸਿਖਲਾਈ ਦੀ ਪੇਸ਼ਕਸ਼ ਕਰਕੇ, ਕਾਲਜ ਤਬਦੀਲੀ ਦੇ ਸੱਚੇ ਉਤਪ੍ਰੇਰਕ ਬਣ ਸਕਦੇ ਹਨ।

# ਵਰਚੁਅਲ ਦੁਨੀਆ ਦੇ ਅਸਲ ਜੋਖਮ

ਦੁਨੀਆ ਭਰ ਵਿੱਚ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਲਗਾਤਾਰ ਵੱਧ ਰਹੀ ਹੈ, ਪਰ ਇਸਦੇ ਪ੍ਰਭਾਵ ਤੋਂ ਪੈਦਾ ਹੋਣ ਵਾਲੀਆਂ ਸਥਿਤੀਆਂ ਵੀ ਚਿੰਤਾਵਾਂ ਪੈਦਾ ਕਰ ਰਹੀਆਂ ਹਨ। ਹਾਲਾਂਕਿ ਦਰਵਾਜ਼ੇ 'ਤੇ ਪਹੁੰਚੇ ਇਸ ਜੋਖਮ ਬਾਰੇ ਸਾਵਧਾਨ ਰਹਿਣ ਬਾਰੇ ਬਹੁਤ ਗੱਲਾਂ ਹੋਈਆਂ ਹਨ, ਪਰ ਇਸਦੇ ਵਧਦੇ ਦਾਇਰੇ ਦੀ ਗੁੰਝਲਤਾ ਅਤੇ ਖ਼ਤਰਾ ਇੱਕ ਵੱਡੀ ਚਿੰਤਾ ਬਣਦਾ ਜਾ ਰਿਹਾ ਹੈ। ਸੋਸ਼ਲ ਮੀਡੀਆ ਦੀ ਸਮੱਸਿਆ ਹੋਰ ਵੀ ਡੂੰਘੀ ਹੋ ਰਹੀ ਹੈ... ਇੱਕ ਪਾਸੇ, ਇਸਨੇ ਜਾਣਕਾਰੀ ਤੱਕ ਪਹੁੰਚ ਦਾ ਦਾਇਰਾ ਵਧਾ ਦਿੱਤਾ ਹੈ, ਉੱਥੇ ਦੂਜੇ ਪਾਸੇ, ਇਸਨੇ ਨਵੀਆਂ ਚੁਣੌਤੀਆਂ ਵੀ ਪੇਸ਼ ਕੀਤੀਆਂ ਹਨ, ਜੋ ਹੁਣ ਸਾਡੇ ਸਮਾਜ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰ ਰਹੀਆਂ ਹਨ। ਅੱਜ ਦੇ ਤਕਨੀਕੀ ਯੁੱਗ ਵਿੱਚ, ਲਗਭਗ ਹਰ ਕਿਸੇ ਦੇ ਹੱਥਾਂ ਵਿੱਚ ਇੱਕ ਸਮਾਰਟ-ਫੋਨ ਹੈ। ਜੇਕਰ ਇੱਕ ਪਰਿਵਾਰ ਵਿੱਚ ਪੰਜ ਮੈਂਬਰ ਹਨ, ਤਾਂ ਘਰ ਵਿੱਚ ਤਿੰਨ ਜਾਂ ਚਾਰ ਸਮਾਰਟਫੋਨ ਹਨ। ਇਸ ਗੱਲ ਦੀ ਵੀ ਪ੍ਰਬਲ ਸੰਭਾਵਨਾ ਹੈ ਕਿ ਸਮਾਰਟਫੋਨ ਦੀ ਵਰਤੋਂ ਕਰਨ ਵਾਲੇ ਲਗਭਗ ਸਾਰੇ ਲੋਕਾਂ ਦਾ ਕਿਸੇ ਨਾ ਕਿਸੇ ਸੋਸ਼ਲ ਵੈੱਬਸਾਈਟ 'ਤੇ ਖਾਤਾ ਹੋਵੇਗਾ, ਜਿੱਥੇ ਉਹ ਆਪਣਾ ਸਮਾਂ ਘੰਟਿਆਂਬੱਧੀ ਬਿਤਾਉਂਦੇ ਹਨ। ਸੋਸ਼ਲ ਮੀਡੀਆ, ਜਿਸਨੂੰ ਪ੍ਰਗਟਾਵੇ, ਜਾਣਕਾਰੀ ਸਾਂਝੀ ਕਰਨ ਅਤੇ ਨਵੀਨਤਾ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਮੰਨਿਆ ਜਾਂਦਾ ਸੀ, ਅੱਜ ਵੀ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣ ਰਿਹਾ ਹੈ। ਸੋਸ਼ਲ ਮੀਡੀਆ ਰਾਹੀਂ ਅਫਵਾਹਾਂ ਫੈਲਾ ਕੇ ਸਮਾਜਿਕ ਸਦਭਾਵਨਾ ਅਤੇ ਸੰਕੁਚਿਤ ਸਕਾਰਾਤਮਕ ਸੋਚ ਨੂੰ ਵਿਗਾੜਨ ਦੇ ਯਤਨ ਕੀਤੇ ਜਾ ਰਹੇ ਹਨ। ਸਮਾਜਿਕ ਅਤੇ ਧਾਰਮਿਕ ਹਿੱਤਾਂ ਦੇ ਨਾਲ-ਨਾਲ ਰਾਜਨੀਤਿਕ ਹਿੱਤਾਂ ਲਈ ਇਸ ਪਲੇਟਫਾਰਮ 'ਤੇ ਗੁੰਮਰਾਹਕੁੰਨ ਜਾਣਕਾਰੀ ਪਰੋਸੀ ਜਾ ਰਹੀ ਹੈ। ਤੱਥਾਂ ਨੂੰ ਤੋੜ-ਮਰੋੜ ਕੇ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਵੱਖ-ਵੱਖ ਪਲੇਟਫਾਰਮਾਂ ਦੀ ਲਗਾਤਾਰ ਵਰਤੋਂ ਅਤੇ ਉਨ੍ਹਾਂ ਵਿੱਚ ਡੁੱਬੇ ਰਹਿਣ ਕਾਰਨ ਲੋਕਾਂ ਦੀ ਸੋਚ ਦਾ ਘੇਰਾ ਸੀਮਤ ਹੁੰਦਾ ਜਾ ਰਿਹਾ ਹੈ। ਸਿਰਫ਼ ਨੌਜਵਾਨ ਅਤੇ ਬਜ਼ੁਰਗ ਹੀ ਨਹੀਂ, ਸਗੋਂ ਬੱਚੇ ਵੀ ਹੁਣ ਸੋਸ਼ਲ ਮੀਡੀਆ ਦੀ ਲਤ ਦਾ ਸ਼ਿਕਾਰ ਹੋ ਰਹੇ ਹਨ। ਸੱਚਾਈ ਇਹ ਹੈ ਕਿ ਅੱਜ ਦੀ ਦੁਨੀਆ ਵਿੱਚ ਸੋਸ਼ਲ ਮੀਡੀਆ ਸਾਡੀ ਸੰਸਕ੍ਰਿਤੀ, ਆਰਥਿਕਤਾ ਅਤੇ ਲੋਕਾਂ ਦੇ ਸਮੁੱਚੇ ਦ੍ਰਿਸ਼ਟੀਕੋਣ ਨੂੰ ਪ੍ਰਭਾਵਿਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਹ ਪਲੇਟਫਾਰਮ ਲੋਕਾਂ ਨੂੰ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ, ਸਲਾਹ ਅਤੇ ਮਾਰਗਦਰਸ਼ਨ ਲੈਣ ਲਈ ਇੱਕ ਦੂਜੇ ਨਾਲ ਜੋੜਦਾ ਹੈ। ਸੋਸ਼ਲ ਮੀਡੀਆ ਨੇ ਸੰਚਾਰ ਰੁਕਾਵਟਾਂ ਨੂੰ ਦੂਰ ਕੀਤਾ ਹੈ ਅਤੇ ਹਰ ਕਿਸੇ ਲਈ ਆਪਣੇ ਵਿਚਾਰ ਪ੍ਰਗਟ ਕਰਨ ਦਾ ਦਰਵਾਜ਼ਾ ਖੋਲ੍ਹਿਆ ਹੈ। ਇਸ ਰਾਹੀਂ, ਆਪਣੀ ਗੱਲ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਆਸਾਨੀ ਨਾਲ ਪਹੁੰਚਾਉਣਾ ਸੰਭਵ ਹੈ। ਵਟਸਐਪ ਵਰਗੇ ਕੁਝ ਪਲੇਟਫਾਰਮ ਸੰਚਾਰ ਦਾ ਮਾਧਿਅਮ ਬਣ ਗਏ ਹਨ। ਸਾਲ 2016 ਤੋਂ, ਇਸਨੇ ਦੁਨੀਆ ਭਰ ਦੇ ਲੱਖਾਂ ਸੋਸ਼ਲ ਮੀਡੀਆ ਉਪਭੋਗਤਾਵਾਂ ਨੂੰ ਇਕੱਠੇ ਜੋੜਿਆ ਹੈ। ਅੱਜ ਇਹ ਮਾਧਿਅਮ ਸਾਡੀ ਜ਼ਿੰਦਗੀ ਵਿੱਚ ਇੱਕ ਵੱਡੀ ਭੂਮਿਕਾ ਨਿਭਾ ਰਿਹਾ ਹੈ, ਪਰ ਇਸਦੀ ਜ਼ਿਆਦਾ ਵਰਤੋਂ ਕਾਰਨ, ਸਾਨੂੰ ਇਸਦੀ ਕੀਮਤ ਚੁਕਾਉਣੀ ਪੈ ਰਹੀ ਹੈ। ਸੋਸ਼ਲ ਮੀਡੀਆ ਦੇ ਸਮਾਜ 'ਤੇ ਪ੍ਰਭਾਵਾਂ ਬਾਰੇ ਕਈ ਦਲੀਲਾਂ ਪੇਸ਼ ਕੀਤੀਆਂ ਗਈਆਂ ਹਨ। ਕੁਝ ਲੋਕ ਮੰਨਦੇ ਹਨ ਕਿ ਇਹ ਇੱਕ ਵਰਦਾਨ ਹੈ, ਜਦੋਂ ਕਿ ਕੁਝ ਲੋਕ ਮੰਨਦੇ ਹਨ ਕਿ ਇਹ ਇੱਕ ਸਰਾਪ ਹੈ। ਅੱਜ ਹਰ ਉਮਰ ਦੇ ਲੋਕ ਸੋਸ਼ਲ ਮੀਡੀਆ 'ਤੇ ਸਰਗਰਮ ਹਨ। ਇਸ ਦੇ ਕੁਝ ਫਾਇਦੇ ਦੇ ਨਾਲ-ਨਾਲ ਨੁਕਸਾਨ ਵੀ ਹਨ। ਇੱਕ ਤਰ੍ਹਾਂ ਨਾਲ, ਇਸ ਪਲੇਟਫਾਰਮ ਨੇ ਦੂਰ ਰਹਿਣ ਵਾਲੇ ਲੋਕਾਂ ਨੂੰ ਇੱਕ ਦੂਜੇ ਦੇ ਨੇੜੇ ਜ਼ਰੂਰ ਲਿਆਂਦਾ ਹੈ, ਪਰ ਨੇੜਲੇ ਲੋਕਾਂ ਨੂੰ ਦੂਰ ਕਰ ਦਿੱਤਾ ਹੈ। ਨੌਜਵਾਨ 'ਸੋਸ਼ਲ ਨੈੱਟਵਰਕਿੰਗ' ਦੇ ਆਦੀ ਹੋ ਗਏ ਹਨ। ਦਿਨ ਵਿੱਚ ਕਈ ਵਾਰ ਵੱਖ-ਵੱਖ ਪਲੇਟਫਾਰਮਾਂ 'ਤੇ ਆਪਣੀਆਂ ਟਿੱਪਣੀਆਂ ਜਾਂ ਫੋਟੋਆਂ ਦੇਖਣ, ਦੋਸਤਾਂ ਨਾਲ ਘੰਟਿਆਂਬੱਧੀ ਗੱਲਬਾਤ ਕਰਨ ਵਰਗੀਆਂ ਆਦਤਾਂ ਨੇ ਨੌਜਵਾਨਾਂ ਨੂੰ ਸੋਸ਼ਲ ਮੀਡੀਆ ਦਾ ਆਦੀ ਬਣਾ ਦਿੱਤਾ ਹੈ। ਇਹ ਪੀੜ੍ਹੀ ਫੇਸਬੁੱਕ, ਇੰਸਟਾਗ੍ਰਾਮ ਅਤੇ ਐਕਸ ਵਰਗੇ ਪਲੇਟਫਾਰਮਾਂ 'ਤੇ ਹਰ ਰੋਜ਼ ਬਹੁਤ ਜ਼ਿਆਦਾ ਸਮਾਂ ਬਿਤਾਉਣ ਨਾਲ ਬਹੁਤ ਹੱਦ ਤੱਕ ਪ੍ਰਭਾਵਿਤ ਹੋਈ ਹੈ, ਨਾ ਸਿਰਫ਼ ਉਨ੍ਹਾਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ, ਸਗੋਂ ਕੁਝ ਨਵਾਂ ਕਰਨ ਦੀ ਉਨ੍ਹਾਂ ਦੀ ਰਚਨਾਤਮਕ ਸਮਰੱਥਾ ਵੀ ਹੌਲੀ-ਹੌਲੀ ਘੱਟ ਰਹੀ ਹੈ ਜਾਂ ਖਤਮ ਹੋ ਰਹੀ ਹੈ। ਇਹ ਇੱਕ ਹੋਰ ਚਿੰਤਾਜਨਕ ਪਹਿਲੂ ਹੈ। ਆਧੁਨਿਕ ਤਕਨਾਲੋਜੀ ਦੇ ਪ੍ਰਵਾਹ ਵਿੱਚ, ਇਸ ਮਾਧਿਅਮ ਦੀ ਬਹੁਤ ਜ਼ਿਆਦਾ ਵਰਤੋਂ ਨੌਜਵਾਨਾਂ ਦੇ ਉਪਜਾਊ ਵਿਚਾਰਧਾਰਕ ਪੱਖ ਨੂੰ ਧੁੰਦਲਾ ਕਰਨ ਦਾ ਇੱਕ ਸਾਧਨ ਬਣ ਗਈ ਹੈ। ਜੇਕਰ ਲੋਕ ਸੋਸ਼ਲ ਮੀਡੀਆ 'ਤੇ ਅਣਉਚਿਤ ਸਮੱਗਰੀ ਦੇਖਦੇ ਹਨ, ਤਾਂ ਉਨ੍ਹਾਂ ਨੂੰ ਡਿਪਰੈਸ਼ਨ, ਚਿੰਤਾ, ਨਿਰਾਸ਼ਾ ਅਤੇ ਆਤਮਵਿਸ਼ਵਾਸ ਦੀ ਘਾਟ ਵਰਗੀਆਂ ਮਾਨਸਿਕ ਸਮੱਸਿਆਵਾਂ ਹੋ ਸਕਦੀਆਂ ਹਨ। ਅਜਿਹੀ ਸਮੱਗਰੀ ਨੌਜਵਾਨਾਂ ਦੇ ਸਮਾਜਿਕ ਰੁਤਬੇ ਅਤੇ ਸ਼ਖਸੀਅਤ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਇਸ ਨੂੰ ਗੁੰਝਲਦਾਰ ਬਣਾਉਣ ਦਾ ਇੱਕ ਪਿਛੋਕੜ ਵੀ ਹੈ। ਸੋਸ਼ਲ ਮੀਡੀਆ ਦੇ ਪ੍ਰਭਾਵ ਕਾਰਨ, ਅੱਜਕੱਲ੍ਹ ਪੈਸਾ ਕਮਾਉਣਾ ਵੀ ਆਮ ਹੋ ਗਿਆ ਹੈ। ਪੜ੍ਹਾਈ ਅਤੇ ਸਖ਼ਤ ਮਿਹਨਤ ਦੀ ਮਹੱਤਤਾ ਨੂੰ ਸਮਝਣ ਦੀ ਬਜਾਏ, ਅੱਜ ਦਾ ਨੌਜਵਾਨ ਆਸਾਨ ਤਰੀਕਾ ਲੱਭ ਰਿਹਾ ਹੈ। ਇਹ ਨੌਜਵਾਨ ਪੀੜ੍ਹੀ ਦਾ ਕਸੂਰ ਨਹੀਂ ਹੈ ਕਿ ਉਹ ਗਲਤ ਦਿਸ਼ਾ ਵਿੱਚ ਜਾ ਰਹੇ ਹਨ, ਅਸਲ ਸਮੱਸਿਆ ਇਹ ਹੈ ਕਿ ਸੋਸ਼ਲ ਮੀਡੀਆ ਨੇ ਉਨ੍ਹਾਂ ਦੀ ਸੋਚ 'ਤੇ ਡੂੰਘੀ ਛਾਪ ਛੱਡੀ ਹੈ। ਇਹ ਰੁਝਾਨ ਨਾ ਸਿਰਫ਼ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਨੁਕਸਾਨ ਪਹੁੰਚਾ ਰਿਹਾ ਹੈ, ਸਗੋਂ ਦੇਸ਼ ਦੇ ਸਮੁੱਚੇ ਵਿਕਾਸ ਨੂੰ ਵੀ ਰੋਕ ਰਿਹਾ ਹੈ। ਹਾਲਾਂਕਿ, ਇੰਟਰਨੈੱਟ ਪਲੇਟਫਾਰਮਾਂ ਦੀ ਵਰਤੋਂ ਹਕੀਕਤ ਤੋਂ ਵੀ ਵੱਖ ਹੋ ਸਕਦੀ ਹੈ। ਜ਼ਿਆਦਾਤਰ ਲੋਕ ਆਪਣੀ ਜ਼ਿੰਦਗੀ ਦੀਆਂ ਸਫਲਤਾਵਾਂ, ਖੁਸ਼ੀਆਂ ਅਤੇ ਜਸ਼ਨਾਂ ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਦੇ ਹਨ। ਇਹ ਵਰਚੁਅਲ ਦੁਨੀਆ ਨੌਜਵਾਨਾਂ ਦੁਆਰਾ ਬਣਾਈ ਗਈ ਹੈ। ਜਦੋਂ ਉਹ ਅਸਲ ਜ਼ਿੰਦਗੀ ਤੋਂ ਸਮੱਗਰੀ ਦੇਖਦੇ ਹਨ, ਤਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਹਰ

**(ਬਾਕੀ ਅਗਲੇ ਸਫੇ 'ਤੇ)**

# ਭਾਰਤ ਦੇ ਵ੍ਹਾਈਟ-ਕਾਲਰ ਨੌਕਰੀ ਬਾਜ਼ਾਰ 'ਤੇ ਏਆਈ ਦਾ ਕੀ ਪ੍ਰਭਾਵ ਪਵੇਗਾ?

**ਵਿਜੇ ਗਰਗ (ਪੀ.ਈ.ਐਸ.) ਸਾਬਕਾ ਪ੍ਰਿੰਸੀਪਲ**

ਏਆਈ ਭਾਰਤ ਦੇ ਵ੍ਹਾਈਟ-ਕਾਲਰ ਨੌਕਰੀ ਬਾਜ਼ਾਰ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਲਿਆਉਣ ਲਈ ਤਿਆਰ ਹੈ, ਜਿਸਦੀ ਵਿਸ਼ੇਸ਼ਤਾ ਚੁਣੌਤੀਆਂ ਅਤੇ ਮੌਕਿਆਂ ਦੋਵਾਂ ਦੁਆਰਾ ਦਰਸਾਈ ਗਈ ਹੈ। ਇੱਥੇ ਮੁੱਖ ਪ੍ਰਭਾਵਾਂ ਦਾ ਵੇਰਵਾ ਹੈ:

**ਨੌਕਰੀ ਦਾ ਵਿਸਥਾਪਨ ਅਤੇ ਮੁੜ ਆਕਾਰ ਦੇਣਾ:**

ਦੁਹਰਾਉਣ ਵਾਲੇ ਕੰਮਾਂ ਦਾ ਸਵੈਚਾਲਨ: ਏਆਈ ਨਿਯਮਾਂ-ਅਧਾਰਤ, ਦੁਹਰਾਉਣ ਵਾਲੇ ਅਤੇ ਪ੍ਰਕਿਰਿਆਤਮਕ ਕੰਮਾਂ ਨੂੰ ਸਵੈਚਾਲਿਤ ਕਰਨ ਵਿੱਚ ਉੱਤਮ ਹੈ। ਇਹ ਡੇਟਾ ਐਂਟਰੀ, ਗੁਣਵੱਤਾ ਨਿਰੀਖਣ, ਮੰਗ ਭਵਿੱਖਬਾਣੀ, ਭਾਸ਼ਾ ਅਨੁਵਾਦ, ਅਤੇ ਕੁਝ ਪ੍ਰਸ਼ਾਸਕੀ ਅਤੇ ਕਲੈਰੀਕਲ ਭੂਮਿਕਾਵਾਂ (ਜਿਵੇਂ ਕਿ ਇਨਵੌਇਸ ਪ੍ਰੋਸੈਸਿੰਗ ਅਤੇ ਸ਼ਡਿਊਲਿੰਗ) ਨਾਲ ਸਬੰਧਤ ਨੌਕਰੀਆਂ ਨੂੰ ਅੰਸ਼ਕ ਜਾਂ ਪੂਰੇ ਆਟੋਮੇਸ਼ਨ ਦੇ ਉੱਚ ਜੋਖਮ ਵਿੱਚ ਪਾਉਂਦਾ ਹੈ।

ਐਂਟਰੀ-ਲੈਵਲ ਰੋਲ 'ਤੇ ਪ੍ਰਭਾਵ: ਬਹੁਤ ਸਾਰੀਆਂ ਐਂਟਰੀ-ਲੈਵਲ ਵ੍ਹਾਈਟ-ਕਾਲਰ ਨੌਕਰੀਆਂ, ਖਾਸ ਕਰਕੇ ਤਕਨਾਲੋਜੀ (ਕੋਡਿੰਗ), ਗਾਹਕ ਸਹਾਇਤਾ, ਤਕਨੀਕੀ ਹੈਲਪਡੈਸਕ ਅਤੇ ਸਮੱਗਰੀ ਸਿਰਜਣਾ ਵਰਗੇ ਖੇਤਰਾਂ ਵਿੱਚ, ਨੂੰ ਉੱਚ ਆਟੋਮੇਸ਼ਨ ਲਈ ਬਹੁਤ ਜ਼ਿਆਦਾ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ। ਕੁਝ ਮਾਹਰ ਭਵਿੱਖਬਾਣੀ ਕਰਦੇ ਹਨ ਕਿ ਮੌਜੂਦਾ ਐਂਟਰੀ-ਲੈਵਲ ਦਫਤਰੀ ਰੋਲਾਂ ਵਿੱਚੋਂ 50% ਤੱਕ ਅਗਲੇ ਪੰਜ ਸਾਲਾਂ ਵਿੱਚ ਖਤਮ ਕੀਤੇ ਜਾ ਸਕਦੇ ਹਨ।

ਮੌਜੂਦਾ ਨੌਕਰੀਆਂ ਦੀ ਪ੍ਰਕਿਰਤੀ ਨੂੰ ਬਦਲਣਾ: ਸਿੱਧੇ ਤੌਰ 'ਤੇ ਬਦਲਣ ਦੀ ਬਜਾਏ, ਏਆਈ ਬਹੁਤ ਸਾਰੇ ਮੌਜੂਦਾ ਪੇਸ਼ਿਆਂ ਨੂੰ ਵਧਾਏਗਾ। ਉਦਾਹਰਣ ਵਜੋਂ, ਕਾਪੀਰਾਈਟਰ ਪਹਿਲੇ ਡਰਾਫਟ ਤਿਆਰ ਕਰਨ ਲਈ ਏਆਈ ਦੀ ਵਰਤੋਂ ਕਰ ਸਕਦੇ ਹਨ, ਜਿਸ ਨਾਲ ਉਹ ਡੂੰਘੇ ਬਿਰਤਾਂਤ ਵਿਕਾਸ ਅਤੇ ਰਣਨੀਤਕ ਸਮੱਗਰੀ ਯੋਜਨਾਬੰਦੀ 'ਤੇ ਧਿਆਨ ਕੇਂਦਰਿਤ ਕਰ ਸਕਣਗੇ। ਇਸੇ ਤਰ੍ਹਾਂ, ਲੇਖਾਕਾਰ ਆਡਿਟਿੰਗ, ਪਾਲਣਾ ਅਤੇ ਵਿੱਤੀ ਰਣਨੀਤੀ ਲਈ ਮਹੱਤਵਪੂਰਨ ਰਹਿਣਗੇ, ਏਆਈ ਵਿਸ਼ਲੇਸ਼ਣ ਵਿੱਚ ਸਹਾਇਤਾ ਕਰੇਗਾ।

ਨਿਗਰਾਨੀ ਅਤੇ ਪਾਲਣਾ ਭੂਮਿਕਾਵਾਂ: ਏਆਈ ਟੂਲ ਨਿਗਰਾਨੀ ਭੂਮਿਕਾਵਾਂ (ਨਿਗਰਾਨੀ ਅਤੇ ਪ੍ਰਬੰਧਨ ਪ੍ਰਣਾਲੀਆਂ ਦੁਆਰਾ) ਅਤੇ ਪਾਲਣਾ ਭੂਮਿਕਾਵਾਂ (ਜਿਵੇਂ ਕਿ ਗੁਣਵੱਤਾ ਨਿਯੰਤਰਣ ਨਿਰੀਖਕ ਅਤੇ ਆਈਟੀ ਸਹਾਇਤਾ) ਨੂੰ ਵੱਧ ਤੋਂ ਵੱਧ ਪ੍ਰਭਾਵਿਤ ਕਰ ਰਹੇ ਹਨ।

**ਨਵੀਆਂ ਨੌਕਰੀਆਂ ਦੀ ਸਿਰਜਣਾ:**

ਵਿਸ਼ੇਸ਼ ਏਆਈ-ਸੰਬੰਧੀ ਨੌਕਰੀਆਂ: ਏਆਈ ਦਾ ਉਭਾਰ ਇੱਕੋ ਸਮੇਂ ਨਵੀਆਂ, ਵਿਸ਼ੇਸ਼ ਭੂਮਿਕਾਵਾਂ ਪੈਦਾ ਕਰ ਰਿਹਾ ਹੈ। ਇਹਨਾਂ ਵਿੱਚ ਪ੍ਰੋਂਪਟ ਇੰਜੀਨੀਅਰ, ਏਆਈ ਸਹਾਇਤਾ ਇੰਜੀਨੀਅਰ, ਡੇਟਾ ਐਨੋਟੇਸ਼ਨ ਮਾਹਰ, ਸਾਈਬਰ ਸੁਰੱਖਿਆ ਵਿਸ਼ਲੇਸ਼ਕ, ਏਆਈ ਨੈਤਿਕਤਾ ਸਹਾਇਕ, ਵਿਜ਼ੂਅਲਾਈਜ਼ੇਸ਼ਨ ਮਾਹਰ, ਅਤੇ ਕੁਦਰਤੀ ਭਾਸ਼ਾ ਪ੍ਰੋਸੈਸਿੰਗ (ਐਨਐਲਪੀ) ਮਾਹਰ ਵਰਗੇ ਅਹੁਦੇ ਸ਼ਾਮਲ ਹਨ।



ਮਨੁੱਖੀ-ਕੇਂਦ੍ਰਿਤ ਹੁਨਰਾਂ ਦੀ ਲੋੜ ਵਾਲੀਆਂ ਭੂਮਿਕਾਵਾਂ: ਉਹ ਨੌਕਰੀਆਂ ਜੋ ਮਨੁੱਖੀ ਨਿਰਣੇ, ਹਮਦਰਦੀ, ਆਲੋਚਨਾਤਮਕ ਸੋਚ, ਰਚਨਾਤਮਕਤਾ, ਰਣਨੀਤਕ ਸੰਚਾਰ ਅਤੇ ਭਾਵਨਾਤਮਕ ਬੁੱਧੀ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀਆਂ ਹਨ, ਏਆਈ ਦੀ ਪਹੁੰਚ ਲਈ ਵਧੇਰੇ ਲਚਕੀਲਾ ਸਾਬਤ ਹੋ ਰਹੀਆਂ ਹਨ। ਇਸ ਵਿੱਚ ਸਿੱਖਿਆ, ਸਿਹਤ ਸੰਭਾਲ, ਲੀਡਰਸ਼ਿਪ ਅਤੇ ਕਾਉਂਸਲਿੰਗ ਦੇ ਪੇਸ਼ੇ ਸ਼ਾਮਲ ਹਨ।

**ਹੁਨਰਮੰਦੀ ਵਧਾਉਣਾ ਅਤੇ ਮੁੜ ਹੁਨਰਮੰਦੀ ਵਧਾਉਣਾ ਜ਼ਰੂਰੀ:**

ਹੁਨਰ ਦੀ ਰਿਡੰਡੈਂਸੀ: ਭਾਰਤੀ ਚਿੱਟੇ-ਕਾਲਰ ਕਰਮਚਾਰੀਆਂ ਦਾ ਇੱਕ ਮਹੱਤਵਪੂਰਨ ਪ੍ਰਤੀਸ਼ਤ (2024 ਦੇ ੀੀ ਅਹਿਮਦਾਬਾਦ ਅਧਿਐਨ ਵਿੱਚ ਲਗਭਗ 40%) ਸਮਝਦੇ ਹਨ ਕਿ ਉਨ੍ਹਾਂ ਦੇ ਮੌਜੂਦਾ ਹੁਨਰ ਓੀ ਕਾਰਨ ਬੇਲੋੜੇ ਹੋ ਜਾਣਗੇ।

ਮੰਗ-ਸਪਲਾਈ ਪਾੜਾ: ਭਾਰਤ ਨੂੰ ਵੱਡੇ ਪੱਧਰ 'ਤੇ ਹੁਨਰਮੰਦੀ ਵਧਾਉਣ ਦੀ ਤੁਰੰਤ ਲੋੜ ਹੈ, 2027 ਤੱਕ 10 ਲੱਖ ਤੋਂ ਵੱਧ ਹੁਨਰਮੰਦ ਏਆਈ ਪੇਸ਼ੇਵਰਾਂ ਦੀ ਘਾਟ ਦਾ ਅਨੁਮਾਨ ਹੈ। ਏਆਈ ਨਾਲ ਸਬੰਧਤ ਨੌਕਰੀਆਂ ਦੀ ਮੰਗ ਉਪਲਬਧ ਪ੍ਰਤਿਭਾ ਦਾ 1।52 ਗੁਣਾ ਹੋਣ ਦਾ ਅਨੁਮਾਨ ਹੈ।

ਭਵਿੱਖ ਲਈ ਤਿਆਰ ਹੁਨਰਾਂ 'ਤੇ ਧਿਆਨ ਕੇਂਦਰਤ ਕਰੋ: ਇੱਕ ਏਆਈ-ਸੰਚਾਲਿਤ ਅਰਥਵਿਵਸਥਾ ਵਿੱਚ ਵਧਣ-ਫੁੱਲਣ ਲਈ, ਵਿਅਕਤੀਆਂ ਅਤੇ ਸੰਗਠਨਾਂ ਨੂੰ ਨਿਰੰਤਰ ਸਿੱਖਣ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਅਜਿਹੇ ਹੁਨਰ ਵਿਕਸਤ ਕਰਨੇ ਚਾਹੀਦੇ ਹਨ ਜੋ ਏਆਈ ਦੁਹਰਾ ਨਹੀਂ ਸਕਦੇ। ਇਸ ਵਿੱਚ ਏਆਈ ਅਤੇ ਮਸ਼ੀਨ ਸਿਖਲਾਈ ਵਿੱਚ ਤਕਨੀਕੀ ਹੁਨਰ, ਨਾਲ ਹੀ ਸਮੱਸਿਆ-ਹੱਲ, ਅਨੁਕੂਲਤਾ ਅਤੇ ਆਲੋਚਨਾਤਮਕ ਸੋਚ ਵਰਗੇ ਨਰਮ ਹੁਨਰ ਸ਼ਾਮਲ ਹਨ।

ਸਰਕਾਰ ਅਤੇ ਉਦਯੋਗ ਪਹਿਲਕਦਮੀਆਂ: "ਸਕਿੱਲ ਇੰਡੀਆ ਡਿਜੀਟਲ ਹੱਬ" ਵਰਗੇ ਪ੍ਰੋਗਰਾਮ ਅਤੇ ਵਿਦਿਅਕ ਸੰਸਥਾਵਾਂ ਅਤੇ ਉਦਯੋਗ ਵਿਚਕਾਰ ਸਹਿਯੋਗ ਏਆਈ ਪ੍ਰਤਿਭਾ ਦੇ ਪਾੜੇ ਨੂੰ ਪੂਰਾ ਕਰਨ ਲਈ ਮਹੱਤਵਪੂਰਨ ਹਨ।

**ਉਦਯੋਗ-ਵਿਸ਼ੇਸ਼ ਪ੍ਰਭਾਵ:**

ਆਈਟੀ ਸੈਕਟਰ: ਆਈਟੀ ਸੈਕਟਰ, ਜੋ ਕਦੇ ਭਾਰਤ ਵਿੱਚ ਵ੍ਹਾਈਟ-ਕਾਲਰ ਨੌਕਰੀਆਂ ਲਈ ਇੱਕ ਪ੍ਰਮੁੱਖ ਇੰਜਣ ਸੀ, ਪਹਿਲਾਂ ਹੀ ਬਦਲਾਅ ਦੇਖ ਰਿਹਾ ਹੈ। ਜਿੱਥੇ ਏਆਈ ਨਵੇਂ ਮੌਕੇ ਪੈਦਾ ਕਰਦਾ ਹੈ, ਉੱਥੇ ਹੀ ਕੁਝ ਰਵਾਇਤੀ ਆਈਟੀ ਭੂਮਿਕਾਵਾਂ ਨੂੰ ਘਟਾਉਣ ਦਾ ਰੁਝਾਨ ਵੀ ਹੈ ਕਿਉਂਕਿ ਆਟੋਮੇਸ਼ਨ ਹਾਵੀ ਹੋ ਰਿਹਾ ਹੈ।

ਵਿੱਤੀ ਸੇਵਾਵਾਂ: ਏਆਈ-ਸੰਚਾਲਿਤ ਧੋਖਾਧੜੀ ਦਾ ਪਤਾ ਲਗਾਉਣਾ, ਐਲਗੋਰਿਦਮਿਕ ਵਪਾਰ, ਅਤੇ ਜੋਖਮ ਮੁਲਾਂਕਣ ਵਿੱਤੀ ਸੇਵਾਵਾਂ ਨੂੰ ਬਦਲ ਰਹੇ ਹਨ, ਲੈਣ-ਦੇਣ ਨੂੰ ਸੁਰੱਖਿਅਤ ਅਤੇ ਵਧੇਰੇ ਕੁਸ਼ਲ ਬਣਾ ਰਹੇ ਹਨ।

ਨਿਰਮਾਣ: ਏਆਈ ਉਤਪਾਦਨ ਯੋਜਨਾਬੰਦੀ, ਸਮਾਰਟ ਆਟੋਮੇਸ਼ਨ, ਅਤੇ ਨਿਰਮਾਣ ਵਿੱਚ ਖੋਜ ਅਤੇ ਵਿਕਾਸ ਨੂੰ ਅਨੁਕੂਲ ਬਣਾ ਰਿਹਾ ਹੈ, ਜਿਸ ਨਾਲ ਕੁਸ਼ਲਤਾ ਵਧਦੀ ਹੈ ਅਤੇ ਲਾਗਤਾਂ ਘਟਦੀਆਂ ਹਨ।

**ਵਿਆਪਕ ਆਰਥਿਕ ਪ੍ਰਭਾਵ:**

ਉਤਪਾਦਕਤਾ ਵਿੱਚ ਵਾਧਾ: ਏਆਈ ਤੋਂ ਵੱਖ-ਵੱਖ ਖੇਤਰਾਂ ਵਿੱਚ ਉਤਪਾਦਕਤਾ ਅਤੇ ਕੁਸ਼ਲਤਾ ਵਿੱਚ ਮਹੱਤਵਪੂਰਨ ਵਾਧਾ ਹੋਣ ਦੀ ਉਮੀਦ ਹੈ।

ਮੰਦੀ ਦੀ ਸੰਭਾਵਨਾ: ਕੁਝ ਮਾਹਰ ਚੇਤਾਵਨੀ ਦਿੰਦੇ ਹਨ ਕਿ ਏਆਈ ਦੇ ਕਾਰਨ ਵੱਡੇ ਪੱਧਰ 'ਤੇ ਨੌਕਰੀਆਂ ਦਾ ਵਿਸਥਾਪਨ ਥੋੜ੍ਹੇ ਸਮੇਂ ਲਈ ਆਰਥਿਕ ਰੁਕਾਵਟਾਂ ਅਤੇ ਇੱਥੋਂ ਤੱਕ ਕਿ ਮੰਦੀ ਦਾ ਕਾਰਨ ਬਣ ਸਕਦਾ ਹੈ ਜੇਕਰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਿਤ ਨਾ ਕੀਤਾ ਗਿਆ।

ਕੰਮ ਦੇ ਮੁੱਲ ਵਿੱਚ ਬਦਲਾਅ: ਏਆਈ ਇੱਕ ਵਾਰ ਵਿਸ਼ੇਸ਼ ਹੁਨਰਾਂ ਨੂੰ ਵਸਤੂਕਰਨ ਕਰਕੇ ਉਨ੍ਹਾਂ ਦੇ ਮਾਹਰ ਮੁੱਲ ਦੀਆਂ ਭੂਮਿਕਾਵਾਂ ਨੂੰ ਖੋਹ ਸਕਦਾ ਹੈ, ਸੰਭਾਵੀ ਤੌਰ 'ਤੇ ਕਰਮਚਾਰੀਆਂ ਨੂੰ ਘੱਟ ਤਨਖਾਹ ਵਾਲੀਆਂ, ਘੱਟ-ਕੁਸ਼ਲ ਭੂਮਿਕਾਵਾਂ ਵਿੱਚ ਮਜਬੂਰ ਕਰ ਸਕਦਾ ਹੈ ਜੇਕਰ ਉਹ ਅਨੁਕੂਲ ਨਹੀਂ ਹੁੰਦੇ। ਸਿੱਟੇ ਵਜੋਂ, ਭਾਰਤ ਦੇ ਵ੍ਹਾਈਟ-ਕਾਲਰ ਨੌਕਰੀ ਬਾਜ਼ਾਰ 'ਤੇ ਏਆਈ ਦਾ ਪ੍ਰਭਾਵ ਡੂੰਘਾ ਅਤੇ ਬਹੁਪੱਖੀ ਹੋਵੇਗਾ। ਜਦੋਂ ਕਿ ਕੁਝ ਖੇਤਰਾਂ ਵਿੱਚ ਨੌਕਰੀਆਂ ਦਾ ਵਿਸਥਾਪਨ ਅਟੱਲ ਹੈ, ਇਹ ਨਵੀਆਂ ਭੂਮਿਕਾਵਾਂ ਦੀ ਸਿਰਜਣਾ ਨੂੰ ਵੀ ਉਤਸ਼ਾਹਿਤ ਕਰੇਗਾ ਅਤੇ ਕਾਰਜਬਲ ਵਿੱਚ ਹੁਨਰ ਵਿਕਾਸ ਅਤੇ ਮੁੜ ਹੁਨਰ ਵਿਕਾਸ ਲਈ ਇੱਕ ਵੱਡੇ ਪੱਧਰ 'ਤੇ ਜ਼ੋਰ ਦੇਣ ਦੀ ਜ਼ਰੂਰਤ ਹੋਵੇਗੀ। ਭਾਰਤ ਦੀ ਆਪਣੀ ਮਨੁੱਖੀ ਪੂੰਜੀ ਨੂੰ ਅਨੁਕੂਲ ਬਣਾਉਣ ਅਤੇ ਨਿਵੇਸ਼ ਕਰਨ ਦੀ ਯੋਗਤਾ ਇਹ ਨਿਰਧਾਰਤ ਕਰੇਗੀ ਕਿ ਇਹ ਏਆਈ ਕ੍ਰਾਂਤੀ ਦੀ ਅਗਵਾਈ ਕਰਦਾ ਹੈ ਜਾਂ ਗਤੀ ਬਣਾਈ ਰੱਖਣ ਲਈ ਸੰਘਰਸ਼ ਕਰਦਾ ਹੈ।

# ਵਰਚੁਅਲ ਦੁਨੀਆ ਦੇ ਅਸਲ ਜੋਖਮ

**(ਸਫਾ 30 ਦੀ ਬਾਕੀ)**

ਕੋਈ ਉਨ੍ਹਾਂ ਨਾਲੋਂ ਬਿਹਤਰ ਜ਼ਿੰਦਗੀ ਜੀ ਰਿਹਾ ਹੈ। ਉਹ ਆਪਣੀ ਜ਼ਿੰਦਗੀ ਦੀ ਤੁਲਨਾ ਇਨ੍ਹਾਂ ਵਰਚੁਅਲ ਤਸਵੀਰਾਂ ਨਾਲ ਕਰਨਾ ਸ਼ੁਰੂ ਕਰ ਦਿੰਦੇ ਹਨ ਅਤੇ ਇਹ ਨਹੀਂ ਸਮਝਦੇ ਕਿ ਉਹ ਜੋ ਦੇਖ ਰਹੇ ਹਨ ਉਹ ਜ਼ਿੰਦਗੀ ਦੇ ਚੰਗੇ ਹਿੱਸੇ ਦਾ ਪ੍ਰਦਰਸ਼ਨ ਹੈ। ਇਹ ਅਸਮਾਨਤਾ ਦੀ ਭਾਵਨਾ ਉਨ੍ਹਾਂ ਨੂੰ ਮਾਨਸਿਕ ਅਤੇ ਭਾਵਨਾਤਮਕ ਤੌਰ 'ਤੇ ਪਰੇਸ਼ਾਨ ਕਰਦੀ ਹੈ, ਜਿਸ ਨਾਲ ਤਣਾਅ ਵਧਦਾ ਹੈ। ਸੋਸ਼ਲ ਮੀਡੀਆ ਨੇ ਲੋਕਾਂ ਨੂੰ ਇੱਕ ਦੂਜੇ ਨਾਲ ਜੋੜਨ ਦਾ ਕੰਮ ਕੀਤਾ ਹੋਵੇਗਾ, ਪਰ ਇਸਦੇ ਮਾੜੇ ਪ੍ਰਭਾਵ ਵੀ ਵਿਆਪਕ ਹਨ। ਇਸ ਸਭ ਦਾ ਨਤੀਜਾ ਇਹ ਹੈ ਕਿ ਹੁਣ ਅਸਲ ਸਮਾਜਿਕ ਸਬੰਧਾਂ ਦੀ ਥਾਂ ਵਰਚੁਅਲ ਰਿਸ਼ਤਿਆਂ ਨੇ ਲੈ ਲਈ ਹੈ। ਪਹਿਲਾਂ ਜਿੱਥੇ ਲੋਕ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਨਿੱਜੀ ਤੌਰ 'ਤੇ ਮਿਲਦੇ ਸਨ, ਹੁਣ ਉਨ੍ਹਾਂ ਦੀ ਗੱਲਬਾਤ ਸੋਸ਼ਲ ਮੀਡੀਆ ਪਲੇਟਫਾਰਮਾਂ ਤੱਕ ਸੀਮਤ ਹੈ। ਨੌਜਵਾਨ ਹੁਣ ਅਸਲ ਸਬੰਧਾਂ ਨੂੰ ਸਮਾਂ ਨਹੀਂ ਦੇ ਪਾ ਰਹੇ। ਉਹ ਵਰਚੁਅਲ ਦੁਨੀਆ ਵਿੱਚ ਇੰਨੇ ਗੁਆਚ ਜਾਂਦੇ ਹਨ ਕਿ ਉਨ੍ਹਾਂ ਕੋਲ ਆਪਣੇ ਆਲੇ ਦੁਆਲੇ ਦੇ ਲੋਕਾਂ ਨਾਲ ਅਸਲ ਸਬੰਧ ਬਣਾਉਣ ਲਈ ਸਮਾਂ ਨਹੀਂ ਹੁੰਦਾ। ਇਹ ਭਾਵਨਾਤਮਕ ਦੂਰੀ ਇਕੱਲਤਾ ਅਤੇ ਉਦਾਸੀ ਦਾ ਇੱਕ ਵੱਡਾ ਕਾਰਨ ਬਣ ਜਾਂਦੀ ਹੈ। ਇਹ ਸੱਚ ਹੈ ਕਿ ਕਿਸੇ ਵੀ ਚੀਜ਼ ਦੇ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਪ੍ਰਭਾਵ ਹੁੰਦੇ ਹਨ। ਸੋਸ਼ਲ ਮੀਡੀਆ ਨੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਨੂੰ ਇੱਕ ਨਵਾਂ ਪਹਿਲੂ ਦਿੱਤਾ ਹੈ, ਅੱਜ ਹਰ ਵਿਅਕਤੀ ਬਿਨਾਂ ਕਿਸੇ ਡਰ ਦੇ ਸੋਸ਼ਲ ਮੀਡੀਆ ਰਾਹੀਂ ਆਪਣੇ ਵਿਚਾਰ ਪ੍ਰਗਟ ਕਰ ਸਕਦਾ ਹੈ।


ਹਾਲਾਂਕਿ, ਇੰਟਰਨੈਟ ਪਲੇਟਫਾਰਮਾਂ ਦੀ ਵਰਤੋਂ ਹਕੀਕਤ ਤੋਂ ਵੱਖਰੀ ਹੋ ਸਕਦੀ ਹੈ। ਜ਼ਿਆਦਾਤਰ ਲੋਕ ਆਪਣੀਆਂ ਸਫਲਤਾਵਾਂ, ਖੁਸ਼ੀਆਂ ਅਤੇ ਆਪਣੀ ਜ਼ਿੰਦਗੀ ਦੀ ਜਸ਼ਨ ਸੋਸ਼ਲ ਮੀਡੀਆ 'ਤੇ ਸਾਂਝੇ ਕਰਦੇ ਹਨ। ਇਹ ਵਰਚੁਅਲ ਦੁਨੀਆ ਉਨ੍ਹਾਂ ਨੌਜਵਾਨਾਂ ਦੁਆਰਾ ਬਣਾਈ ਗਈ ਹੈ ਜੋ ਅਸਲ ਜ਼ਿੰਦਗੀ ਤੋਂ ਸਮੱਗਰੀ ਦੇਖਦੇ ਹਨ, ਅਤੇ ਮਹਿਸੂਸ ਕਰਦੇ ਹਨ ਕਿ ਬਾਕੀ ਸਾਰੇ ਉਨ੍ਹਾਂ ਨਾਲੋਂ ਬਿਹਤਰ ਜ਼ਿੰਦਗੀ ਜੀ ਰਹੇ ਹਨ। ਉਹ ਆਪਣੀਆਂ ਜ਼ਿੰਦਗੀਆਂ ਦੀ ਤੁਲਨਾ ਇਨ੍ਹਾਂ ਵਰਚੁਅਲ ਤਸਵੀਰਾਂ ਨਾਲ ਕਰਨਾ ਸ਼ੁਰੂ ਕਰ ਦਿੰਦੇ ਹਨ ਅਤੇ ਇਹ ਨਹੀਂ ਸਮਝਦੇ ਕਿ ਉਹ ਜੋ ਦੇਖ ਰਹੇ ਹਨ ਉਹ ਜ਼ਿੰਦਗੀ ਦੇ ਚੰਗੇ ਹਿੱਸੇ ਦਾ ਪ੍ਰਦਰਸ਼ਨ ਹੈ। ਅਸਮਾਨਤਾ ਦੀ ਇਹ ਭਾਵਨਾ ਉਨ੍ਹਾਂ ਨੂੰ ਮਾਨਸਿਕ ਅਤੇ ਭਾਵਨਾਤਮਕ ਤੌਰ 'ਤੇ ਪਰੇਸ਼ਾਨ ਕਰਦੀ ਹੈ, ਜਿਸ ਨਾਲ ਤਣਾਅ ਵਧਦਾ ਹੈ। ਸੋਸ਼ਲ ਮੀਡੀਆ ਨੇ ਲੋਕਾਂ ਨੂੰ ਇੱਕ ਦੂਜੇ ਨਾਲ ਜੋੜਨ ਦਾ ਕੰਮ ਕੀਤਾ ਹੋ ਸਕਦਾ ਹੈ, ਪਰ ਇਸਦੇ ਮਾੜੇ ਪ੍ਰਭਾਵ ਵੀ ਵਿਆਪਕ ਹਨ। ਇਸ ਸਭ ਦਾ ਨਤੀਜਾ ਇਹ ਹੈ ਕਿ ਹੁਣ ਅਸਲ ਸਮਾਜਿਕ ਰਿਸ਼ਤਿਆਂ ਦੀ ਥਾਂ ਵਰਚੁਅਲ ਰਿਸ਼ਤਿਆਂ ਨੇ ਲੈ ਲਈ ਹੈ। ਪਹਿਲਾਂ ਜਿੱਥੇ ਲੋਕ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਨਿੱਜੀ ਤੌਰ 'ਤੇ ਮਿਲਦੇ ਸਨ, ਹੁਣ ਉਨ੍ਹਾਂ ਦੀ ਗੱਲਬਾਤ ਸੋਸ਼ਲ ਮੀਡੀਆ ਪਲੇਟਫਾਰਮਾਂ ਤੱਕ ਸੀਮਤ ਹੈ। ਨੌਜਵਾਨ ਹੁਣ ਅਸਲ ਰਿਸ਼ਤਿਆਂ ਨੂੰ ਸਮਾਂ ਨਹੀਂ ਦੇ ਪਾ ਰਹੇ। ਉਹ ਵਰਚੁਅਲ ਦੁਨੀਆ ਵਿੱਚ ਇੰਨੇ ਗੁਆਚ ਜਾਂਦੇ ਹਨ ਕਿ ਉਨ੍ਹਾਂ ਕੋਲ ਆਪਣੇ ਆਲੇ ਦੁਆਲੇ ਦੇ ਲੋਕਾਂ ਨਾਲ ਅਸਲ ਸੰਪਰਕ ਲਈ ਸਮਾਂ ਨਹੀਂ ਹੁੰਦਾ। ਇਹ ਭਾਵਨਾਤਮਕ ਦੂਰੀ ਇਕੱਲਤਾ ਅਤੇ ਉਦਾਸੀ ਦਾ ਇੱਕ ਵੱਡਾ ਕਾਰਨ ਬਣ ਜਾਂਦੀ ਹੈ। ਇਹ ਸੱਚ ਹੈ ਕਿ ਕਿਸੇ ਵੀ ਚੀਜ਼ ਦੇ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਪ੍ਰਭਾਵ ਹੁੰਦੇ ਹਨ। ਸੋਸ਼ਲ ਮੀਡੀਆ ਨੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਨੂੰ ਇੱਕ ਨਵਾਂ ਪਹਿਲੂ ਦਿੱਤਾ ਹੈ, ਅੱਜ ਹਰ ਵਿਅਕਤੀ ਬਿਨਾਂ ਕਿਸੇ ਡਰ ਦੇ ਸੋਸ਼ਲ ਮੀਡੀਆ ਰਾਹੀਂ ਆਪਣੇ ਵਿਚਾਰ ਪ੍ਰਗਟ ਕਰ ਸਕਦਾ ਹੈ ਅਤੇ ਇਸਨੂੰ ਹਜ਼ਾਰਾਂ ਲੋਕਾਂ ਤੱਕ ਪਹੁੰਚਾ ਸਕਦਾ ਹੈ। ਇਸ ਨਾਲ ਸਾਡੇ ਸਮਾਜ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਆਈਆਂ ਹਨ, ਜੋ ਸਕਾਰਾਤਮਕ ਅਤੇ ਨਕਾਰਾਤਮਕ ਦੋਵਾਂ ਰੂਪਾਂ ਵਿੱਚ ਵੇਖੀਆਂ ਜਾ ਸਕਦੀਆਂ ਹਨ, ਪਰ ਸੋਸ਼ਲ ਮੀਡੀਆ ਦੀ ਦੁਰਵਰਤੋਂ ਨੇ ਇਸਨੂੰ ਇੱਕ ਖ਼ਤਰਨਾਕ ਸਾਧਨ ਵਜੋਂ ਵੀ ਸਥਾਪਿਤ ਕੀਤਾ ਹੈ, ਜੋ ਕਿ ਅਸਲ ਵਿੱਚ ਚਿੰਤਾ ਦਾ ਵਿਸ਼ਾ ਹੈ।

ਅਜਿਹੀ ਸਥਿਤੀ ਵਿੱਚ, ਇਸਨੂੰ ਕੰਟਰੋਲ ਕਰਨ ਜਾਂ ਇਸਦੀ ਵਰਤੋਂ ਨੂੰ ਘਟਾਉਣ ਦੀ ਜ਼ਰੂਰਤ ਲਗਾਤਾਰ ਮਹਿਸੂਸ ਕੀਤੀ ਜਾ ਰਹੀ ਹੈ। ਇਸਦੇ ਸਮਾਜਿਕ ਪ੍ਰਭਾਵਾਂ ਨੂੰ ਦੇਖਦੇ ਹੋਏ, ਹੁਣ ਇਹ ਜ਼ਰੂਰੀ ਹੈ ਕਿ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਨਾ ਕੀਤੀ ਜਾਵੇ ਅਤੇ ਸੋਸ਼ਲ ਮੀਡੀਆ ਦੀ ਦੁਰਵਰਤੋਂ ਨੂੰ ਰੋਕਣ ਲਈ ਜ਼ਰੂਰੀ ਕਦਮ ਚੁੱਕੇ ਜਾਣ, ਤਾਂ ਜੋ ਭਵਿੱਖ ਵਿੱਚ ਇਸਦੇ ਮਾੜੇ ਪ੍ਰਭਾਵਾਂ ਤੋਂ ਬਚਿਆ ਜਾ ਸਕੇ। ਇਸ ਲਈ, ਖਾਸ ਕਰਕੇ ਨੌਜਵਾਨਾਂ ਨੂੰ ਜਾਗਰੂਕ ਕਰਨ ਦੀ ਜ਼ਰੂਰਤ ਹੈ, ਤਾਂ ਜੋ ਉਹ ਵਰਚੁਅਲ ਦੁਨੀਆ ਵਿੱਚ ਬੇਲੋੜੇ ਗੁਆਚ ਨਾ ਜਾਣ ਅਤੇ ਹਕੀਕਤ ਦੇ ਸਾਹਮਣੇ ਨਾ ਆਉਣ। ਵੈਸੇ ਵੀ, ਸੋਸ਼ਲ ਮੀਡੀਆ ਦੇ ਲਾਭ ਸੱਚਮੁੱਚ ਉਦੋਂ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ ਜਦੋਂ ਇਸਨੂੰ ਸੰਤੁਲਿਤ ਅਤੇ ਉਦੇਸ਼ਪੂਰਨ ਢੰਗ ਨਾਲ ਵਰਤਿਆ ਜਾਵੇ।

ੴ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

*In loving memory of*



## Gurbachan Singh

Please join us for the memorial service at

**July 17, 2025 | at 10 am**

Shant Bhawan Funeral Home

4800 E Clayton Avenue, Fresno, CA 93625

Followed by Sehaj Paath Bhog at

Guru Ravidass Temple at 2 pm

2650 Blaine Ave, Selma, CA 93662

**ਅਦਾਰਾ 'ਦੇਸ਼ ਦੁਆਬਾ' ਸ. ਗੁਰਬਚਨ ਸਿੰਘ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਦਿਲੀ ਦੁੱਖ ਸਾਂਝਾ ਕਰਦਾ ਹੈ।**




# ਪੰਜਾਬੀ ਫ਼ਿਲਮ

ਅੰਮ੍ਰਿਤ ਪਵਾਰ

## ਦਰਸ਼ਨ ਔਲਖ ਹਿੰਦੀ ਫ਼ਿਲਮਾਂ ਦੀਆਂ ਹੀਰੋਇਨਾਂ ਦਾ ਚਹੇਤਾ

ਆਪਣੀ ਕਾਬਲੀਅਤ ਦੇ ਨਾਲ ਮਿਲਵਰਤਣ ਵਤੀਰੇ ਤੇ ਹਸਮੁੱਖ ਸੁਭਾਅ ਅਤੇ ਇੱਜ਼ਤ ਨਾਲ ਪੇਸ਼ ਆਉਣਾ ਇਹਨਾਂ ਸਭਨਾਂ ਨੇ ਦਰਸ਼ਨ ਔਲਖ ਨੂੰ ਬਾਲੀਵੁੱਡ ਨਗਰ ਦੀਆਂ ਹੀਰੋਇਨਾਂ ਦਾ ਚਹੇਤਾ ਲਾਈਨ ਨਿਰਮਾਤਾ ਬਣਾ ਦਿੱਤਾ ਹੈ। ਰੇਖਾ ਤੱਕ



ਨੇ ਕਿਹਾ ਸੀ ਕਿ ਅਸਲੀ ਮਹਿਮਾਨ ਨਿਵਾਜੀ ਕੋਈ ਔਲਖ ਤੋਂ ਸਿੱਖੇ। ਨਰਗਿਸ ਫਾਖਰੀ ਉਸ ਦੇ ਚੁਟਕਲੇ ਸੁਣ ਮਜ਼ਾ ਲੈਂਦੀ ਤੇ ਕੇਹੰਦੀ ਦਰਸ਼ਨ ਭਾਈ ਹਾਸੇ ਦੀ ਪਟਾਰੀ ਨੇ ਤੇ ਕਰੀਨਾ ਕਪੂਰ ਤੋ ਨਵੀਂ ਪੀੜ੍ਹੀ ਦੀਆਂ ਹੀਰੋਇਨਾਂ ਦੀ ਨਜ਼ਰੇ ਪੰਜਾਬੀ ਸੁਭਾਅ ਤੇ ਆਦਤਾਂ ਦਾ ਦੂਜਾ ਨਾਮ ਦਰਸ਼ਨ ਔਲਖ ਹੈ। ਆਲੀਆ ਭੱਟ ਨੇ ਕਿਹਾ ਕਿ ਉਹ 20 ਸਾਲ ਦੀ ਐਕਟ੍ਰੈਸ ਨਾਲ ਮੁੰਡਾ ਖੁੰਡਾ ਬਣ ਵਰਤਾ  ਕਰਦਾ ਹੈ ਤੇ ਸੀਨੀਅਰ ਹੀਰੋਇਨ ਨਾਲ ਅਤੀ ਗੰਭੀਰ ਇਨਸਾਨ ਬਣ ਪੇਸ਼ ਆਉਂਦਾ ਹੈ। ਦਰਸ਼ਨ ਔਲਖ ਨੇ ਯਸ਼ਰਾਜ ਫ਼ਿਲਮਜ਼ ਦੀਆਂ ਤਕਰੀਬਨ ਸਾਰੀਆਂ ਫ਼ਿਲਮਾਂ ਕੀਤੀਆਂ ਹਨ ਤੇ ਕਬੀਰ ਖਾਨ ਤੋਂ ਨਵੇਂ ਨਿਰਦੇਸ਼ਕ ਵੀ ਉਸ ਦੇ ਕੰਮ ਨੂੰ ਸਹੀ ਗਿਣਦੇ ਹਨ। ਵੈਸੇ ਇੱਕ ਸ਼ਾਨਦਾਰ ਐਕਟਰ ਤੇ ਲਾਈਨ ਨਿਰਮਾਤਾ ਦੇ ਨਾਲ ਨਾਲ ਅੱਜ ਕਲ ਗਾਇਕ ਵੀ ਹੈ।ਬਾਲੀਵੁੱਡ ਹੀਰੋਇਨਾਂ ਦਾ ਮਨਪਸੰਦ ਲਾਈਨ ਨਿਰਮਾਤਾ ਤੇ ਪੰਜਾਬ ਤੋਂ ਐਕਟਰ ਦਰਸ਼ਨ ਔਲਖ ਤੇ ਫ਼ਿਰ ਕਹੋ ਨਾ ਸੱਤੇ ਖੈਰਾਂ ਹੋਵਣ ਆਫ਼ਰੀਨ।

## ਗੋਗੀ ਨੂੰ ਮਿੱਠਿਓਂ ਮਿੱਠੀ ਆਵਾਜ਼ ਲੱਗਦੀ ਹੈ ਸੁੱਖਰੀਤ ਬੁੱਟਰ

ਗੋਗੀ ਘੁਮਾਣ ਦੀ ਗੱਲ "ਅੱਧਾ ਪਿੰਡ" ਨੇ ਗਾਇਕੀ ਵਿੱਚ ਚੰਗੀ ਬਣਾ ਦਿੱਤੀ ਹੈ ਤੇ ਹੁਣ ਉਹ ਬੱਚੇ ਬੱਚੇ ਦਾ ਮਨਪਸੰਦ ਗਾਇਕ ਬਣਨ ਦੇ ਯਤਨਾਂ ਲਈ ਪਾਲ



ਸਿੱਧੂ ਨਾਲ ਹੱਥ ਮਿਲਾ ਚੁੱਕਾ ਹੈ। ਅੰਮ੍ਰਿਤ ਸਿੰਘ ਜੀ ਉਰਫ ਪਾਲ ਸਿੱਧੂ ਨੇ ਗੋਗੀ ਦੇ ਆਵਾਜ਼ ਪੱਧਰ ਨੂੰ ਦੇਖ ਕਿ ਤੇਜ਼ੀ ਨਾਲ ਉਭਰੀ ਗਾਇਕਾ ਸੁੱਖਰੀਤ ਬੁੱਟਰ ਨਾਲ ਗੋਗੀ ਦਾ ਦੋਗਾਣਾ, "ਸੋਰੀ," ਕੀਤਾ ਹੈ। ਸੁੱਖਰੀਤ ਨੇ ਖੁਦ ਕਿਹਾ ਕਿ ਮਿਊਜ਼ਿਕ ਐਂਪਾਇਰ ਦੀ ਮਿਹਰਬਾਨੀ ਜਿਸ ਨੇ ਉਸ ਦੀ ਗੋਗੀ ਘੁਮਾਣ ਦੀ ਆਵਾਜ਼ ਦਾ ਮਿਸ਼ਰਨ ਕਰ ਹਿੱਟ ਦੋਗਾਣਾ, "ਸੋਰੀ" ਕੀਤਾ ਹੈ। ਗੋਗੀ ਨੇ ਕਿਹਾ ਕਿ ਇਸ ਸਮੇਂ ਦੇ ਸਟਾਰ ਗੀਤਕਾਰ ਵਿੱਕੀ ਧਾਲੀਵਾਲ ਨੇ ਗਾਣਾ ਹੀ ਬੇਹਤਰੀਨ ਲਿਖਿਆ ਤੇ ਸੁੱਖ ਨੇ ਆਵਾਜ਼ ਦੀ ਰੀਤ ਨਿਭਾਉਂਦੇ ਹੋਏ ਰੂਹ ਨਾਲ ਗੀਤ ਉਸ ਸਾਥ ਗਾ ਕਿ ਉਸ ਦਾ ਮਨ ਜਿੱਤਿਆ ਤੇ ਹੌਸਲਾ ਵਧਿਆ ਹੈ। ਗੋਗੀ ਨੂੰ ਪਤਾ ਹੈ ਕਿ ਪਾਲ ਸਿੱਧੂ ਉਸ ਨੂੰ ਚੋਟੀ ਤੇ ਲਿਜਾਉਣ ਲਈ ਅੱਛੇ ਗੀਤਾਂ ਦੀ ਚੋਣ, ਮਿਊਜਕ ਪਿਆਰਾ ਤੇ ਸੁੱਖਰੀਤ ਬੁੱਟਰ ਜਿਹੀਆਂ ਆਵਾਜ਼ ਇਸਤੇਮਾਲ ਕਰ ਰਿਹਾ ਹੈ ਤਾਂ ਹੀ ਗੋਗੀ ਤੇ ਪਾਲ ਸਿੱਧੂ ਦੀ  ਆਪਸੀ ਸੰਗੀਤਕ ਯਾਰੀ ਬੁਲੰਦ ਹੈ।

## ਭਗਵੰਤ ਕੰਗ ਪੰਜਾਬੀ ਓ ਟੀ ਟੀ ਦਾ ਬਾਦਸ਼ਾਹ

ਲਿਖਦਾ ਭਗਵੰਤ ਕੰਗ ਜਿਹਾ ਫ਼ਿਲਮਾਂ ਲਈ ਕੋਈ ਕੋਈ ਹੈ ਤੇ ਨਿਰਦੇਸ਼ਨ ਉਹ ਗੋਬਿੰਦ ਨਿਹਲਾਨੀ ਦੀ ਤਰਾਂ ਮਨੋਰੰਜਨ ਦੇ ਨਾਲ ਕਲਾਤਮਕ ਕੰਮ ਕਰਦਾ ਹੈ।



ਇੱਕ ਨਹੀਂ ਅਨੇਕ ਕਾਮਯਾਬ ਵੈੱਬ ਸੀਰੀਜ਼ ਦੇ ਚੁੱਕੇ ਭਗਵੰਤ ਕੰਗ ਦੀ ਕਦੇ "ਫਿਲਮੀ ਅੱਡਾ" ਤੇ ਕਦੇ ਚੌਪਾਲ ਟੀਵੀ ਤੇ ਵਾਚੋ ਤੇ ਬੱਲੇ ਬੱਲੇ ਹੁੰਦੀ ਹੈ। ਇਧਰ ਕੁਲਦੀਪ ਬੇਦੀ ਉਸ ਦੀ "ਉਜੜੇ ਖੂਹ ਦਾ ਪਾਣੀ" ਦੀ ਸਿਫਤ ਬੰਨ ਰਹੇ ਨੇ ਉਧਰ ਪੰਜਾਬੀ ਫ਼ਿਲਮ ਟੀ ਵੀ ਐਕਟਰ ਸੰਸਥਾ ਵੱਲੋ ਉਸ ਦੀ ਫ਼ਿਲਮ "ਗੁਨਾਹਾਂ ਦੇ ਫੁੱਲ" ਨੂੰ ਫ਼ਖ਼ਰ ਨਾਲ ਦਿਖਾਇਆ ਗਿਆ। ਭਗਵੰਤ ਕੰਗ ਨੇ ਜਸਮੀਨ ਬਰਨਾਲਾ ਨੂੰ ਰਸ਼ਮਿਕਾ ਮੰਦਾਨਾ ਬਣਾ ਦਿੱਤਾ ਏ ਪ੍ਰਭਜੋਤ ਰੰਧਾਵਾ ਤੇ ਕਿਰਨਾ ਖਾਨ ਨੂੰ ਚਮਕਾਇਆ ਹੈ।ਕੰਗ ਸਾਬ ਆਖਦੇ ਨੇ ਪਰਮਜੀਤ ਸਿੰਘ ਨਾਗਰਾ ਮੇਰੇ ਪ੍ਰਤੀਕ, ਜਸਬੀਰ ਰਿਸ਼ੀ ਮੇਰਾ ਹੌਸਲਾ ਤੇ ਸਤਿਆ ਸਿੰਘ ਧੜਕਨ ਹਨ ਜਦ ਕਿ ਗੁਰਪ੍ਰੀਤ ਕੌਰ ਕੰਗ ਦੇ ਮੋਹ ਨਾਲ ਚਲ ਸੋ ਚਲ ਹਾਂ। ਭਗਵੰਤ ਕੰਗ ਪੰਜਾਬੀ ਛੋਟੇ ਘਰ ਦੇ ਸਿਨੇਮਾ ਦੇ ਰਾਜਾ ਹਨ ਤੇ ਉਹਨਾਂ ਦੀਆਂ ਫ਼ਿਲਮਜ਼ ਇੱਕ ਦਿਨ ਵੱਡੇ ਵੱਡੇ ਐਵਾਰਡ ਪ੍ਰਾਪਤ ਕਰਨਗੀਆਂ ਲਿਖ ਕੇ ਲੈ ਲੋ।

## ਰਮਨ ਪੰਨੂ ਪੰਜਾਬ ਤੋਂ ਲੰਡਨ ਤੱਕ ਧੁੰਮਾਂ ਸਾਡੇ ਯਾਰ ਦੀਆਂ

ਮੁੱਕਦੀ ਗੱਲ ਤੇ ਢੁੱਕਦੀ ਗੱਲ ਇਹ ਹੈ ਕਿ ਗਾਇਕ ਤੇ ਫ਼ਿਲਮ ਨਾਇਕ ਰਮਨ ਪੰਨੂ ਨੂੰ ਵਿਦੇਸ਼ ਸ਼ੋ ਦੌਰਾਨ ਲੋਕਾਂ ਨੇ ਹੱਥੀਂ ਛਾਵਾਂ ਕੀਤੀਆਂ ਹਨ। ਰਮਨ ਪੰਨੂ ਦੇ ਸ਼ੋ ਲਗਾਤਾਰ ਹਿੱਟ ਰਹੇ ਹਨ ਤੇ ਰਮਨ ਪੰਨੂ ਦਾ ਰਾਜਵੀਰ ਸਮਰਾ ਵੱਲੋਂ ਨਵਾਂ ਗੀਤ "ਪੰਜਾਬ ਤੋਂ ਲੰਡਨ" ਚਰਚਿਤ ਖ਼ੂਬ ਹੋ ਰਿਹਾ ਹੈ ਤੇ ਇੱਕ ਹੋਰ ਟਰੈਕ ਵੀ ਤਕਰੀਬਨ ਲੋਕ ਪਸੰਦ ਬਣ ਰਿਹਾ ਹੈ। ਰਮਨ ਵਧੀਆ ਐਕਟਰ ਵੀ ਹੈ ਤੇ ਉਸ ਨੇ ਹਰਦੀਸ਼ ਕੌਰ ਬੈਂਸ ਨਾਲ ਲਘੂ ਫਿਲਮਾਂ ਕੀਤੀਆਂ ਨੇ ਤੇ "ਸਾਨੂੰ ਮਾਣ ਪੰਜਾਬੀ ਹੋਣ ਦਾ" ਚੌਪਾਲ ਟੀਵੀ ਚਲ ਰਹੀ ਹੈ। ਪੱਗ ਨਾਲ ਉਸ ਦੀ ਸਰਦਾਰੀ ਲੱਗਦੀ ਏ ਤੇ ਹੀਰਾ ਗਾਇਕ ਨਾਇਕ ਬਣ ਜਚਦਾ ਹੈ। ਰਮਨ ਪੰਨੂ ਜਲਦੀ ਵੱਡੇ ਪੱਧਰ ਤੇ ਇੱਕ ਟਰੈਕ ਕਰੇਗਾ ਤੇ ਪੰਜਾਬੀ ਦੀ ਐਸੀ



ਫ਼ਿਲਮ ਕਰੇਗਾ ਜਿਸ ਨਾਲ ਉਹ ਰਾਤੋ ਰਾਤ ਸਟਾਰ ਬਣ ਜਾਏ। ਰਮਨ ਪੰਨੂ ਦਾ ਨਾਮ ਇਸ ਸਾਲ ਦੇ ਅੰਤ ਤੱਕ ਚਰਚਿਤ ਗਾਇਕ ਤੇ ਨਾਇਕ ਵਜੋਂ ਹੋਏਗਾ।

## ਲਾਡੀ ਢਿੱਲੋਂ ਹੁਣ ਕਹਿੰਦਾ "ਇਸ਼ਕ ਕਮੀਨਾ"

ਦੋ ਤਿੰਨ ਲਗਾਤਾਰ ਵੀਡਿ  ਤੇ ਇਸ ਤੋਂ ਪਹਿਲਾਂ ਦੋ ਪੰਜਾਬੀ ਫ਼ਿਲਮਾਂ ਕਰ ਚੁੱਕੇ ਲਾਡੀ ਢਿੱਲੋਂ ਨਿਰਦੇਸ਼ਕ ਬਣ ਸ਼ੋਰਟ ਫ਼ਿਲਮਾਂ ਵਿੱਚ ਵੀ ਤਰੱਕੀ ਤੇ ਹਨ। "ਛੋਟਾ ਹੌਲਦਾਰ" ਨੇ ਚਰਚਾ ਦਿੱਤੀ ਤੇ "ਜ਼ੁਲਮ ਦੀ ਦਾਸਤਾਨ" ਨੇ ਨ੍ਹੇਰੀ ਲਿਆ ਦਿੱਤੀ। ਹੁਣ ਲਾਡੀ ਨੂੰ ਅਚਾਨਕ ਮਿਲੀ ਇੱਕ ਕੁੜੀ ਗੁਲਾਬ ਦੇ ਫੁੱਲ ਵਰਗੀ ਪ੍ਰਿਅੰਕਾ ਚੱਢਾ ਤੇ ਉਸ ਨੇ ਉਸ ਨੂੰ ਲਿਆ ਨਾਇਕਾ ਤੇ ਨਾਲ ਜੀਵਨ ਭੱਟੀ ਐਂਡ ਕੰਪਨੀ ਤਾਂ "ਇਸ਼ਕ ਕਮੀਨਾ" ਸ਼ੁਰੂ ਕੀਤੀ ਹੈ। ਕੈਮਰਾ ਹਰੀਸ਼ ਚੱਢਾ ਘੁਮਾ ਰਹੇ ਨੇ ਤੇ



ਕੁਲਜੀਤ ਘੁੰਮਣ ਨਿਰਮਾਤਾ ਹਨ।ਲਾਡੀ ਢਿੱਲੋਂ ਇਸ ਨੂੰ ਆਪਣੀ ਮਨੋਰੰਜਕ ਰੋਮਾਂਸ ਵਾਲੀ ਫ਼ਿਲਮ ਆਖਦੇ ਹਨ।ਲਾਡੀ ਢਿੱਲੋਂ ਨੇ ਕਿਹਾ ਕਿ ਇਸ ਤੋਂ ਬਾਅਦ ਉਹ ਵੱਡੀ ਪੰਜਾਬੀ ਫ਼ਿਲਮ ਕਰਨ ਵਾਲੇ ਹਨ ਤੇ ਉਹਨਾਂ ਨੂੰ ਬਹੁਤ ਆਸ ਹੈ ਕਿ ਪੰਜਾਬੀ ਫ਼ਿਲਮਾਂ ਦੀ ਦੁਨੀਆਂ ਬਤੌਰ ਨਿਰਦੇਸ਼ਕ ਉਹਨਾਂ ਦ ਭਰਵਾਂ ਸਾਥ ਦੇਵੇਗੀ। ਪ੍ਰਿਅੰਕਾ ਚੱਢਾ ਨੇ ਕਿਹਾ ਕਿ ਲਾਡੀ ਸਰ ਦੀ ਗੱਲ ਹੀ ਨਿਰਾਲੀ ਹੈ ਤੇ ਉਹ ਯੂਨਿਟ ਨੂੰ ਫੁੱਲਾਂ ਦੀ ਤਰਾਂ ਰੱਖਦੇ ਹਨ ਜਦ ਕਿ ਉਹਨਾਂ ਦ ਕੰਮ ਕਰਨ ਦਾ ਤਰੀਕਾ ਵੀ ਸ਼ਾਨਦਾਰ ਹੈ। ਰੱਬ ਦੀਆਂ ਰਖਾਂ  ਲਾਡੀ ਢਿੱਲੋਂ ਸ਼ੋਰਟ ਤੇ ਯੂਟਿਊਬ ਪੰਜਾਬੀ ਫ਼ਿਲਮਾਂ ਦੇ ਮੰਨੇ ਹੋਏ ਕਾਮਯਾਬ ਨਿਰਦੇਸ਼ਕ ਬਣਨ।

## ਰੂਪ ਕੌਰ ਦਾ ਰੂਪ ਪਾਲੀਵੁੱਡ ਲਿਸ਼ਕਾਰੇ ਮਾਰਨ ਲੱਗਾ

ਕਸ਼ਮੀਰ ਦੀ ਕਲੀ ਰੁਪਿੰਦਰ ਕੌਰ ਉਰਫ ਰੂਪ ਕੌਰ ਵਰਗੀ ਹੀ ਹੁੰਦੀ ਹੈ ਤੇ ਜੰਨਤ ਏ ਕਸ਼ਮੀਰ ਨਾਲ ਰੂਪ ਕੌਰ ਸੰਬੰਧਿਤ ਹੈ। ਫ਼ਿਲਮ ਨਿਰਦੇਸ਼ਕ ਅਸ਼ੋਕ ਮਲਹੋਤਰਾ ਆਖਦੇ ਨੇ 2026 ਤੱਕ ਰੂਪ ਕਰ ਦੇ ਰੂਪ ਨੇ ਪਾਲੀਵੁੱਡ ਧੁੰਮਾਂ ਪਾਈਆਂ ਸਮਝੋ ਤੇ ਰੂਪ ਕਰ ਸੁਪਰ ਨਾਇਕਾ ਬਣੇਗੀ। ਫ਼ਿਲਮ ਫੈਸਟੀਵਲ ਗੋਆ ਤਕ ਰੂਪ ਕੌਰ ਦਾ ਸੁਨਹਿਰਾ ਰੂਪ ਤੇ ਐਕਟਿੰਗ ਪਹੁੰਚੀ ਹੈ ਤੇ ਮਦਨ ਗਿੱਲ ਦੀ ਹਿੰਦੀ ਲਘੂ ਫ਼ਿਲਮ ਉਥੇ ਚਰਚਿਤ ਹੈ ਤੇ ਇਸ ਗੋਆ ਮੇਲੇ



ਵਾਲੀ ਫ਼ਿਲਮ ਨਾਲ ਰੂਪ ਕੌਰ ਦੇ ਚਰਚੇ ਫ਼ਿਲਮੀ ਬਜ਼ਾਰ ਹੋਣੇ ਸ਼ੁਰੂ ਹਨ। ਚੰਡੀਗੜ੍ਹ ਸ਼ਾਇਨ ਵੁਡ ਦੀ ਫ਼ਿਲਮ ਉਸ ਕੋਲ ਹੈ ਤੇ ਠਾਕੇ ਸ਼ਾਹ ਪਟਾਕਾ" ਕਮੇਡੀ ਲਘੂ ਫ਼ਿਲਮ ਅਸ਼ੋਕ ਮਲਹੋਤਰਾ ਨਾਲ ਕੀਤੀ ਹੈ। ਰੁਪਿੰਦਰ ਕੌਰ ਸਰਦਾਰਨੀ ਬਣ ਰੂਪ ਕੌਰ ਦੂਰਦਰਸ਼ਨ ਤੇ ਮੁਲਾਕਾਤਾਂ ਹਸਤੀਆਂ ਨਾਲ ਕਰ ਆਪਣੇ ਗੁਲਾਬੀ ਚਿਹਰੇ ਦੀ ਪਹਿਚਾਣ ਵਧਾ ਰਹੀ ਹੈ। ਹੁਣ ਉਹ ਅੰਮ੍ਰਿਤਸਰ ਰਹਿੰਦੀ ਹੈ ਤੇ ਜਿਸ ਨੂੰ ਅਸ਼ੋਕ ਮਲਹੋਤਰਾ ਜਿਹਾ ਤ ਜ਼ ਰ ਬ ੇ ਕ ਾ ਰ ਨਿਰਦੇਸ਼ਕ ਮਿਲ ਗਿਆ ਉਸ ਦੀ ਬੱਲੇ ਬੱਲੇ ਲਾਜ਼ਮੀ ਹੈ ਲਿਖ ਕੇ ਲੈ ਲ । ਭਖਦਾ ਕਸ਼ਮੀਰੀ ਸੇਬਾਂ ਜਿਹਾ ਚਿਹਰਾ ਰੂਪ ਕੌਰ, ਲਹਿਰਾਉ-ਂਦਿਆਂ ਜ਼ੁਲਫਾਂ ਤੇ ਸੂਹੇ ਰੰਗ ਵਾਲੀ ਰੂਪ ਕੌਰ ਦੀਆਂ ਅੱਖਾਂ ਵਿੱਚ ਕਾਮਯਾਬੀ ਦੀ ਉਡੀਕ ਨਜ਼ਰ ਆਉਂਦੀ ਹੈ।

# ਸਮਾਜਿਕ ਮੁੱਦਿਆਂ ਤੇ ਸ਼ੋਰਟ ਫ਼ਿਲਮਾਂ ਪਰ ਹੁੰਦੀਆਂ ਨੇ ਮਨੋਰੰਜਨ ਭਰਪੂਰ ਨਿਰਦੇਸ਼ਕ ਹਰਬੀਰ ਢੀਂਡਸਾ





ਫ਼ਿਲਮ ਮਨੋਰੰਜਨ ਦਾ ਜ਼ਰੀਆ ਪਰ ਜਦ ਮਨੋਰੰਜਨ ਦੇ ਨਾਲ ਹੀ ਸਮਾਜ ਦੇ ਹਲਾਤ, ਕਮੀਆਂ ਤੇ ਮੰਤਵ ਇਹਨਾਂ ਚੀਜ਼ਾਂ ਦਾ ਵਰਣਨ ਵੀ ਫ਼ਿਲਮ ਕਰੇ ਤਦ ਇਸ ਦਾ ਮੇਕਰ ਤਰੀਫ ਦਾ ਪਾਤਰ ਤੇ ਹਰਬੀਰ ਸਿੰਘ ਢੀਂਡਸਾ ਅਜਿਹੇ ਨਿਰਦੇਸ਼ਕ ਨੇ ਜਿਹਨਾਂ ਦਾ ਪੰਜਾਬੀ ਸ਼ੋਰਟ ਫ਼ਿਲਮਾਂ ਵਿੱਚ ਪੂਰਾ ਨਾਂ ਹੈ ਤੇ ਮਿਊਜ਼ਿਕ ਹੱਟ ਟੀਵੀ ਬੈਨਰ ਤੇ ਬਣਾਈਆਂ ਉਹਨਾਂ ਦੀਆਂ ਫ਼ਿਲਮਜ਼ ਹਰੇਕ ਵਰਗ ਪਸੰਦ ਕਰਦਾ ਹੈ। ਹਰਬੀਰ ਢੀਂਡਸਾ ਫ਼ਿਲਮ ਦੀ ਕਹਾਣੀ ਰਚਦੇ ਵੇਲੇ ਦਰਸ਼ਕ ਦੇ ਐਂਟਰਟੇਨਮੇਂਟ ਦਾ ਖਿਆਲ ਰੱਖਦੇ ਨੇ ਤੇ ਨਾਲ ਹੀ ਕੋਈ ਨ ਕੋਈ ਮੁੱਦਾ ਰੱਖ ਫ਼ਿਲਮ ਨੂੰ ਖੁਸ਼ੀ ਨਾਲ ਸਮਾਪਤ ਕਰਦੇ ਹਨ। ਹਰਬੀਰ ਢੀਂਡਸਾ ਨੇ ਭੈਣ ਭਰਾ ਦੇ ਪਿਆਰ ਤੇ ਫ਼ਿਲਮ ਕੀਤੀ  ਹਨਾਂ ਨੇ ਪੰਜਾਬ ਤੇ ਵਧਦੇ ਨਸ਼ੇ ਤੇ ਫ਼ਿਲਮ ਕੀਤੀ। ਉਹਨਾਂ ਦੀ ਫ਼ਿਲਮ, "ਇੱਕ ਦੁੱਖ ਹੋਰ ਸਹੀ" ਅੱਤੀ ਉੱਤਮ ਫ਼ਿਲਮ ਹੈ। ਹਰਬੀਰ ਢੀਂਡਸਾ ਨੇ ਔਰਤ ਨੂੰ ਮਜਬੂਤ  ਕਰਨ ਲਈ "ਅਣਖੀ ਔਰਤ" ਫ਼ਿਲਮ ਕੀਤੀ ਹੈ। ਯੂਟਿਊਬ ਤੇ ਹਰਬੀਰ ਢੀਂਡਸਾ ਦੀਆਂ ਫ਼ਿਲਮਜ਼ ਲਈ ਵਧੀਆ ਪ੍ਰਤੀਕਰਮ ਆਉਂਦੇ ਹਨ। ਉਹਨਾਂ ਕਹਾਣੀ ਅਨੁਸਾਰ ਕਲਾਕਾਰ ਲਏ ਨੇ ਪਰ ਕਈਆਂ ਨੂੰ ਉਤਸ਼ਾਹਿਤ ਕੀਤਾ ਜਿਹੜੇ ਬੁਢਾਪੇ ਵਿੱਚ ਨੇ ਪਰ ਇਥੇ ਸਾਰੇ ਹਰਬੀਰ ਢੀਂਡਸਾ ਜਿਹੇ ਨਹੀਂ। ਹੁਣ ਉਹ ਤਕਰੀਬਨ ਫ਼ਿਲਮ ਦੇ ਹਿਸਾਬ ਨਾਲ ਕਲਾਕਾਰ ਲੈਂਦੇ ਹਨ। ਫ਼ਿਲਮਜ਼ ਦੇ ਨਾਲ ਉਹ ਸਮਾਜ ਸੇਵਕ ਵੀ ਹਨ, ਹਰਬੀਰ ਸਿੰਘ ਢੀਂਡਸਾ ਦੀਆਂ ਇਹ ਫ਼ਿਲਮਾਂ ਜਲਦੀ ਕੋਈ ਐਵਾਰਡ ਲੈਣਗੀਆਂ ਤੇ ਇੱਕ ਦਿਨ ਉਹਨਾਂ ਦੀਆਂ ਫ਼ਿਲਮਜ਼ ਨੈੱਟ ਫਲਿਕਸ ਐਮਾਜ਼ੋਨ ਤੇ ਵੀ ਆ ਸਕਦੀਆਂ ਹਨ। ਹਰਬੀਰ ਢੀਂਡਸਾ ਦੇ ਨਿਰਦੇਸ਼ਕ ਕੈਰੀਅਰ ਲਈ ਦੁਆਵਾਂ ਤੇ ਨਿਰਮਾਤਾ ਬਣ ਉਹਨਾਂ ਲਈ ਕਾਮਨਾ ਕਿ ਉਹਨਾਂ ਦੀਆਂ ਫ਼ਿਲਮਜ਼ ਮੁਨਾਫ਼ੇ ਵਿੱਚ ਜਾਣ ਤਾਂ ਕਿ ਭਵਿੱਖ ਵਿੱਚ ਉਹ ਵੱਡੀਆਂ ਪੰਜਾਬੀ ਫ਼ਿਲਮਾਂ ਵੀ ਨਿਰਦੇਸ਼ਤ ਕਰਨ ਤੇ ਮਿਊਜ਼ਿਕ ਹੱਟ ਟੀਵੀ ਵੱਡੀ ਫ਼ਿਲਮ ਬਣਾਏ। ਕਰੋਨਾ ਵੇਲੇ ਕਲਾਕਾਰਾਂ ਦੀ ਮਦਦ, ਵੀਡਿ  ਗੀਤਾਂ ਦਾ ਨਿਰਦੇਸ਼ਕ ਬਣ ਕੰਮ ਤੇ ਸਾਹਿਤਕ ਰੁਚੀ ਵਾਲੇ ਹਰਬੀਰ ਢੀਂਡਸਾ ਦੀ ਮਹਿਬੂਬ ਜੀਵਨ ਸਾਥਣ ਪਰਮਜੀਤ ਕੌਰ ਉਹਨਾਂ ਦੀ ਊਰਜਾ ਹੈ, ਸ਼ਕਤੀ ਹੈ ਤੇ ਹਰਬੀਰ ਢੀਂਡਸਾ ਇੱਕ ਦਿਨ ਐਵਾਰਡ ਜੇਤੂ ਨਿਰਦੇਸ਼ਕ ਹੋਣਗੇ ਆਫ਼ਰੀਨ।

– ਅੰਮ੍ਰਿਤ ਪਵਾਰ

# ਨਾ ਉਪਦੇਸ਼ ਨਾ ਪ੍ਰਚਾਰ-ਸਿਰਫ ਇਕ ਨਿਜੀ ਤਜ਼ਰਬਾ !

ਸੰਨ 2004 ਵਿਚ ਅਮਰੀਕਾ ਜਾਣ ਤੋਂ ਪਹਿਲਾਂ ਕਿਤੇ ਕਾਹਲ਼ੀ ਜਾਣ ਵੇਲੇ ਹੀ ਮੈਂ ਦੰਦਾਂ ਵਾਲਾ ਬੁਰਸ਼ ਕਰ ਲੈਂਦਾ ਸਾਂ ਨਹੀਂ ਤਾਂ ਰੋਜ਼ਾਨਾ ਦਾਤਣ! ਉੱਥੇ ਜਾ ਕੇ ਦਾਤਣਾ ਛੁੱਟ ਗਈਆਂ। ਬੁਰਸ਼ ਕਾਫੀ ਚਿਰ ਤਾਂ ਚਲਦਾ ਰਿਹਾ ਪਰ ਫਿਰ ਮੇਰੇ ਬੁਰਸ਼ ਕਰਨ ਵੇਲੇ ਦੰਦਾਂ 'ਚੋਂ ਖੂਨ ਜਾਣ ਲੱਗ ਪਿਆ। ਚਿੱਟੇ ਪੇਸਟ ਦੀ ਚਿੱਟੀ ਝੱਗ ਬਣਨ ਦੀ ਥਾਂਹ ਲਾਲ ਲਾਲ ਝੱਗ ਨਿਕਲਣ ਲੱਗ ਪਈ! ਫਿਰ ਮੇਰੇ ਸੁੱਤੇ ਪਿਆਂ ਵੀ ਸਰ੍ਹਾਣੇ 'ਤੇ ਖੂਨ ਲੱਗਣ ਲੱਗ ਪਿਆ।

ਸੈਂਸੋਡਾਈਨ ਜਿਹੇ ਕਈ ਤਰਾਂ ਦੇ ਮਹਿੰਗੇ ਟੁੱਥਪੇਸਟ ਵੀ ਬਦਲ ਬਦਲ ਕੇ ਦੇਖ ਲਏ।ਡੈਂਟਿਸਟ ਵਲੋਂ ਦੱਸਿਆ ਗਿਆ ਮੈਡੀਕੇਟਿਡ ਪੇਸਟ ਵੀ ਵਰਤਿਆ ਤੇ ਕਈ ਤਰਾਂ ਦੀ ਦਵਾਈ ਨਾਲ ਗਰਾਰੇ ਵੀ ਕੀਤੇ ਪਰ ਦੰਦਾਂ 'ਚੋਂ ਖੂਨ ਆਉਣੋ ਬੰਦ ਨਾ ਹੋਇਆ।

ਇਸ ਵਾਰ ਪਿੰਡ ਆ ਕੇ ਮੈਂ ਬੁਰਸ਼ ਬਰਸ਼ ਪਰੇ ਰੱਖ ਕੇ ਰੋਜ਼ਾਨਾ ਨਿੰਮ ਦੀ ਤਾਜ਼ੀ ਦਾਤਣ ਕਰਨੀ ਸ਼ੁਰੂ ਕਰ ਦਿੱਤੀ। ਕੁੱਝ ਦਿਨਾਂ ਵਿਚ ਹੀ ਦੰਦਾਂ 'ਚੋਂ ਖੂਨ ਰਿਸਣਾ ਬੰਦ ਹੋ ਗਿਆ! ਅਠਾਹਠ ਸਾਲ ਦੀ ਉਮਰ 'ਚ ਗੰਨੇਂ ਵੀ ਖ਼ੂਬ੍ਹ ਚੂਪੇ ਤੇ ਹੁਣ ਭੁੱਜੇ ਦਾਣੇ ਵੀ ਚੱਬ ਲੈਨਾਂ !

ਨਿੰਮ ਦੀ ਦਾਤਣ ਕਰਨ ਵੇਲੇ ਇਕ ਦੋਸਤ ਵਲੋਂ ਦੱਸੀ ਤਕਨੀਕ ਮੁਤਾਬਕ ਦਾਤਣ ਕਰਨ ਤੋਂ ਪਹਿਲਾਂ ਪਿੱਛਿਉਂ ਚੱਪਾ ਕੁ ਦਾਤਣ ਤੋੜ ਕੇ ਵੱਖਰੀ ਰੱਖ ਲੈਂਦਾ ਹਾਂ। ਦਾਤਣ ਕਰਨ ਮਗਰੋਂ ਕੁਰ਼ਲੀਆਂ ਕਰਦਿਆਂ ਮੂੰਹ ਚੰਗੀ ਤਰਾਂ ਸਾਫ ਕਰਕੇ ਫਿਰ ਦਾਤਣ ਦਾ ਉਹ ਚੱਪਾ ਕੁ ਹਿੱਸਾ ਮੂੰਹ 'ਚ ਪਾ ਕੇ ਉਦੋਂ ਤੱਕ ਚਿੱਥੀ ਜਾਂਦਾ ਹਾਂ ਤੇ ਕੌੜਾ ਰਸਾ ਅੰਦਰ ਲੰਘਾਈ ਜਾਂਦਾ ਹਾਂ ਜਦ ਤੱਕ ਉਹਦੇ 'ਚੋਂ ਕੌੜਾ ਰਸ ਆਉਣਾ ਬੰਦ ਨਹੀਂ ਹੋ ਜਾਂਦਾ!

ਅਜਿਹਾ ਨਿੱਤ-ਕਰਮ ਕਰਨ ਨਾਲ ਮੇਰੇ ਦੰਦ ਵੀ ਠੀਕ ਹੋ ਗਏ ਤੇ ਸ਼ੂਗਰ ਵੀ ਨਾਰਮਲ ਹੋ ਗਈ!

ਐਂਵੇਂ ਨਹੀਂ ਕਿਸੇ ਨੇ ਇਹ ਟੋਟਕਾ ਲਿਖਿਆ ਹੋਇਆ-

'ਸੁਨਾ ਹੈ ਅਪਨੇ ਗਾਂਵ ਮੇਂ
ਰਹਾ ਨਾ ਅਬ ਵੋਹ ਨੀਮ।
ਜਿਸ ਕੇ ਆਗੇ ਮਾਂਦ ਥੇ
ਸਾਰੇ ਵੈਦ ਹਕੀਮ !!'

-ਤਰਲੋਚਨ ਸਿੰਘ ਦੁਪਾਲ ਪੁਰ
78146-92724

